ਬੱਜੇ ਘੰਟ ਭੇਰੀ ॥ ਭਰੇ ਭਾਮ ਭੇਰੀ ॥
ਰਣੰਕੇ ਨਿਸਾਣੰ ॥ ਕਣੰਕੇ ਕਿਕਾਣੰ ॥

ਘਾਹ ਦੀ ਢੇਰ ਉੱਤੇ ਧਰੇ ਹੋਏ ਘੰਟੇ ਅਤੇ, ਭੇਰੀਆਂ ਉਚੀ
ਉਚੀ ਵਜੇ। ਰਣ ਦੇ ਨਿਸ਼ਾਨ-ਧੌਂਸੇ ਦਹਾੜੇ।
ਘੋੜੇ ਹਿਣ ਹਿਣਾਏ।

Bells and kettle drums placed on huge heaps of piles of grass, sounded vigorously. The trumpets roared. The horses neighed

Digitized by Panjab Digital Library | www.panjabdigilib.org

91

ਧਹਾ ਧੂਹ ਧੋਪੰ ॥ ਟਕਾ ਟੂਕ ਟੋਪੰ ॥
ਕਟੈ ਚਰਮ ਬਰਮੰ ॥ ਪਲਿਯੋ ਛੱਤ੍ਰ ਧਰਮੰ ॥

ਠਾਹ ਠਾਹ ਤੋਪਾਂ ਚਲੀਆਂ। ਲੋਹੇ ਦੇ ਟੋਪ ਕੱਟ ਕੱਟ ਕੇ ਡਿੱਗੇ। ਲੱਖਾਂ ਤੇ ਲੱਖਾਂ ਵਰਮੀ ਵਾਂਗੂ ਕਟੀਆਂ ਗਈਆਂ। ਖੱਤ੍ਰੀਆਂ ਨੇ ਬੜੇ ਜੋਸ਼ ਨਾਲ ਯੁਧ ਕਰਕੇ ਆਪਣੇ ਧਰਮ ਦੀ ਪਾਲਣਾ ਕੀਤੀ।

The cannons boomed. The helmets were pierced and blown away. The bodies were slain and scattered in abundance. The Keshatriyas performed their high souled duty to the utmost earnestness and righteousness.

92

ਭਯੋ ਦੁੰਦ ਯੁਧੰ ॥ ਭਰਿਯੋ ਰਾਮ ਕ੍ਰੁੱਧੰ ॥
ਕਟੀ ਦੁਸਟ ਬਾਹੰ ॥ ਸੰਘਾਰਿਯੋ ਸੁਬਾਹੰ ॥

ਰਾਮ ਨੂੰ ਬੜਾ ਕ੍ਰੋਧ ਆਇਆ ਉਸ ਨੇ ਘਮਸਾਨ ਯੁੱਧ ਕੀਤਾ। ਦੁਸ਼ਟ ਸੁਬਾਹੂ ਦੀ ਬਾਂਹ ਕਟ ਕੇ ਉਸ ਨੂੰ ਧਰਤੀ ਵਿਚ ਮਿਲਾ ਦਿੱਤਾ

Rama the incarnate got furiously wroth and had a fierce and fiery fight with the demon. Ultimately he cut his mighty arm and threw him on the ground dead and finished.

93

ਤ੍ਰਸੈ ਦੈਂਤ ਭਾਜੇ ॥ ਰਣੰ ਰਾਮ ਗਾਜੇ ॥
ਭੂਅੰ ਭਾਰ ਉਤਾਰਯੋ ॥ ਰਿਖੀਸੰ ਉਬਾਰਯੋ ॥

ਰਣ ਵਿਚ ਜਿੱਤ ਕੇ, ਰਾਮ ਦੈਂਤਾ ਨੂੰ ਲਲਕਾਰਨ ਲੱਗੇ। ਭੈ ਦੇ ਮਾਰੇ ਸਾਰੇ ਦੈਂਤ ਭੱਜ ਉੱਠੇ। ਇਉਂ ਰਾਮ ਨੇ ਧਰਤੀ ਦਾ ਭਾਰ ਹੌਲਾ ਕੀਤਾ ਅਤੇ ਰਿਖੀਆਂ ਦੀ ਰਖਿਆ ਕਰਕੇ ਸਹਾਇਤਾ ਕੀਤੀ।

After being victorious and throwing down the mighty demon, Rama the incarnate, shouted and

Digitized by Panjab Digital Library | www.panjabdigilib.org

challenged the other demons. Out of fear all the demons took to their heels. Thus Rama restored peace on earth and protected the holy sages and saints.

94

ਸਬੈ ਸਾਧ ਹਰਖੇ ॥ ਭਏ ਜੀਤ ਕਰਖੇ ॥
ਕਰੈਂ ਦੇਵ ਅਰਚਾ ॥ ਰਰੈਂ ਬੇਦ ਚਰਚਾ ॥

ਸਾਰੇ ਮਹਾਤਮਾ ਖੁਸ਼ ਹੋਏ। ਜਿੱਤ ਦੇ ਸੋਹਲੇ ਗਾਣ ਲਗੇ।
ਨਿਧੱੜਕ ਹੋ ਕੇ ਜੱਗ ਦੀ ਪੂਜਾ ਕਰਨ ਅਤੇ ਵੇਦ-ਮੰਤ੍ਰ ਉਚਾਰਣ ਲੱਗੇ।

All the holy sages, saints and gods felt extremely thrilled. They sang songs in ecstasy of victory, they performed the holy sacrifice, held the worship ceremony and chanted Hymns from the holy Vedas.

95

ਭਯੋ ਜੱਗ ਪੂਰੰ ॥ ਗਏ ਪਾਪ ਦੂਰੰ ॥
ਸੁਰੰ ਸਰਬ ਹਰਖੇ ॥ ਧਨੰ ਧਾਰ ਬਰਖੇ ॥

ਇਉਂ ਜੱਗ ਸੰਪੂਰਨ ਹੋਇਆ। ਸਾਰੇ ਕਲ-ਕਲੇਸ਼ ਦੂਰ ਹੋਏ।
ਸਾਰੇ ਦੇਵ ਗਣ ਖਸ਼ ਹੋਏ। ਸਾਰਿਆਂ ਨੇ ਰਾਮ ਨੂੰ ਧੰਨ ਧੰਨ ਕੀਤਾ।

Thus fearlessly the holy yajna was performed and concluded. The distress and affliction was removed in full. The whole company of gods recited hymns in praise of the glory of Rama the incarnate.

ਇਤੀ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਰਾਮ ਅਵਤਾਰ ਕਥਾ
ਸੁਬਾਹੁ ਮਰੀਚ ਬਧਹ ਜਗਯ ਸੰਪੂਰਨ ਕਰਨੰ ਸਮਾਪਤੰ ॥

ਅਥ ਸੀਤਾ ਸੁਯੰਬਰ ਕਥਨੰ ॥

ਰਸਾਵਲ ਛੰਦ :

96

ਰਚਿਓ ਸੁਯੰਬ੍ਰ ਸੀਤਾ ॥ ਮਹਾ ਸੁੱਧ ਗੀਤਾ ॥
ਬਿਧੰ ਚਾਰ ਬੇਣੀ ॥ ਮ੍ਰਿਗੀ ਰਾਜ ਨੈਣੀ ॥

Digitized by Panjab Digital Library | www.panjabdigilib.org

ਰਾਜਾ ਜਨਕ ਦੀ ਪੁਤ੍ਰੀ ਸੀਤਾ, ਜਿਹੜੀ ਗੀਤਾ ਦੇ ਵਾਂਗ ਪਵਿਤ੍ਰ ਅਤੇ ਸੁਧ ਸੀ, ਜਿਹੜੀ ਮਿੱਠੇ ਬੋਲਾਂ ਨਾਲ ਹਿਰਦੇ ਨੂੰ ਵਿੰਨ ਦੇਂਦੀ ਸੀ ਅਤੇ ਹਿਰਣ ਦੀਆਂ ਅੱਖਾਂ ਵਾਂਗੂ ਜਿਸ ਦੀਆਂ ਅੱਖਾ ਸਨ, ਉਸ ਦਾ ਸੁਅੰਬਰ ਰਚਿਆ ਗਿਆ।

King Janak ordained a tournament for her daughter Sita, who was as pious and divine as Gita, as sweet tongued as honey and had most beautiful, big charming eyes like fawn.

97

ਸੁਣਿਓ ਮੋਨ ਨੇਸੰ ॥ ਚਤੁਰ ਚਾਰੁ ਦੇਸੰ ॥
ਲਯੋ ਸੰਗ ਰਾਮੰ ॥ ਚਲਿਯੋ ਧਰਮ ਧਾਮੰ ॥

ਮੁਨੀਸ਼ਵਰ ਵਿਸ਼ਵਾਮਿਤ੍ਰ ਨੇ, ਜਿਹੜਾ ਸਾਰੇ ਦੇਸ਼ਾਂ ਵਿਚ ਪ੍ਰਸਿੱਧ ਸੀ, ਸੁਅੰਬਰ ਦੀ ਬਾਬਤ ਸੁਣਿਆ, ਅਤੇ ਰਾਮ ਨੂੰ ਨਾਲ ਲੈ ਕੇ ਧਰਮ ਦੀ ਨਗ਼ਰੀ ਜਨਕ ਪੁਰੀ ਨੂੰ ਤੁਰ ਪਿਆ।

The most holy hermit Visvamitra who was well known and revered by all the kings, heard about it. Accompanied by Rama the incarnate, proceeded towards Janak Puri.

98

ਸੁਨੋ ਰਾਮ ਪਿਯਾਰੇ ॥ ਚਲੋ ਸਾਥ ਹਮਾਰੇ ॥
ਸੀਅ ਸੁਯੰਬਰ ਕੀਨੋ ॥ ਨ੍ਰਿਪੰ ਬੱਲ ਲੀਨੋ ॥

ਮੁਨੀ ਵਿਸ਼ਵਾਮਿਤ੍ਰ ਨੇ ਰਾਮ ਨੂੰ ਕਿਹਾ, "ਹੇ ਪਿਆਰੇ ਰਾਮ ਸੁਣ : ਰਾਜੇ ਜਨਕ ਨੇ ਆਪਣੀ ਬੇਟੀ ਸੀਤਾ ਦਾ ਸੁਅੰਬਰ ਰਚਿਆ ਹੈ, ਮੈਨੂੰ ਵੀ ਨਿਮੰਤ੍ਰਣ ਭੇਜਿਆ ਹੈ। ਤੂੰ ਵੀ ਮੇਰੇ ਨਾਲ ਚੱਲ।"

The holy Sage Visvamitra, entreated Rama the incarnate to accompany him, to proceed to King Janak's kingdom,where king Janak had arranged a tournament on the occasion of the marriage of his lovely daughter Sita, and where he had been invited.

Digitized by Panjab Digital Library | www.panjabdigilib.org

99

ਤਹਾਂ ਪ੍ਰਾਂਤ ਜਯੋ ॥ ਸੀਯਾ ਜੀਤ ਲੱਯੋ ॥
ਕਹੀ ਮਾਨ ਮੋਰੀ । ਬਨੀ ਬਾਤ ਤੋਰੀ ॥

"ਹੇ ਰਾਮ ਮੇਰਾ ਕਿਹਾ ਮੰਨ, ਚਲ ਉਸ ਪ੍ਰਾਂਤ ਵਿਚ ਚਲੀਏ
ਜਿੱਥੇ ਸੀਤਾ ਦਾ ਸੁਅੰਬਰ ਰਚਿਆ ਹੈ । ਉਥੇ ਸੀਤਾ ਨੂੰ
ਜਿੱਤ ਕੇ ਤੇਰੀ ਬੜੀ ਇੱਜ਼ਤ ਵਧੇਗੀ ।"

Then the hermit, devoutly entreated him
to accompany him to the province where arrangements
were made for the marriage of divine Sita. He
insisted him to participate in the ordeal
of the bow and win the glorious honour.

100

ਬਲੀ ਪਾਨ ਬਾਕੇ ॥ ਨ੍ਰਿਪਾ ਤੋ ਪਿਨਾਕੇ ॥
ਸੀਆ ਜੀਤ ਆਨੋ ॥ ਹਨੋ ਸਰਬ ਦਾਨੋ ॥

ਹੇ ਬਲੀ ਆਪਣੇ ਸ਼ਕਤੀ ਸ਼ਾਲੀ ਹੱਥਾਂ ਨਾਲ ਧਨੁੱਖ ਨੂੰ
ਤੋੜੋ, ਸਾਰਿਆਂ ਰਾਜਿਆਂ ਨੂੰ ਹਰਾ ਕੇ, ਸੀਤਾ ਨੂੰ ਜਿਤੋ ।

Break the bow, O mighty, with your valliant
power, defeating all the kings, hold
supremacy over all, distinguish yourself
to occupy the exalted place to get the most
honoured Sita.

101

ਤਿ ਰਾਮ ਸੰਗੇ ॥ ਸੁਹਾਏ ਨਿਖੰਗੇ ॥
ਗਏ ਜਾਇ ਠਾਢੇ ॥ ਮਹਾਂ ਮੋਦ ਬਾਢੈ ॥

ਰਾਮ, ਵਿਸ਼ਵਾ-ਮਿਤਰ ਦੇ ਨਾਲ ਗਏ । ਉਹਨਾਂ ਨੇ ਮੋਢੇ ਤੇ
ਤਰਕਸ ਤੀਰ ਸਜਾਏ ਹੋਏ ਸਨ । ਓਨ੍ਹਾਂ ਨੂੰ ਉਥੇ ਪੁਜ ਕੇ
ਬੜਾ ਹਰਸ਼ ਅਤੇ ਖ਼ੁਸ਼ੀ ਹੋਈ । ਉਨ੍ਹਾ ਨੂੰ ਸਨਮਾਨ ਸਹਿਤ ਉੱਚੀ
ਜਗ੍ਹਾ ਤੇ ਬਿਠਾਇਆ ਗਿਆ ।

Rama the incarnate, accompanied the noble
sage, with bow and quiver fastened at his

Digitized by Panjab Digital Library | www.panjabdigilib.org

side. He was delighted beyond measure and was seated on high and exalted place, particularly arranged in the assembly of nobles.

102

ਪੁਰ ਨਾਰਿ ਦੇਖੈ ॥ ਸਹੀ ਕਾਮ ਲੇਖੈ ॥
ਰਿਪੰ ਸੱਤ੍ਰ ਜਾਨੈ ॥ ਸਿਧੰ ਸਾਧ ਮਾਨੈ ॥

ਜਨਕ ਪੁਰੀ ਦੀਆ ਨਾਰੀਆਂ ਨੇ ਰਾਮ ਨੂੰ ਦੇਖਿਆ । ਉਨ੍ਹਾਂ ਨੂੰ ਉਹ ਕਾਮ ਦੇਵ ਦਾ ਅਵਤਾਰ ਲੱਗੇ। ਸ਼ਤ੍ਰੂਆ ਨੂੰ ਸਤ ਪ੍ਰਤੀਤ ਹੋਏ । ਸਿਧਾਂ ਨੂੰ ਉਹ ਸਿੱਧ ਰੂਪ ਲੱਗੇ ।

Every spectator in the assembly saw him as an embodiment of his own conception. The women saw him as an incarnation of the God of Love. The enemies beheld him as a fearful enemy. The divine asceties beheld him as perfect and accomplished

103

ਸਿਸੰ ਬਾਲ ਰੂਪੰ ॥ ਲਗਯੋ ਭੂਪ ਭੂਪੰ ॥
ਤਪਯੋ ਪਉਨ ਹਾਰੀ ॥ ਭਟੰ ਸਸਤ੍ਰ ਧਾਰੀ ॥

ਬਾਲਾਂ ਨੂੰ ਉਹ ਬਾਲ ਰੂਪ ਲੱਗੇ । ਰਾਜਿਆਂ ਨੂੰ ਮਹਾਰਾਜੇ । ਤਪਸਵੀਆਂ ਨੂੰ ਪਵਨ ਅਹਾਰੀ ਲੱਗੇ, ਯੋਧਿਆ ਨੂੰ ਸ਼ਾਸ਼ਤ੍ਰ ਧਾਰੀ ।

The children beheld him as an innocent child, The Kings perceived him as an exaulted king. The devotees beheld him as an epithet of devotion. The warriors beheld him as a gallent warrior.

104

ਨਿਸਾ ਚੰਦ ਜਾਨਿਯੰ ॥ ਦਿਨੰ ਭਾਨ ਮਾਨਿਯੰ ॥
ਰਣੰ ਰੁੱਦ੍ਰ ਪੇਖਿਯੰ ॥ ਸੁਭੰ ਇੰਦ੍ਰ ਦੇਖਿਯੰ ॥

ਰਾਤ ਨੂੰ ਚੰਦ੍ਰਮਾ ਸਮਾਨ ਲਗਦੇ । ਦਿਨ ਨੂੰ ਉਹ ਸੂਰਜ ਸਮਾਨ । ਰਣ ਵਿਚ ਉਹ ਸ਼ਿਵਜੀ ਸਮਾਨ ਲੱਗਦੇ ਅਤੇ ਦੇਵਤਿਆਂ ਵਿਚ ਇੰਦ੍ਰ ਸਮਾਨ ।

Digitized by Panjab Digital Library | www.panjabdigilib.org

To the night he appreared like a radient
full moon.
To the day as a bright sun.
To the battle he looked like the mighty
Lord Shiva.
To the gods like Indra the great.

105

ਸੁਰਤੰ ਬ੍ਰਹਮ ਜਾਨਿਯੋ ॥ ਦਿਜੰ ਬਿਯਾਸ ਮਾਨਿਯੋ ॥
ਹਰੀ ਬਿਸਨ ਲੇਖੇ ॥ ਸੀਆ ਰਾਮ ਦੇਖੇ ॥

ਗਿਆਨੀਆ ਨੂੰ ਉਹ ਬ੍ਰਹਮਾ ਲੱਗੇ । ਵਿਦਵਾਨਾਂ ਨੂੰ ਵੇਦ ਵਿਆਸ ।
ਅਵਤਾਰਾਂ ਨੂੰ ਵਿਸਨੂੰ ਦਾ ਅਵਤਾਰ ਲਗੇ, ਪਰੰਤੂ ਸੀਤਾ ਨੂੰ ਉਹ
ਆਪਣੇ ਪਤੀ ਪ੍ਰਤੀਤ ਹੋਏ ।

To the sages he appeared as an embodiment
of Knowledge, the Brahma. To the learned as
Ved Vyas. From the incarnations he appeared
to be Vishnu, the effulgent
But when Sita gazed on Rama, her love and joy
was unspeakable, the emotions of her heart
upsurged into passionate love for her Lord.

106

ਸੀਯਾ ਪੇਖ ਰਾਮੰ ॥ ਬਿਧਿ ਬਾਣ ਕਾਮੰ ॥
ਗਿਰੀ ਝੂੰਮ ਭੂੰਮੰ ॥ ਮਦੀ ਜਾਠ ਘੂੰਮੰ ॥

ਰਾਮ ਨੂੰ ਦੇਖਦਿਆਂ ਹੀ ਸੀਤਾ ਨੂੰ ਕਾਮ ਦੇ ਬਾਣਾਂ ਨੇ ਵਿੰਨ੍ਹ ਦਿਤਾ ।
ਉਹ ਘਾਇਲ ਹੋਈ ਹੋਈ ਧਰਤੀ ਉਤੇ ਝਿਉਂ ਝੂੰਮਦੀ ਹੋਈ ਡਿਗੀ ਜਿਵੇਂ
ਮਸਤੀ ਵਿਚ ਕੋਈ ਮਧੁਰਾਤਾ ਡਿਗਦਾ ਹੈ ।

On beholding Rama, Sita was pierced
with the sharp arrows of god of love.
Intoxicated and enraptured whith the high tides
of emotions of love she swinged, quivered,
and hilarated as if intoxicated.

Digitized by Panjab Digital Library | www.panjabdigilib.org

107

ਉਠੀ ਚੇਤ ਐਸੇ ॥ ਮਹਾ ਬੀਰ ਜੈਸ ॥
ਰਹੀ ਨੈਨ ਜੋਰੀ ॥ ਸਸ਼ਿ ਜਿਉ ਚਕੋਰੀ ॥

ਉਹ ਹੋਸ਼ ਵਿਚ ਆਕੇ ਇੰਉਂ ਉਠੀ ਜਿਵੇਂ ਕੋਈ ਯੋਧਾ ਜ਼ਖਮ ਖਾ ਕੇ ਉਠਦਾ ਹੈ । ਉਹ ਰਾਮ ਦੇ ਨੈਣਾ ਨੂੰ ਇਉਂ ਨਿਹਾਰਦੀ ਰਹੀ ਜਿਵੇਂ ਚਕੋਰ ਚੰਦ ਵੰਨੇ ਨਿਹਾਰਦਾ ਹੈ ।

She regained conciousness like a wounded gallent warrior.
She gazed and fixed her eyes upon Rama's Charm, like a patridge (Chakor) upon the autumnal moon.

108

ਰਹੇ ਮੋਹ ਦੋਨੋ ॥ ਟਰੇ ਨਾਹਿ ਕੋਨੋ ॥
ਰਹੇ ਠਾਢ ਐਸੇ ॥ ਰਣੰ ਬੀਰ ਜੈਸੇ ॥

ਦੋਵੇਂ ਮੋਹ ਦੇ ਬੰਧਨ ਵਿਚ ਬੰਨੇ ਗਏ । ਉਸ ਥਾ ਤੋਂ ਹਿੱਲ ਦੇ ਨਹੀ ਸਨ । ਇੱਕ ਦੂਜੇ ਨੂੰ ਇਉਂ ਨੈਣਾ ਦੇ ਤੀਰ ਮਾਰ ਰਹੇ ਸਨ, ਜਿਵੇਂ ਯੁੱਧ ਵਿਚ ਯੋਧੇ ਮਾਰਦੇ ਹਨ ।

Both were enraptured and ecstasized and their eyes were immovably fixed upon each other. The flash of beauty of the one gleaned and flashed like smote of an arrow of a mighty warrior for the other.

109

ਪਠੇ ਕੋਟ ਦੂਤੰ ।। ਚਲੇ ਪਉਣ ਪੂਤੰ ॥
ਕੁਵੇ ਭਾਂਨ ਡਾਰੇ ।। ਨਰੇਸੰ ਦਿਖਾਰੇ ॥

ਦੇਸਾਂ ਦੇਸਾਂ ਤੋਂ ਕਰੋੜਾਂ ਦੂਤ, ਪਵਨ ਦੀ ਤੇਜ਼ੀ ਵਾਂਗ ਆਏ । ਰਾਜੇ ਨੇ ਸਾਰਿਆਂ ਨੂੰ ਸ਼ਿਵਜੀ ਦਾ ਧਨੁਖ ਦਿਖਾਇਆ ਜਿਹੜਾ ਤੋੜਨ ਲਈ ਉਹ ਆਏ ਸਨ ।

Valliant Champions from all over the provinces, envoys of great places and Kingdoms

Digitized by Panjab Digital Library | www.panjabdigilib.org

reached with great speed of the air. King Janaka showed them the formidable and unyielding bow of great Shiva the purpose for which they had come.

110

ਲਯੋ ਰਾਮ ਪਾਨੰ ॥ ਭਰਯੋ ਧੀਰ ਮਾਨੰ ॥
ਹਸਿਓ ਐਂਚ ਲੀਨੰ ॥ ਉਭੈ ਟੂਕ ਦੀਨੰ ॥

ਜਦੋਂ ਰਾਮ ਨੇ ਰੂਪ-ਮਤੀ ਸੀਤਾ ਦੇ ਰੂਪ ਦਾ ਮਧ ਪਾਨ ਕੀਤਾ ਤਾਂ ਉਸ ਨੇ ਭਰਪੂਰ ਮਾਨ ਨਾਲ ਸ਼ਿਵ ਦੇ ਗੰਡੀਵ ਧਨੁਖ ਨੂੰ ਚੁਕਿਆ ਅਤੇ ਉਸ ਦੇ ਦੋ ਟੋਟੇ ਕਰ ਦਿਤੇ ।

With fixed gaze, Rama the incarnate devoured the sweetness of the beauty of Sita, full of inspiration of heavenly divine power he took up the mighty and formidable bow of Lord Shiva, with superlative ease, raised it aloft and drew it tight and in a moment broke it into two pieces.

111

ਸਬੈ ਦੇਵ ਹਰਖੇ ॥ ਘਨੰ ਪੁਹਪ ਬਰਖੇ ॥
ਲਜਾਨੇ ਨਰੇਸੰ ॥ ਚਲੇ ਆਪ ਦੇਸੰ ॥

ਸਾਰੇ ਦੇਵਤਿਆਂ ਨੂੰ ਬੜੀ ਖੁਸ਼ੀ ਹੋਈ ਉਹਨਾਂ ਫੁਲਾਂ ਦੀ ਬਰਖਾ ਤੀਤੀ । ਬਾਕੀ ਦੇ ਰਾਜੇ ਲੋਜਿਆ ਦੇ ਮਾਰੇ ਆਪਣੇ ਆਪਣੇ ਦੇਸ ਨੂੰ ਵਾਪਸ ਪਰਤ ਗਏ ।

There was jubiliation and music sung by gods and holy sages. There was joy and rejoicing, wreaths of multicoloured flowers were rained and showered on the glorious blessed Rama the incarnate,
The other contestants and study champions left in dismay.

112

ਤਬੈ ਰਾਜ ਕੰਨਿਆਂ ॥ ਤਿਹੂੰ ਲੋਕ ਧੰਨਿਆ ॥
ਧਰੇ ਫੂਲ ਮਾਲਾ ॥ ਬਰਿਓ ਰਾਮ ਮਾਲਾ ॥

Digitized by Panjab Digital Library | www.panjabdigilib.org

ਤਦ ਰਾਜ ਕੰਨਿਆਂ ਸੀਤਾ ਨੇ ਅਪਣੇ ਕਰ-ਕਮਲਾਂ ਵਿਚ ਜੈ ਮਾਲਾ ਪਕੜ ਰਾਮ ਦੇ ਗਲ ਵਿਚ ਪਾਈ ਅਤੇ ਉਸ ਨੂੰ ਵਰ ਲਿਆ। ਤਿੰਨਾ ਲੋਕਾਂ ਵਿੱਚ ਸੀਤਾ ਦੀ ਧੰਨ ਧੰਨ ਹੋਈ ।

Resplendently the princess of Love held in her lotus hands the garland of victory and invested the ennobling marriage wreath round the neck of Rama the victorious, and wedded him. Congratulations and blessings were showered on Sita, so much that the shouts re-echoed throughout the three worlds.

ਭੁਯੰਗ ਪ੍ਰਯਾਤ ਛੰਦ ॥

113

ਕਿਧੌਂ ਦੇਵ ਕੰਨਿਆਂ, ਕਿਧੌਂ ਬਾਸਵੀ ਹੈ ॥
ਕਿਧੌਂ ਜਛਨੀ ਕਿੰਨਰਨੀ ਨਾਗਨੀ ਹੈ ॥
ਕਿਧੌਂ ਗੰਧਬ੍ਹੀ ਦੈਤ ਯਾ ਦੇਵਤਾਸੀ ॥
ਕਿਧੌਂ ਸੂਰਜਾ ਸੁਧ ਸੋਧੀ ਸੋਧਾਸੀ ॥

ਜਦੋਂ ਰਾਮ ਨੇ ਸੀਤਾ ਦੀ ਸੁੰਦਰਤਾ ਨੂੰ ਦੇਖਿਆ ਤਾਂ ਅਨੁਭਵ ਕਰਨ ਲਗੇ ਕਿ ਕੀ ਇਹ ਕੋਈ ਦੇਵ ਕੰਨਯਾ ਹੈ । ਅਪਛਰਾ ਹੈ , ਇੰਦ੍ਰ ਦੇ ਦਰਬਾਰ ਦੀ ਗਾਇਕਾ ਹੈ, ਨਰਤਕੀ ਹੈ, ਜਾਂ ਕੁਬੇਰ ਦੇ ਦਰਬਾਰ ਦੀ ਦੇਵ ਕੰਨਯਾ ਹੈ ਯਾ ਕੋਈ ਅਤਿ ਸੁੰਦਰ ਨਾਗ ਕੰਨਿਯਾ ਹੈ।

When Rama the incarnate beheld the charm of the beauty of lovely Sita, he wondered if she was a nymph from the Court of Indra, a singer or a dancer or a demigod from the court of Kubera or a fairy from a fairy land.

114

ਕਿਧੌਂ ਜੱਛ ਬਿੰਦਆ ਧਰੀ ਗੰਧ੍ਰਬੀ ਹੈ ॥
ਕਿਧੌਂ ਰਾਗਨੀ ਭਾਗ ਪੂਰੇ ਰਚੀ ਹੈ ॥
ਕਿਧੌਂ ਸੁਵਰਨ ਕੀ ਚਿੱਤ੍ਰ ਕੀ ਪੁਤ੍ਰਕਾ ਹੈ ॥
ਕਿਧੌਂ ਕਾਮ ਕੀ ਕਾਮਨੀ ਕੀ ਪ੍ਰਭਾ ਹੈ ॥

Digitized by Panjab Digital Library | www.panjabdigilib.org

ਕੀ ਇਹ ਦੇਵ ਕੰਨਿਆਂ ਹੈ ਯਾ ਗਾਇਕਾ ਹੈ,
ਯਾਂ ਰਾਗਨੀ ਹੈ ਯਾਂ ਸੋਨੇ ਦੀ ਕੋਈ ਮੂਰਤੀ
ਹੈ। ਯਾਂ ਕਾਮ ਦੇਵ, ਇਸਤ੍ਰੀ ਦੇ ਰੂਪ ਵਿੱਚ ਸੋਭਾ ਦੇ
ਰਹੇ ਹਨ।

Is she a fairy, a nymph, a musician,
or a charming sketch of infinite
beauty, or a splash of the dazzling
radiance of god of love in the form of
Sita, the princess.

115

ਕਿਧੌਂ ਚਿਤ੍ਰ ਕੀ ਪੁਤ੍ਰਕਾ ਸੀ ਬਨੀ ਹੈ ॥
ਕਿਧੌਂ ਸੰਖਨੀ ਚਿੱਤ੍ਰੀ ਪਦਮਨੀ ਹੈ ॥
ਕਿਧੌਂ ਰਾਗ ਪੂਰੈ ਭਰੀ ਰਾਗ ਮਾਲਾ ॥
ਬਰੀ ਰਾਮ ਤੈਸੀ ਸੀਆ ਆਜ ਬਾਲਾ ॥

ਕੀ ਇਹ ਕੋਈ ਮੂਰਤੀ ਹੈ ਯਾਂ ਲਕਸ਼ਮੀ ਦਾ ਰੂਪ ਕੋਈ ਦੇਵੀ ਹੈ।
ਯਾਂ ਸ਼ੇਰਨੀ ਦੀ ਸੁਹਣੱਪ ਭਰੀ ਚਾਲ ਵਾਲੀ ਕੰਨਯਾਂ ਹੈ ਯਾਂ ਪਿਆਰ ਅਤੇ ਰੂਪ
ਮੱਧ ਵਿਚ ਭਰੀ ਸੁਰਾਹੀ ਹੈ। ਇਹੋ ਜਿਹੀ ਨੂਪਮਤੀ ਬਾਲਾ
ਨੂੰ ਰਾਮ ਨੇ ਅਜ ਵਰਿਆ।

The heavenly nymph which Rama the incarnate
wedded today, appeared like the picture of a
incomparable beauty a demigod demsel, or
a feast of grace, full of charm enraptured with
love and affection.

116

ਛਕੇ ਪ੍ਰੇਮ ਦੋਨੋ ਲਗ ਨੈਨ ਐਸੇ ॥
ਮਨੋ ਫਾਂਧ ਫਾਂਧੇ ਮ੍ਰਿਗੀ ਰਾਜ ਜੈਸੇ ॥
ਬਿਧੰ ਬਾਕ ਬੈਨੀ ਕਟੰ ਦੇਸ ਛੀਨੰ ॥
ਰੰਗੇ ਰੰਗ ਰਾਮੰ ਸੁਨੈਣੰ ਪ੍ਰਬੀਨੰ ॥

ਦੋਵੇਂ ਨੈਣਾ ਰਾਹੀਂ ਪ੍ਰੇਮ ਅੰਮ੍ਰਿਤ ਪਾਨ ਕਰ ਰਹੇ ਸਨ। ਰਾਮ
ਸੀਤਾ ਦੇ ਪ੍ਰੇਮ ਵਿਚ ਇਉਂ ਫਸੇ ਪਏ ਸਨ ਜਿਵੇਂ ਸ਼ੇਰ ਜਾਲ ਵਿੱਚ

Digitized by Panjab Digital Library | www.panjabdigilib.org

ਉਸ ਦੀ ਪਤਲੀ ਕਮਰ, ਉਸ ਦੇ ਸ਼ਹਿਦੋਂ ਮਿਠੇ ਬੋਲ, ਉਸ ਦਾ ਸੁੰਦਰ ਰੂਪ,
ਦੇਖ ਦੇਖ, ਰਾਮ, ਨੈਣ ਉਹਲੇ ਨਹੀਂ ਕਰ ਸਕਦੇ ਸਨ ।

Enraptured in admiration their eyes were immovably fixed. Rama, the incarnate, was encaptured in the illuminating love of the lovely and charming Sita like a lion in a cage. Her slander waist, her honeyed tongue and her dazzling charm fixed his eyes on her, and could not turn them away.

117

ਜਿਣੀ ਰਾਮ ਸੀਤਾ ਸੁਣੀ ਸੁੰਣ ਰਾਮੇ ॥
ਗਹੇ ਸ਼ਸਤ੍ਰ ਅਸਤ੍ਰੰ ਗਿਸਿਓ ਤਾਉਨ ਜਾਮੇ ॥
ਕਹਾ ਜਾਤ ਭਾਖਯੋ ਰਹੇ ਰਾਮ ਠਾਢੇ ॥
ਲਖੋਂ ਆਜ ਕੈਸੇ ਭਏ ਬੀਰ ਗਾਢੇ ॥

ਪਰਸ ਰਾਮ ਨੇ ਸੁਣਿਆ ਕਿ ਰਾਮ ਨੇ ਸੀਤਾ ਨੂੰ ਜਿਤ ਲਿਆ ਹੈ
ਅਸ਼ਤ੍ਰ ਸ਼ਸਤ੍ਰ ਸੰਭਾਲ ਉਹ ਉਸ ਪਾਸੇ ਤੁਰ ਪਿਆ । "ਉਹ ਕਿਹੜਾ
ਵਿਅਕਤੀ ਹੈ, ਜਿਸ ਨੇ ਮੇਰੇ ਗੁਰੂ ਦਾ ਧਨੁਸ਼ ਤੋੜਿਆ ਹੈ, ਦੇਖਦਾ ਹਾਂ
ਉਹ ਕਿਹੜਾ ਬੀਰ ਹੈ ?" ਉਸ ਨੇ ਕਿਹਾ ।

Paras Ram, having heard, of breaking the unyeilding and mighty bow, by Rama and being victorious in marrying charming Sita, flushed with furnace fire of smouldering wroth. He collected his armies and armaments and proceeded thither. Inflamed with fire he enquired as to who was valient enough to break the mighty bow of Lord Shiva.

ਭਾਖਾ ਪਿੰਗਲ ਦੀ ਸੁੰਦਰੀ ਛੰਦ :

118

ਭਟ ਹੁੰ ਕੇ ਧੁੰਕੇ ਬੰਕਾਰੇ ॥ ਰਣ ਬੱਜੇ ਗੱਜੇ ਨਗਾਰੇ ॥
ਰਣ ਹੁਲੱ ਕਲੱਲੰ ਹੁਲਾਲੰ ॥ ਢਲ ਹੱਲੇ ਦਲੰ ਉਛਾਲੰ ॥

ਯੋਧੇ ਉੱਚੀ ਉੱਚੀ ਗਰਜੇ । ਰਣ ਦੇ ਨਗਾਰੇ ਵਜੇ ।
ਕੋਲਾਹਲ ਮੱਚ ਗਿਆ । ਢਾਲਾਂ ਨੂੰ ਯੋਧੇ ਉਛਾਲਣ ਲੱਗੇ ।

Digitized by Panjab Digital Library | www.panjabdigilib.org

The albeit sturdy warriors roared and shouted. The drums were beaten. There was conclamation, turmoil and riot. They violently hurled and flinged their shields.

119

ਰਣ ਉਠੇ ਕੁੱਠੇ ਮੁਛਾਲੇ ॥ ਸਰ ਛੁਟੇ ਖੁਟੇ ਭੀਹਾਲੇ ॥
ਰੱਤ ਡਿੱਗੀ ਭਿੱਗੇ ਜੋਧਾਣੇ ॥ ਕੰਨਣੰਛੇ ਕਿਛੇ ਕਿਕਾਣੇ ॥

ਵਡੀਆਂ ਵਡੀਆ ਮੁੱਛਾਂ ਵਾਲੇ ਹੰਕਾਰੀ ਜਿਹੜੇ ਵੀ ਸਾਹਮਣੇ ਆਏ ਬੁਰੀ ਤਰਾਂ ਮਾਰੇ ਗਏ । ਯੋਧੇ ਲਹੂ ਲੁਹਾਣ ਹੋ ਕੇ ਡਿਗ ਪਏ । ਉਨ੍ਹਾਂ ਦੇ ਖਾਲੀ ਘੋੜੇ ਹਿਣਕਣ ਲੱਗੇ ।

All the Vailant warriors, with big moustaches and high pride, skillful in the art of worship, whosoever, came to fight were stained and killed.
The mighty warriors were mingled with dust in the pool of blood. The horses without their riders roamed about and neighed.

120

ਭੀਖਣਜੰ ਭੇਰੀ ਭੁਕਾਰੰ ॥ ਝਲਲੰ ਕੋ ਖੰਡੇ ਦੁਧਾਰੰ ॥
ਜੁਧੰ ਜੁਲਾਰੰ ਬੜਾੜੇ ॥ ਹੁਲਏ ਭਖਰੀਏ ਆਹਾੜੇ ॥

ਭੇਰੀਆਂ ਭਿਆਨਕ ਰੂਪ ਵਿਚ ਵੱਜਣ ਲਗੀਆਂ । ਤਲਵਾਰਾਂ ਚਮਕੀਆਂ । ਯੋਧੇ ਭਭਕਾਂ ਮਾਰ ਕੇ ਲੜਨ ਲੱਗੇ । ਬੜਾ ਹੱਲਾ ਗੁੱਲਾ ਮਚਿਆ ।

The Kettle drums played horrible tunes.
The Sabres glistened. The Warriors uproared and fought furiously enraged.

121

ਬਕੇ ਬਾਬੜੇ ਬੰਕਾਰੰ ॥ ਨਚੇ ਪਖਰੀਏ ਜੁਝਾਰੰ ॥
ਬਜੇ ਸੰਗ ਲੀਏ ਭੀਹਾਲੇ ॥ ਰਣ ਰੱਤੇ ਮੱਤੇ ਮੁਛਾਲੇ ॥

ਬਾਂਵਰੇ ਹੋਏ ਹੋਏ ਲੜਨ ਲੱਗੇ । ਯੋਧੇ ਤਲਵਾਰਾਂ ਨਾਲ ਨਚਣ ਲੱਗੇ । ਵਡੀਆਂ ਵਡੀਆਂ ਮੁਛਾਂ ਵਾਲੇ ਰਣ ਵਿਚ ਮਸਤ ਹੋਏ ਘਮਸਾਨ ਯੁਧ ਕਰਨ ਲੱਗੇ ।

Digitized by Panjab Digital Library | www.panjabdigilib.org

They fought like crazy and insane. With swords in hand they danced on the horrible death tune. Warriors with broad shoulders and long mostaches fought frightfully a terrible battle, in a dreadful fit of excitement.

122

ਉਡੱਲੀਏ ਕੱਛੀ ਕਛਾਲੇ ॥ ਉਡੇ ਜਾਣ ਪੱਧੇ ਪੱਛਾਲੇ ॥
ਜੁੱਟੇ ਭੱਟ ਛੁਟੇ ਮੁਛਾਲੇ ॥ ਰੁਲੀਏ ਆਹਾੜੰ ਪਖਾਲੇ ॥

ਕਛ ਦੇਸ਼ ਦੇ ਸੂਰਮੇ ਢਾਲਾਂ ਮਾਰ ਮਾਰ ਕੇ ਲੜਨ ਲੱਗੇ ।
ਉਹ ਪਬਾਂ ਦੇ ਭਾਰ ਉਡਦੇ ਜਾਂਦੇ ਦਿਸਦੇ । ਜਿਸ ਵੇਲੇ ਉਹ ਰਣ ਵਿਚ ਜੁੱਟੇ ਤਾਂ ਹੜਾਂ ਦੇ ਹੜ ਯੋਧੇ ਮਾਰੇ ਗਏ ।

The warriors belonging to Kachh State raged a furious battle. They were frantically up-roarious, they pounced upon violently. It appeared as if they were flying on toes. There was furious massacre and slaughter.

123

ਬੱਜੇ ਸੰਧੂਰੰ ਨਗਾਰੇ ॥ ਕੱਛੇ ਕਛੀਲੇ ਲੁੱਝਾਰੇ ॥
ਗਣ ਹੂਰੰ ਕੁਰੰ ਰੀਣਾਯੰ ॥ ਅੰਜਨਿੱਯੰ ਅੰਜੇ ਨੈਣਾਯੰ ॥

ਸੰਧੂਰੀ ਰਾਗ ਨਗਾਰੇ ਉਤੇ ਵੱਜੇ । ਜਦੋਂ ਕੱਛ ਦੇ ਸੂਰਮੇ ਲੜੇ ਤਾਂ ਸਾਰੇ ਰਾਹਾਂ ਤੇ ਹੂਰਾਂ, ਜਿਨਾਂ ਨੇ ਨੈਣਾਂ ਵਿਚ ਅੰਜਨ ਪਾਇਆ ਹੋਇਆਂ ਸੀ ਦੇਖਣ ਆਈਆਂ ।

When the drum played the martial tune and the warriors from the Kachh State fought the furious and uproarious battle, all the nymphs and fairies, who had applied colligrium to their eye lashes came to behold the hidious scene.

124

ਰਣਣੰਕੇ ਨਾਦ ਨਫੀਰੰ ॥ ਬੱਬਾੜੇ ਬੀਰੰ ਹਾ ਬੀਰੰ ॥
ਉਘੇ ਜਣ ਨੇਜੇ ਜੱਟਾਲੇ ॥ ਛੁੱਟੇ ਸਿਲ ਸਿੱਤਿਯੰ ਮੁਛਾਲੇ ॥

Digitized by Panjab Digital Library | www.panjabdigilib.org

ਨਫੀਰੇ ਜ਼ੋਰ ਜ਼ੋਰ ਦੀ ਵੱਜੇ । ਬਾਂਵਰੇ ਹੋਏ ਹੋਏ ਸੂਰਮੇ
ਗੁਥਮ ਗੁੱਥਾ ਹੋਏ । ਪ੍ਰਸਿਧ ਜੱਟਾ ਵਾਲੇ ਯੋਧੇ ਨੇਜ਼ੇ ਲੈ ਕੇ ਨਿਕਲੇ ।
ਮੁਛਾਂ ਵਾਲੇ ਯੋਧਿਆਂ ਨੇ ਚਮਕਦਾਰ ਪਥਰਾਂ ਦੇ ਤਿਖੇ ਤੀਰ ਛੱਡੇ ।

The clarionet sounded very loudly. In great rage and fury the warriors fought. The valient soldiers with matted locks of hair on the head, jumped in the battle field with long spears, and the furious men with long mostaches fought violently with sharp and bright, stoned arrows.

125

ਭਟ ਡਿੱਗੇ ਘਾਯੋ ਅਘਾਯੰ ॥ ਤਨ ਚਟੇ ਅੱਧੇ ਅੱਧਾਯੰ ॥
ਦਲ ਗੱਜੇ ਬੱਜੇ ਨਿਸਾਣੰ ॥ ਚੰਚਲੀਏ ਤਾਜੀ ਚੀਹਾਣੰ ॥

ਕਈ ਯੋਧੇ ਘਾਇਲ ਹੋ ਕੇ ਡਿੱਗ ਪਏ । ਕਈ ਡਰਪੋਕ ਡਰਦੇ
ਮਾਰੇ ਡਿੱਗ ਪਏ । ਕਈਆਂ ਦੇ ਸਰੀਰ ਅਧੋ ਅੱਧ ਕੱਟੇ ਗਏ ।
ਦੂਵੇਂ ਦਲ ਲਲਕਾਰਨ ਲੱਗੇ । ਤਾਜ਼ੀ ਘੋੜੇ ਹਿਣਕਣ ਲੱਗੇ ।

Many brave warriors lie wounded and injured. Those who were afraid and unsteady fluctuated and fell. Many were pierced and cut into halves. Still many, uproared and challenged furiously. The chargers kept neighing.

126

ਚਵ ਦਿੱਸੰ ਚਿਕੀ ਚਾਵੰਡੇ ॥ ਖੰਡੇ ਖੰਡਿਕੇ ਆਖੰਡੇ ॥
ਕੜ ਰੰਕੇ ਗਿੱਧੇ ਉਧਾਣੰ ॥ ਜੈ ਜੰਪੇ ਸਿੱਧ ਸੁਧਾਣੰ ॥

ਜਦੋਂ ਖੰਡੇ ਖੜਕੇ ਉਹਨਾਂ ਨੇ ਸੂਰਮਿਆਂ ਦੇ ਟੁਕੜੇ ਟੁਕੜੇ ਕਰ ਦਿੱਤੇ
ਇਲਾਂ ਚੀਕੀਆਂ, ਗਿਧਾ ਅਕਾਸ਼ ਵਿਚ ਉਡੀਆ ਅਤੇ ਰਿਸ਼ੀਆਂ
ਮੁਨੀਆਂ ਨੇ ਜੈ ਜੈਕਾਰ ਕੀਤੀ ।

When the sabres slashed, there was massacre and slaughter. The falcons screamed and screached. The vultures fluttered in excitement and agitation. Th

Digitized by Panjab Digital Library | www.panjabdigilib.org

sages and the saints applauded and exclaimed in joyful excitement.

127

ਫੂਲੇ ਜਣ ਕਿੰਸਕ ਬਾਸੱਤੰ ॥ ਰਣ ਰੱਤੇ ਸੂਰਾ ਸਾਮੰਤੰ ॥
ਡਿੱਗੇ ਰਣ ਸੁੰਡੀ ਸੁੰਡਾਣੰ ॥ ਧਰ ਭੂਰੰ ਪੂਰੰ ਮੁੰਡਾਣੰ ॥

ਰਣ ਵਿਚ ਰੱਤੇ ਸੂਰਮਿਆਂ ਦੇ ਚੇਹਰੇ ਬਸੰਤ ਰੁਤ ਵਿਚ ਖਿੜੇ ਕੇਸਰ ਦੇ ਫੁਲਾਂ ਵਾਂਗੂੰ ਟਹਿਕ ਰਹੇ ਸਨ । ਹਾਥੀਆਂ ਦੀਆਂ ਸੁੰਡਾਂ ਕਟੀਆਂ ਪਈਆਂ ਸਨ । ਕੱਟੇ ਹੋਏ ਸਿਰਾਂ ਨਾਲ ਧਰਤੀ ਭਰੀ ਪਈ ਸੀ ।

The faces of warriors fighting in the battle field appeared bright and vigorious like the saffron flower blossemed in the Spring. The trunks of the elephants were spread all over, it was horrible and ghastly scene to perceive. Heads extended all over the battle field in abundance.

ਮਧੁਰ ਧੁਨ ਛੰਦ ।

128

ਤਰ ਹਰ ਰਾਮੰ ॥ ਪਰ ਹਰ ਕਾਮੰ ॥
ਧਰ ਬਰ ਧੀਰੰ ॥ ਪਰ ਹਰਿ ਮੀਰੰ ॥

ਰਾਮ ਨੇ ਸਭ ਇਛਾਵਾਂ ਨੂੰ ਤਿਆਗ ਕੇ ਦੁਬਾਰਾ ਜੋਸ਼ ਭਰ ਕੇ ਲੜਾਈ ਕੀਤੀ । ਬੜੀ ਧੀਰਜ ਨਾਲ ਤੀਰ ਮਾਰੇ ।

Rama the incarnate, leaving all other desires, employed all his fresh energies, strength, force and vigour, with great endurance and perseverance, hurled the arrows again.

129

ਦਰ ਬਰ ਗਿਆਨੰ ॥ ਪਰ ਹਰ ਧਿਆਨੰ ॥
ਬਰ ਬਰ ਕੰਪੇ ॥ ਹਰ ਹਰ ਜੰਪੇ ॥

Digitized by Panjab Digital Library | www.panjabdigilib.org

ਰਾਮ ਨੂੰ ਕ੍ਰੋਧ ਵਿਚ ਦੇਖ ਕੇ ਕਿਸੇ ਨੂੰ ਗਿਆਨ ਧਿਆਨ ਨਾ ਰਿਹਾ ।
ਥਰ ਥਰ ਕੰਬਣ ਲੱਗੇ ਅਤੇ ਹਰੀ ਦਾ ਨਾਮ ਜਪਣ ਲੱਗੇ ।

Beholding Rama. the incarnate in furious temper and wrath, each one lost and forgot his strength of knowledge and power of concentration. They vibrated and trembled in fear and found remedy and relief only in prayers.

130

ਕ੍ਰੋਧੰ ਗਲਿਤੰ ॥ ਬੋਧੰ ਦਲਿਤੰ ॥
ਕਰ ਸਰ ਸਰਤਾ ॥ ਧਰ ਧਰ ਹਰਤਾ ॥

ਰਾਮ ਦੇ ਕ੍ਰੋਧ ਨੂੰ ਦੇਖ, ਬੁਧੀ ਨਿਕਾਰੀ ਹੋ ਗਈ ।
ਰਾਮ ਦੇ ਸਰਰ ਸਰਰ ਕਰਦੇ ਤੀਰ ਜਿਸ ਨੂੰ ਲੱਗਦੇ
ਉਹ ਧਰਤੀ ਉਤੇ ਲੇਟ ਜਾਂਦਾ ।

Perceiving Rama the incarnate in a fit of rage, the reasoning faculty of each one failed, his piercing arrows whizzlingly slipped from his bow and piercing the enemies threw them on the dust, dead for ever.

131

ਸਰ ਬਰ ਪਾਣੰ ॥ ਧਰ ਕਰ ਮਾਣੰ ॥
ਅਰ ਉਰ ਸਾਲੀ ॥ ਧਰ ਉਰ ਮਾਲੀ ॥

ਕਈ ਬਲੀ ਯੋਧੇ ਹੱਥ ਵਿਚ ਤੀਰ ਫੜ ਦੇ, ਉਸ ਨੂੰ ਕਮਾਣ
ਵਿਚ ਧਰਦੇ, ਪਰ ਰਾਮ ਦੇ ਤੀਰ ਲਗਦਿਆਂ ਸਾਰ ਹੀ ਛਾਤੀ
ਨੂੰ ਮਲਦੇ ਹੋਏ ਧਰਤੀ ਤੇ ਵਿੱਛ ਜਾਂਦੇ ।

Many brave and valient warriors would take up arrows and fix them in the bow. Rama the incarnate, with one shaft would pierce them in the chest, throwing them on the ground.

Digitized by Panjab Digital Library | www.panjabdigilib.org

132

ਕਰ ਬਰ ਕੋਪੰ ॥ ਬਰ ਹਰ ਧੋਪੰ ॥
ਗਰ ਬਦ ਕਰਣੰ ॥ ਘਰ ਬਰ ਹਰਣੰ ॥

ਰਾਮ ਦੇ ਹੱਥਾਂ ਵਿਚ ਫੜੇ ਸ਼ਸਤ੍ਰ ਵੀ ਉਸ ਦੇ ਕ੍ਰੋਧ ਵਿਚ ਕੰਬਣ ਲੱਗੇ। ਬੜੀ ਗੜ ਬੜ ਮੱਚੀ। ਲੋਕੀਂ ਘਰਾਂ ਤੋਂ ਨਸ ਪਏ।

The weapons and arms held in the mighty hands of Rama the incarnate trembled and quivered in fury and agitation. Great tumult upsurged and the inmates ran out of their dwellings.

133

ਛਰ ਹਰ ਅੰਗੰ ॥ ਚਰਖਰ ਸੰਗੰ ॥
ਜਰ ਬਰ ਜਾਮੰ ॥ ਤਰ ਹਰ ਰਾਮੰ ॥

ਉਚੀ ਅਵਾਜ ਨਾਲ ਤੋਪਾ ਦੀ ਠਾਹ ਠਾਹ ਹੋਈ। ਅੰਗ ਚੂੰਬਾ ਚੂੰਬਾਂ ਹੋ ਉਡਣ ਲੱਗੇ। ਪਰਸ ਰਾਮ ਜਲ ਬਲ ਗਿਆ। ਗਰਜ ਗਰਜ ਕੇ ਰਾਮ ਨਾਲ ਝਗੜਾ ਕਰਨ ਲੱਗਾ।

The cannons thundered and boomed,
The bodies were blown to pieces. Paras Ram in furious temper wrangled and scrabled with Rama the incarnate.

134

ਟਰ ਧਰ ਜਾਯੰ ॥ ਠਰ ਹਰ ਪਾਯੰ ॥
ਢਰ ਹਰ ਢਾਲੰ ॥ ਬਰ ਹਰ ਕਾਲੰ ॥

ਨਕਾਰੇ ਹੋ ਚੁੱਕੇ ਹਥਿਆਰਾਂ ਨੂੰ ਪਿੱਛੇ ਸੁਟਦਾ ਹੋਇਆ ਰਾਮ ਹੌਲੀ ਹੌਲੀ ਅੱਗੇ ਵਧਿਆ। ਕਦੀ ਢਾਲਾਂ ਨੂੰ ਖ਼ੜਕਾਂਦਾ ਸੀ, ਕਦੀ ਗੁੱਸੇ ਵਿਚ ਕਾਲ ਵਾਗੂੰ ਕੰਬਦਾ ਸੀ।

Abandoning all the useless and unserviceable arms, Rama the incarnate, advanced forward,

Digitized by Panjab Digital Library | www.panjabdigilib.org

gradually. He tinkled the Shields and often shivered in a fit of furious temper.

135

ਅਰ ਬਰ ਦਰਣੰ ॥ ਨਰ ਬਰ ਹਰਣੰ ॥
ਧਰ ਬਰ ਧੀਰੰ ॥ ਫਰ ਹਰ ਤੀਰੰ ॥

ਵੈਰੀਆਂ ਨੂੰ ਦਲਣ ਵਾਲਾ, ਹਕਾਰੀਆਂ ਦਾ ਨਾਸ ਕਰਨ ਵਾਲਾ,
ਧੀਰਜ ਧਾਰੀ, ਰਾਮ, ਤੀਰਾਂ ਨੂੰ ਫੁਆਨ ਲੱਗਾ ।

The destroyer of the enemies,
The distructor of the arrogents,
Excellent in persevearance and patienee,
Rama the incarnate fluttered the arrows.

136

ਬਰ ਨਰ ਦਰਣੰ ॥ ਭਰ ਹਰ ਕਰਣੰ ॥
ਹਰ ਹਰ ਰੜਤਾ ॥ ਬਰ ਹਰ ਗੜਤਾ ॥

ਬੁਰੇ ਮਨੁਖਾਂ ਨੂੰ ਮਾਰਨ ਵਾਲਾ । ਕਰਤਵਯ ਪਾਲਨ ਕਰਨ ਵਾਲਾ ।
ਸ਼ਤ੍ਰੂ ਤੋਂ ਹਰ ਹਰ ਕਰਾਉਣ ਵਾਲਾ । ਰੌਲਾ ਪਾ ਪਾ ਕੇ
ਗਜ਼ੱਨ ਲੱਗਾ ।

Destroyer of the evil and the unholy,
Exaulted in actions of righteousness and high souled duty, Rama the incarnate, thundered in uproarious fury, hearing, which the tough and indomitable enemy found shelter in prayers.

137

ਸਰ ਬਰ ਹਰਤਾ ॥ ਚਰ ਮਰ ਧਰਤਾ ॥
ਬਰ ਮਰ ਪਾਣੰ ॥ ਕਰ ਬਰ ਜਾਣੰ ॥

ਰਾਮ ਦੇ ਸਕਤੀ ਸਾਲੀ ਹਥਾਂ ਦਾ ਸੁਆਦ ਚੱਖ ਕੇ ਸ਼ਤ੍ਰੂ
ਧਰਤੀ ਤੇ ਲੇਟ ਜਾਂਦਾ ਅਤੇ ਮੌਤ ਰਾਣੀ ਨੂੰ ਵਿਆਹ ਲੈਂਦਾ।

With one arrow from the hands of the mighty and valient Rama, the incarnate, the enemy

Digitized by Panjab Digital Library | www.panjabdigilib.org

entered into the jaws of death and mingled with the dust.

138

ਹਰ ਬਰ ਹਾਰੰ ॥ ਕਰ ਬਰ ਬਾਰੰ ॥
ਗੜ ਬਡ ਰਾਮੰ ॥ ਗੜ ਬੜ ਧਾਮੰ ॥

ਜੋਰਾਵਰਾਂ ਨੂੰ ਹਰਨ ਵਾਲਾ । ਜ਼ੋਰ ਨਾਲ ਵਾਰ ਕਰਨ ਵਾਲਾ ਰਾਮ, ਨੇ ਜੋਸ਼ ਨਾਲ ਲਲਕਾਰਿਆ । ਉਸ ਸਮੇਂ, ਸਾਰੇ ਪਾਸੇ ਗੜ ਬੜ ਮੱਚੀ ਹੋਈ ਦਿਸੀ ।

There was confusion, tumult and alarm Rama, the destroyer of the mighty enemies, with passion enthusiusm re-echocd in the battleficld with zeal and effervescence.

ਚਰਪਟ ਛੀਗਾ ਦੇ ਆਦ ਕ੍ਰਿਤ ਛੰਦ ।

139

ਖੱਗੰ ਖਿਯਾਤਾ ॥ ਗਯਾਨੰ ਗਿਆਤਾ ॥
ਕਿਤ੍ਰੰ ਬਰਮਾ ॥ ਚਾਰੰ ਚਰਮਾ ॥

ਰਾਮ, ਤੇਗ ਦਾ ਧਨੀ, ਗਿਆਨ ਦਾ ਭੰਡਾਰ, ਵਹਮੇ ਦੀ ਤਰਾਂ ਸਰੀਰਾਂ ਨੂੰ ਛੇਕਣ ਵਾਲਾ, ਸਰੀਰਾਂ ਨੂੰ ਕੱਟ ਕੱਟ ਸੁਟਣ ਵਾਲਾ ।

Skilled in the art of Sword, Treasure of the knowledge of the supreme, Rama, was perfect in the art of piercing the bodies and was capable in the art of slaying.

140

ਸਾਸਤ੍ਰੰ ਗਿਯਾਤਾ ॥ ਸਸਤ੍ਰੰ ਖਿਯਾਤਾ ॥
ਚਿੱਤ੍ਰੰ ਜੋਧੀ ॥ ਜੁਧੰ ਕ੍ਰੋਧੀ ॥

ਸ਼ਾਸਤ੍ਰਾਂ ਨੂੰ ਜਾਨਣ ਵਾਲਾ, ਸਸਤ੍ਰ ਵਿਦਿਆ ਦਾ ਧਨੀ, ਵਡਾ ਜੋਧਾ, ਘਮਸਾਨ ਜੁਧ ਕਰਨ ਵਾਲਾ ।

Knower of the science of religion, Master in ths Science of archery,

Digitized by Panjab Digital Library | www.panjabdigilib.org

A mighty warrior, Perfect in the art of waging furious battles.

141

ਬੀਰੰ ਬਰਣੰ ॥ ਭੀਰੰ ਭਰਣੰ ॥
ਸੱਤ੍ਰੂੰ ਹਰਤਾ ॥ਅੱਤ੍ਰੂੰ ਧਰਤਾ ॥

ਸੂਰਮਿਆਂ ਨਾਲ ਲੜਨ ਵਾਲਾ, ਡਰਪੋਕਾਂ ਨੂੰ ਉਤਸ਼ਾਹ ਦੇਣ ਵਾਲਾ।
ਸ਼ਤ੍ਰੂਆਂ ਦਾ ਨਾਸ ਕਰਨ ਵਾਲਾ, ਧਰਮੀਆਂ ਦੀ ਰਖਿਆ ਕਰਨ ਵਾਲਾ।

Rama the incarnate.
Supreme in challenging the valients.
Inspiree of the timid, destroyer of the enemy
Supporter of the righteous and the holy.

142

ਬਰਮੰ ਬੇਧੀ ॥ ਧਰਮੰ ਛੇਦੀ ॥
ਛਤ੍ਰੂੰ ਹੰਤਾ ॥ ਅੱਤ੍ਰੂੰ ਗੰਤਾ ॥

ਧਰਮ ਦਾ ਨਾਸ਼ ਕਰਨ ਵਾਲਿਆਂ ਅਤੇ ਖਤ੍ਰੀਆਂ ਦਾ ਨਾਸ਼
ਕਟਨ ਵਾਲਿਆਂ ਨੂੰ ਵਰਮੀ ਦੀ ਤਰ੍ਹਾਂ ਵਿੰਨਕੇ ਧਰਮੀਆਂ ਦੀ
ਰਖਿਆ ਕਰਨ ਵਾਲਾ।

Annihilator of the destroyer of the righreous
Killer of those who were terror for the Kashatrias
Protector of the Pious and virtuous.
Rama the incarnate, pierced through like auger,
the destroyer of the just, and those who were
terror for the Khashatria race and and supported the
virtuous.

143

ਜੁਧੰ ਧਮੀ ॥ ਬੁਧੰ ਜ਼ਾਮੀ ॥
ਸਸ਼ਤ੍ਰੂੰ ਖਿਆਤਾ ॥ ਅਸਤ੍ਰੂੰ ਗਿਯਾਤਾ ॥

ਸ਼ਸ਼ਤ੍ਰਾਂ ਨੂੰ ਜਾਨਣ ਵਾਲਾ, ਅਸਤ੍ਰਾਂ ਨੂੰ ਚਲਾ ਸਕਣ ਵਾਲਾ
ਬੁਧੀਮਾਨਾ ਨੂੰ ਚਕ੍ਰਿਤ ਕਰ ਦੇਣ ਵਾਲਾ ਘਮਸਾਨ ਯੁਧ ਕਰਨ ਵਾਲਾ।

Skilled in the art of weapons.

Digitized by Panjab Digital Library | www.panjabdigilib.org

Tactician in armaments.
Dazzlingly intelligent, and
Perfect in raging furious battles.

144

ਜੁਧੰ ਮਾਲੀ ॥ ਕੀਰਤ ਸਾਲੀ ॥
ਧਰਮੰ ਧਾਮੰ ॥ ਰੂਪੰ ਰਾਮੰ ॥

ਜੰਗ ਜਿਤਨ ਵਾਲਾ ਉਪਮਾ ਜੋਗ,
ਅਤਿ ਧਰਮੀ, ਇਹ ਰਾਮ ਦਾ ਸਰੂਪ ਸੀ।

Rama the incarnate
Was most righteous, most adequate to be glorified, was Ever Victorious.

145

ਧੀਰੰ ਧਰਤਾ ॥ ਬੀਰੰ ਹਰਤਾ ॥
ਜੁਧੰ ਜੋਤਾ ॥ ਸਸਤ੍ਰੰ ਨੇਤਾ ॥

ਧੀਰਜ ਧਾਰੀ, ਦੁਖਾਂ ਨੂੰ ਦੂਰ ਕਰਨ ਵਾਲਾ,
ਜੁੱਧ ਜਿੱਤਣ ਵਾਲਾ, ਸਸਤ੍ਰ ਵਿਦਿਆ ਦਾ ਨੇਤਾ ।

Most patient, un provocative
Remover of the distress and the troubles,
Ever victorious in the battles and
Supreme leader in the science of archery.

146

ਦੁਰਦੰ ਗਾਮੀ ॥ ਧਰਮੰ ਧਾਮੀ ॥
ਜੋਗ ਜੁਵਾਲੀ ॥ ਜੋਤੰ ਮਾਲੀ ॥

ਘਮਸਾਨਾ ਤੋਂ ਨਾ ਡਰਨ ਵਾਲਾ, ਅਤਿ ਧਰਮੀ,
ਵਡਾ ਜੋਗੀ ਤੇਜ ਮਈ ਰੂਪ ਵਾਲਾ ਰਾਮ ਸੀ ।

Rama the incarnate was fearless in battles
Most righteous,
Chief among ascetics and was resplendent in glory.

Digitized by Panjab Digital Library | www.panjabdigilib.org

ਸਵੈਯਾ : ਪਰਸਰਾਮ ਬਾਚ :

147

ਤੁਣਕਸੇ ਕਟ ਚਾਪ ਧਰੇ ਅਰ ਹੋ. ਕੋਪ ਕਹੀ ਦਿਜ ਰਾਸ ਅਹੈ ॥
ਗ੍ਰਿਹ ਤੋਰ ਸਰਾਸਨ ਸੰਕਰ ਕੋ, ਸੀਯਾ ਜਾਤ ਹਰੇ ਤੁਮ ਕਉਨ ਕਹੈ ॥
ਬਿਨ ਸਾਚਕਹੇ ਨਹੀਂ ਪ੍ਰਾਨ ਬਚੈਂ, ਜਿਨ ਕੱਛ ਕੁਠਾਰ ਕੀ ਧਾਰ ਸਹੈ ॥
ਘਰ ਜਾਹੁ ਚਲੇ ਤਜ ਰਾਮ ਰੱਣੰ, ਜਿਨ ਜੂਝ ਮਰੇ ਪਲ ਠਾਢ ਰਹੈਂ ॥

ਪਰਸ ਰਾਮ ਨੇ ਮੋਢੇ ਉੱਤੇ ਧਨੁਖ ਰਖਿਆ ਹੋਇਆ ਸੀ । ਲੱਕ ਨਾਲ ਤੀਰ ਬੰਨੇ ਹੋਏ ਸਨ । ਉਸਨੇ ਕ੍ਰੋਧ ਵਿਚ ਰਾਮ ਨੂੰ ਕਿਹਾ, ਜਨਕ ਦੇ ਘਰ ਪਿਆ ਹੋਇਆ ਸਿਵਜੀ ਦਾ ਧਨੁਖ ਤੋੜ ਕੇ ਸੀਤਾ ਨੂੰ ਲਿਜਾਨ ਵਾਲਾ ਤੂੰ ਕੌਣ ਹੈ ? ਸੱਚੀ ਗੱਲ ਦੱਸ ਬਿਨਾ ਤੇਰੇ ਪ੍ਰਾਣ ਨਹੀਂ ਬੱਚ ਸਕਦੇ : ਨਹੀਂ ਤਾਂ ਕੁਹਾੜੇ ਨਾਲ ਮਾਰ ਦਿਆਗਾ । ਹੇ ਰਾਮ ਘਰ ਚਲਿਆ ਜਾ । ਜੇ ਇਕ ਪੱਲ ਵੀ ਹੋਰ ਠਹਿਰਿਆ ਤਾਂ ਮਾਰ ਦਿਆਂ ਗਾ ।

With a bow tied to his side and quiver slung by his waist. Paras Ram spoke in passion and enquired from Rama, the iucarnate, in a furious tone, about his identity as to who he was, who had broken the unformidable mighty bow of the great Shiva placed at the palace of King Janak, and thus was, victorious in getting Sita. Without telling the en re truth he would not be saved but killed with his sharp axe. With fire of smouldering wrath, Paras Ram, repeated again to Rama to go away he

,48

ਜਾਨਤ ਹੌਂ ਅਵਿਲੱਕ ਮੁਤੇ, ਹਠਿ ਏਕ ਬਲੀ ਨਹੀਂ ਠਾਢ ਰਹੈਂਗੋ ॥
ਭਾਤ ਗਹਿਯੋ ਜਿਨ ਕੋ ਤ੍ਰਿਣ ਦਾਤਨ, ਤੇ ਨਾ ਕਹਾਂ ਰਣ ਆਜ ਗਹੈਂਗੋ ॥
ਧੰਬ ਬਜੇ ਰਣ ਧੰਭ ਗਡੇ, ਗਹਿ ਹਾਥ ਹਥਿਆਰ ਕਹੁ ਉਮ ਹੈਗੋ ॥
ਭੂਮ ਅਸਾਨ ਪਤਾਲ ਦੁਰੈਧੰ, ਕੋ ਰਾਮ ਕਹੋ ਕਹ ਠਾਮ ਲਹੈਗੋ ॥

ਪਰਸ ਰਾਮ ਨ ਕਿਹਾ, "ਮੈਨੂੰ ਜਾਨਦਾ ਹੈ ? ਕਿਸੇ ਇਕ ਸੂਰਮੇ ਦਾ ਹੱਠ ਵੀ ਮੇਰੇ ਅੱਗੇ ਟਿਕ ਨਹੀਂ ਸਕਿਆ । ਤੇ ਜਿਸਦੇ ਪਿਤਾ ਨੇ ਮੇਰੇ

Digitized by Panjab Digital Library | www.panjabdigilib.org

ਸਾਹਮਣੇ ਦੇਂਦਾ ਵਿੱਚ ਘਾਹ ਫੜਿਆ ਸੀ ਉਹ ਮੇਰੇ ਨਾਲ ਕਿਵੇਂ ਲੜੇਗਾ ?
ਜਦੋਂ ਜੰਗ ਦਾ ਨਗਾਰਾ ਵੱਜਾ, ਅਤੇ ਪਰਸ ਰਾਮ ਮੈਦਾਨ ਵਿਚ ਖੰਬੇ
ਵਾਂਗੂ ਆ ਗਡਿਆ ਤਾਂ ਕਿਸਦੀ ਹਿੰਮਤ ਹੋਵੇਗੀ ਹਥਿਆਰ ਚੁਕਣ ਦੀ ।
ਉਸ ਵੇਲੇ ਹੇ ਰਾਮ, ਭੂਮੀ, ਅਕਾਸ਼ ਯਾਂ ਪਤਾਲ ਵਿੱਚ ਕਿਧਰੇ ਵੀ
ਤੇਨੂੰ ਲੁਕਣ ਦੀ ਥਾਂ ਨਹੀਂ ਮਿਲਨੀ ।

Paras Ram shouted in furious tone to Rama and enquired, if he knew his might, which was incompetable to any mightiest of the mighty valient, consequently unmeasurable to the might of one whose father could not face him in the battle. When the trumpets played and Paras Ram entered the battle field no one will have the nerves to face his gallicism. "Where will you flee O, Rama, the earth, hell or heaven will offer no place to hide yourself."

149

ਕਵਿ ਵਾਚੁ :

ਯੋ ਸੁਬ ਬੈਨ ਸੁਨੇ ਅਰਿਕੇ, ਤਬ ਸ੍ਰੀ ਰਘੁਬੀਰ ਬਲੀ ਬਲਕਾਨੇ ॥
ਸਾਤ ਸਮੁੰਦ੍ਰਨ ਲੇ ਗਿਰਵੇ, ਗਿਰ ਭੂਮ ਅਕਾਸ ਦੇਊ ਬਹਰਾਨੇ ॥
ਜੱਛ ਭੁਜੰਗ ਦਿਸਾ ਬਿਦਸਾਨ ਕੇ, ਦਾਨਵ ਦੇਵ ਦੁਹੂੰ ਡਰਮਾਨੇ ॥
ਸ੍ਰੀ ਰਘੂਨਾਥ ਕਮਾਨ ਲੈ ਹਾਥ, ਕਹੋ ਕਿਸਕੇ ਕਿਹ ਪੈਂਸ ਰਤਾਨੇ ॥

ਜਿਸ ਵੇਲੇ ਹਠੀ ਪਰਸ ਰਾਮ ਦੇ ਬੋਲ ਰਾਮ ਨੇ ਸੁਣੇ, ਤਾਂ ਮਹਾਂ ਬੀਰ
ਰਘੂਬੀਰ ਬੋਲੇ, "ਅਕਾਸ਼ ਜਿਡੇ ਵਡੇ ਵਡੇ ਪਹਾੜ, ਸੱਤਾਂ ਸਮੁੰਦਰਾਂ ਦੇ ਅੰਦ
ਧੱਸ ਗਏ ਹਨ । ਧਰਤੀ, ਅਕਾਸ਼, ਪਤਾਲ, ਚਾਰੋਂ ਪਾਸੇ ਦੇ ਲੋਕ ਮੈਥੋਂ
ਡਰਦੇ ਹਨ, ਹੁਣ ਕਮਾਨ ਨੂੰ ਹੱਥ ਵਿਚ ਲੈ, ਦੱਸ ਮੈਂ ਕਿਧਰ ਚਲਾਵਾਂ ?

Rama the incarnate, on hearing the arrogent speech of the haughty Paras Ram, retorted that those who were like high and mighty mountains, had fallen deep into the ocean. All the gods, Nagas and the demons were afraid of him, he challenged him to show him the place where to shaft his bow.

Digitized by Panjab Digital Library | www.panjabdigilib.org

150

ਪਰਸਰਾਮ ਵਾਚ ਰਾਮ ਸੋਂ ॥

ਜੋਂਤਕ ਬੈਨ ਕਹੇ ਸੁ ਕਹੇ, ਜੁਪੈ ਫੇਰ ਕਹੇ ਜੁਪੈ ਜੀਤਨ ਜੈਹੋ ॥
ਹਾਥ ਹਥਿਆਰ ਗਹੇ ਸੁ ਗਹੇ, ਜੁ ਪੈ ਫੇਰ ਗਹੇ ਜੁਪੈ ਫੇਰਨ ਲੈਹੈ ॥
ਰਾਮ ਰਿਸੇਰਣ ਮੈਂ ਰਘੁਬੀਰ, ਕਹੋ ਭਜ ਕੈ ਕਤ ਪ੍ਰਾਨ ਬਚੈ ਹੋ ॥
ਤੋਰ ਸਰਾਸਨ ਸੰਕਰ ਕੋ, ਹਰ ਸੀਯ ਚਲੈ ਘਰ ਜਾਨ ਨਾ ਪੈਹੋ ॥

ਪਰਸ ਰਾਮ ਨੇ ਰਾਮ ਨੂੰ ਕਿਹਾ, 'ਜਿਹੜੇ ਬਚਨ ਤੂੰ ਹੁਣ ਕਹੇ ਹਨ, ਸੋ ਕਹੇ ਹਨ, ਜੇ ਹੋਰ ਕਹੇ ਤਾਂ ਜਿਤਨ ਜੋਗਾ ਨਹੀਂ ਛਡਾਂ ਗਾ । ਜਿਹੜੇ ਹਥਿਆਰ ਤੂੰ ਫੜੇ ਹਨ, ਸੋ ਫੜੇ ਹਨ, ਜ ਕਰ ਫੇਰ ਫੜੇ ਤਾਂ ਫੜਨ ਜੋਗਾ ਨਹੀਂ ਛਡਾਂਗਾ । ਰਾਮ ਹੁਣ ਰਣ ਵਿੱਚ ਆ ਕੇ ਪ੍ਰਾਣ ਬਚਾਕੇ ਕਿਥੇ ਜਾਵੇਂਗਾ । ਸੰਕਰ ਦੇ ਧਨੁਸ ਨੂੰ ਤੋੜ, ਸੀਤਾ ਨੂੰ ਘਰ ਲੈ ਕੇ ਜਾਣ ਨਹੀਂ ਦਿਆਂਗਾ ।"

Paras Ram replied in fury to Rama that he was demented and perverse. He should stop his senseless and reckless words. Another moment he shall be in the jaws of death. He should surrender his arms and learn about his glory, might and fierceness of his temper. If he still perssited to fight, and did not restrain his passion, he shall not be allowed to take Sita along, although he has broken the Siva's mighty b

151

ਰਾਮ ਵਾਚ ਪਰਸਰਾਮ ਸੋਂ ॥

ਸਵੈਯਾ:-

ਬੋਲ ਕਹੇ ਸੁ ਸਹੇ ਦਿਜ ਜੂ, ਜੁਪੈ ਫੇਰ ਕਹੇ ਤੁ ਪੈ ਪ੍ਰਾਨ ਖੋ ਹੋ ॥
ਬੋਲਤ ਐਠ ਕਹਾ ਸਠ ਜਿਉ ਸਭ ਦਾਤ ਤੁਰਾਇ ਅਬੈ ਘਰ ਜੋ ਹੋ ॥
ਧੀਰ ਤਬੈ ਲਹਿ ਹੈ ਤੁਮ ਕਉਂ ਜਬ ਭੀਰ ਪਰੀ ਇਕ ਤੀਰ ਚਲੋ ਹੋ ॥
ਬਾਤ ਸਭਾਰ ਕਹੋ ਮੁਖ ਤੇ, ਇਨ ਬਾਤਨ ਕੋ ਅਬ ਹੀ ਫਲ ਪੈ ਹੋ ॥

ਰਾਮ ਨੇ ਪਰਸ ਰਾਮ ਨੂੰ ਕਿਹਾ, "ਜਿਹੜੇ ਬੋਲ ਤੂੰ ਕਹੇ ਹਨ ਉਹ ਮੈਂ ਸਹੇ ਹਨ, ਜੇ ਫੇਰ ਕਹੇ ਤਾਂ ਜਾਨ ਗੁਆ ਲਵੇਂਗਾ । ਮੂਰਖਾ ਵਾਗੂ

Digitized by Panjab Digital Library | www.panjabdigilib.org

ਆਕੜ ਕੇ ਕਿਉ ਬੋਲਦਾ ਹੈਂ, ਸਾਰੇ ਦੰਦ ਤੋੜ ਕੇ ਘਰ ਭੇਜ ਦਿਆਂਗਾ ।
ਤਦ ਹੀ ਤੈਨੂੰ ਤਸੱਲੀ ਹੋਵੇਗੀ ਜਦ ਲੜਾਈ ਵਿੱਚ ਇਕ ਤੀਰ ਚਲਾਣ
ਜੋਗਾ ਨਾ ਛਡਿਆ । ਮੂੰਹ ਤੋਂ ਸੰਭਾਲ ਕੇ ਗੱਲ ਕਰ ਨਹੀਂ ਤੇ ਹੁਣੇ
ਇਹਨਾਂ ਗਲਾਂ ਦਾ ਸਵਾਦ ਚਖਾ ਦੇਵਾਂਗਾ ।

Rama the incarnate, replied to Paras Ram that if he repeated his rude speech, which he had patiently heard, he would loose his life, the next moment. He would be set to permanet rest, he would be tormented fiercely and would be made helpless to take up arms. If he was not sensible enough, he shall be dragged into the jaws of death for his sharp tongue.

152

ਪਰਸ ਰਾਮ ਵਾਚੁ ।

ਸਵੈਯਾ :

ਤਉ ਤੁਮ ਸਾਚ ਲਖੋ ਮਨ ਮੈਂ, ਪ੍ਰਭ ਜਉ ਤੁਮ ਰਾਮ ਅਵਤਾਰ ਕਹਾਓ ॥
ਕੁੰਦ ਕੁਵੰਡ ਬ੍ਰਿਹੰਡ ਕਰਯੋ, ਜਿਮ ਤਿਉਂ ਅਪਨੋ ਬਲ ਮੋਹਿ ਦਿਖਾਓ ॥
ਤੋਹੀ ਗਦਾ ਕਰ ਸਾਰੰਗ ਚਕ੍ਰ, ਲਤਾ ਭ੍ਰਿਗ ਕੀ ਉਰ ਮੱਧ ਸੁਹਾਓ ॥
ਮੋਰੇ ਉਤਾਰ ਕੁਵੰਡ ਮਹਾਬਲ, ਮੋਹੁ ਕਉ ਆਜ ਚੜਾਇ ਦਿਖਾਓ ॥

ਪਰਸ ਰਾਮ ਨੇ ਕਿਹਾ, ਤਾਂ ਤੇ ਤੂੰ ਸੱਚ ਹੀ ਸਮਝੀ ਬੈਠਾ ਹੈਂ ਕਿ ਤੂੰ
ਰਾਮ ਅਵਤਾਰ ਹੈ । ਜਿਵੇਂ ਤੂੰ ਸਿਵਜੀ ਦੇ ਧਨੁਖ ਨੂੰ ਤੋੜਕੇ ਅਪਣੀ ਸ਼ਕਤੀ
ਦਿਖਾਈ ਹੈ ਤਾਂ ਮੈਂ ਤੈਨੂੰ ਚਕਰਧਾਰੀ ਵਿਸਨੂੰ ਦਾ ਅਵਤਾਰ ਮੰਨਾ, ਜੇ
ਮੇਰੇ ਬਜੁਰਗਾਂ ਦੇ ਕਰੜੇ ਧਨੁਖ ਨੂੰ ਤੋੜਕੇ ਦਿਖਾਵੇ ।

Again Paras Ram exclaimed in comtemtuous rage, to Rama that he should forget himself to be Rama, the incarnation of Vishnu the effulgent, by breaking the bow of Lord Shiva. His doubts could only be removed if he drew the mighty and formidable bow of Lord Vishnu the effulgent, belonging to his ancestors.

Digitized by Panjab Digital Library | www.panjabdigilib.org

153

ਕਵਿ ਵਾਚ ॥

ਸਵੈਯਾ ॥

ਸ੍ਰੀ ਰਘੁਬੀਰ ਸਿਰੋਮਣ ਸੂਰ, ਕੁਵੰਡ ਲਯੋ ਕਰ ਮੈਂ ਹਸ ਕੈ ॥
ਲਯੋ ਚਾਪ ਚਟਾਕ ਚੜਾਦਿ ਬਲੀ, ਖਟ ਟੂਕ ਕਰਿਯੋ ਛਿਨ ਮੈ ਕਸ ਕੈ ॥
ਨਭ ਕੀ ਗਤਿ ਤਾਹਿ ਹਤੀ ਸਰਸੋਂ ਅਧ ਬੀਚ ਹੀ ਬਾਤ ਰਹੀ ਬਸ ਕੈ ॥
ਨਭ ਸਾਤ ਕਛੂ ਨਟ ਕੈ ਬਟ ਸਯੋ, ਭਵ ਪਾਸ ਨਿਸੰਗ ਰਹਿਯੋ ਫਸ ਕੈ ॥

ਉਸ ਸਮੇਂ ਬਹਾਦਰਾਂ ਦੇ ਸਿਰੋਮਣੀ ਰਘੁਬੀਰ ਨੇ ਹੱਥ ਵਿੱਚ ਭ੍ਰਿਗੂ ਦਾ ਧਨੁਖ ਫੜਿਆ । ਜਿਸ ਵੇਲੇ ਉਸ ਨੂੰ ਚੁਕ ਕੇ ਕਸਿਆ ਤਾਂ ਪਲਾਂ ਵਿਚ ਉਸ ਦੇ ਛੇ ਟੋਟੇ ਹੋ ਗਏ । ਉਸ ਵੇਲੇ ਅਕਾਸ਼, ਜਲ ਅਤੇ ਵਰਖਾ ਸਭ ਅਪਣੀ ਚਾਲ ਭੁਲ ਗਏ । ਗੱਲ ਅਧ ਵਿਚਕਾਰ ਹੀ ਰਹਿ ਗਈ । ਸੋਲਾਂ ਵਰ੍ਹਿਆ ਦੇ ਬਾਲਕ ਨੇ ਧਨੁਖ ਨੂੰ ਤੋੜਕੇ ਹੈਰਤ ਵਿਚ ਫਸਾ ਦਿਤਾ ।

At that time Rama, the incarnate,
exaulted amongst warriors, picked up
the mighty and formidable bow of Bhrigu.
No sooner he stratched it, than it broke itself
into six pieces. A lad of sixteen years
dazzled and baffled Paras Ram the axe bearer.

154

ਅਥ ਅਉਧ ਪ੍ਰਵੇਸ ਕਥਨੰ ॥

ਸਵੈਯਾ ॥

ਭੇਟ ਭੁਜਾ ਭਰ ਅੰਕ ਭਰੇ, ਭਰ ਨੈਣ ਦੋਊ ਨਿਰਖੇ ਰਘੁਰਾਈ ॥
ਗੰਜਤ ਭ੍ਰਿੰਗ ਕਪੋਲਨ ਉਪਰ, ਨਾਗ ਲਵੈਗ ਰਹੇ ਲਿਵਲਾਈ ॥
ਕੰਜ ਕੁਰੰਗ ਕਲਾ ਨਿਸਿ ਕੋ, ਹਰਿ ਕੋਕਲ ਹੋਰ ਹੀਏ ਹਹਰਾਈ ॥
ਬਾਲ ਲਖੈ ਛਬ ਖਾਟ ਪਰੈ, ਨਹਿ ਬਾਟ ਚਲੈ ਨਿਰਖੇ ਅਧਿਕਾਈ ॥

ਪਰਸਰਾਮ ਨੇ ਰਾਮ ਨੂੰ ਅਪਣੀਆਂ ਬਾਹਾਂ ਵਿਚ ਲੈ ਕੇ ਜਫੀ ਪਾਈ । ਨੈਣਾਂ ਵਿਚ ਸਨੇਹ ਭਰਕੇ ਰਘੁਰਾਜ ਨੂੰ ਦੇਖਿਆ । ਉਸਦੀਆਂ ਨਜਰਾਂ ਭੌਰਿਆਂ ਦੀ ਤਰ੍ਹਾਂ ਰਾਮ ਦੀਆਂ ਗੱਲਾਂ ਦੇ ਉਤੇ ਫਿਰਨ ਲਗੀਆਂ । ਉਨਾਂ ਦੇ ਨਾਗਾ ਵਾਂਗੂੰ ਕਾਲੇ ਕੇਸਾਂ ਦੀ ਸੋਭਾ ਦੇਖਣ ਲੱਗਾ । ਉਨ੍ਹਾਂ ਦੇ ਕਮਲ-ਨੈਣ, ਚੰਦ੍-ਮੁਖ ਅਤੇ ਕੋਇਲ ਵਰਗੇ ਬੋਲ ਸੁਣ ਸੁਣ ਕੇ ਉਹ

Digitized by Panjab Digital Library | www.panjabdigilib.org

ਮਸਤੀ ਵਿਚ ਝੰਮਣ ਲੱਗਾ । ਪਲੰਘ ਉਤੇ ਲੰਮੇ ਪਏ ਹੋਏ ਉਹ ਬਿਲਕੁਲ ਬਾਲਕ ਜਾਪਦੇ ਜਿਨਾ ਨੂੰ ਦੇਖ ਦੇਖ ਕ ਪਰਸ਼ਰਾਮ ਰਜਦਾ ਨਹੀਂ ਸੀ ਅਤੇ ਜਾਣਾ ਭੀ ਭੁਲ ਗਿਆ ।

Paras Ram embraced and clasped Rama, the incarnate, in his arms. With eyes filled with love and affection, he looked at his dazzling features ; His whole soul set on his lovely cheeks like maggot. His black and curly snake like curls looked glorious. His lotus eyes, moon like face and honeyed words beseached him. Lying on a bed, Rama looked like a kid, most beautiful most graceful that the eyes got fixed on him and Paras Ram forgot to move.

153

ਸੀਯ ਰਹੀ ਮੁਰਛਾਇ ਮਨੈ, ਰਨ ਰਾਮ ਕਹਾ ਮਨ ਬਾਤ ਧਰੈਗੋ ॥
ਤੋਰ ਸਰਾਸਨਿ ਸੰਕਰ ਕੋ, ਜਿਮ ਮੋਹਿ ਬਰਿਓ ਤਿਮ ਅਉਰ ਬਰੈਗੋ ॥
ਦੂਸਰ ਬਿਆਹ ਬਧੂ ਅਬ ਹੀ, ਮਨ ਤੇ ਮੁਹਿ ਨਾਥ ਬਿਸਾਰ ਡਰੈਗੋ ॥
ਦੇਖਤ ਹੌਂ ਨਿਜ ਭਾਗ ਭਲੇ, ਬਿਧ ਆਜ ਕਹਾਇ ਹਠੰਰ ਕਰੈਗੋ ॥

ਸੀਤਾ ਮਨ ਵਿਚ ਬੜੀ ਉਦਾਸ ਹੋ ਰਹੀ ਸੀ । ਕੇ ਰਣ ਜਿੱਤਕੇ ਰਾਮ ਮਰ ਨਾਲ ਕਿਥੇ ਗੱਲ ਕਰਨ ਲੱਗੇ ਹਨ । ਸ਼ਿਵਜੀ ਦਾ ਧਨੁਖ ਤੋੜਕੇ, ਜਿਦੇਂ ਮੇਰੇ ਨਾਲ ਵਿਆਹ ਕੀਤਾ ਹੈ । ਜਿਵੇਂ ਭ੍ਰਿਗੂ ਦਾ ਧਨੁਖ ਤੋੜ ਹੋਰ ਕਿਸੇ ਨਾਲ ਵਿਆਹ ਕਰ ਲੈਣਗੇ । ਦੂਸਰਾ ਵਿਆਹ ਕਰਦਿਆ ਹੀ ਰਾਮ ਮੈਨੂੰ ਮਨੋ ਵਿਸਾਰ ਦੇਣਗੇ । ਦੇਖਦੇ ਹਾਂ ਅੱਜ ਬਿਧ ਮਾਤਾ ਕੀ ਕਰਦੀ ਹੈ ।

Sita was feeling very sad and heavy at heart. She thought in distress that Rama, the victorious would not be coming back to her, after winning the reputed glory. He would wed another princess after breaking the mighty and formidable bow of the Bhrigu as he wedded her by breaking the bow of Lord Shiva. Rama the fascinating and incomparable prince would forget her, after second marriage. She then sought mercy of Lord, the Creator.

Digitized by Panjab Digital Library | www.panjabdigilib.org

156

ਤੇਹੀ ਲੇ ਰਾਮ ਜਿਤੇ ਦਿਜ ਕਉ ਅਪਨੇ ਦਨ ਆਦਿ ਬਜਾਦਿ ਬਧਾਈ ॥
ਭੱਗੁਲ ਲੋਕ ਫਿਰੇ ਸਭ ਹੀ ਰਣ ਮੋ ਲਖ ਰਾਘਵ ਕੀ ਅਧਿਕਾਈ ॥
ਸੀਯ ਰਹੀ ਰਨ ਰਾਮ ਜਿਤੇ ਅਵਧੇਸੁਰ ਬਾਤ ਜਬੈ ਸੁਨ ਪਾਈ ॥
ਫੂਲ ਗਯੋ ਅਤਿ ਹੀ ਮਨ ਮੋਂ, ਧਨ ਕੋ ਘਨ ਕੀ ਬਰਖਾ ਬਰਖਾਈ ॥

ਜਦ ਰਾਮ ਪਰਸਰਾਮ ਨੂੰ ਜਿਤਕੇ, ਅਪਣੇ ਦਲ ਵਿਚ ਆਏ ਖੁਸ਼ੀ ਦਾ ਡੰਕਾ ਵਜਾਦਿਆ । ਇਧਰ ਉਧਰ ਭਜ ਰਹੇ ਲੰਕਾ ਨੇ ਜਿਸ ਵੇਲੇ ਰਾਘਵ ਦੀ ਜਿਤ ਸੁਣੀ ਤਾਂ ਬੜੇ ਖੁਸ ਹੋਏ । ਸੀਤਾ ਨੇ ਵੀ ਸੁਣਿਆ ਕਿ ਰਾਮ ਜਿਤ ਗਏ ਹਨ । ਅਵੱਧ ਦੇ ਰਾਜੇ ਦਸਰਥ ਨੇ ਜਦੋਂ ਸੁਣਿਆ ਤਾ ਉਹ ਐਨਾ ਖੁਸੰਨ ਹੋਇਆ ਕਿ ਉਸਨੇ ਧਨ, ਮੀਹ ਵਾਗੂੰ ਵਸਾ ਦਿੱਤਾ ।

After winning the glorious victory over Paras Ram, Rama the incarnate returned to his camp and celebrated the high victory. The people who were playing about hearing about, the victory of Rama, rejoiced. Sita also heard about it. When Dasrath, the king of Ayodhya heard about the loving and happy news, he was over joyed, he rained and showered money abundently and lavishly.

157

ਬੰਧਨ ਵਾਰ ਬਧੀ ਸਭ ਹੀ ਦਰ ਚੰਦਨ ਸੋਂ ਛਿਰ ਕੋ ਕੁਹਿ ਸਾਰੇ ॥
ਕੇਸਰ ਡਾਰ ਬੁਰਾਤਨ ਪੈ, ਸਭ ਹੀ ਜਨ ਹੈ ਪੁਰਹੁਤ ਪਧਾਰੇ ॥
ਬਾਜਤ ਤਾਲ ਮੁਚੰਗ ਪਖਾਵਜ, ਨਾਚਤ ਕੋਟਨ ਕੋਟ ਅਖਾਰੇ ॥
ਆਨ ਮਿਲੇ ਸਭ ਹੀ ਅਗੁਆ, ਸੁਤ ਕਉ ਪਿਤ ਲੈ ਪੁਹ ਅਧ ਸਿਧਾਰੇ ॥

ਸਾਰਿਆਂ ਨੇ ਘਰਾਂ ਅਗੇ ਸਗਨਾਂ ਦੇ ਸੋਹਰੇ ਲਟਕਾਏ । ਸਾਰੇ ਘਰਾਂ ਵਿੱਚ ਚੰਦਨ ਛਿਣਕਿਆ ਗਿਆ ਬਰਾਤ ਉਤੇ ਕੇਸਰ ਛਿੜਕਿਆ ਗਿਆ । ਤਦ ਸਾਰੇ ਇਕਠੇ ਹੋ ਕਿ ਜਨਕ ਪੁਰੀ ਨੂੰ ਰਵਾਨਾ ਹੋਏ । ਢੋਲਕੀਆਂ, ਮ੍ਰਿਦੰਗ, ਪਖਾਵਜ ਆਦਿ ਸਾਜ ਵਜੇ । ਭਈਆਂ ਨੇ ਨ੍ਰਿਤ ਕੀਤਾ । ਸਾਰੇ ਜਣੇ ਬਰਾਤ ਨੂੰ ਅਗੋਂ ਲੈਣ ਆਏ । ਦਸਰਥ ਆਪਣੇ ਪੁਤ ਨੂੰ ਨਾਲ ਲੈਕੇ ਅਯੋਧਿਆ ਗਏ ।

Digitized by Panjab Digital Library | www.panjabdigilib.org

Every one prepared auspicious ornamental arch of beautiful flowers and leaves at the entrance of their gates. All the houses were decorated and perfumed with sandal. Saffron, the auscpicous colour, was sprinkled on the enormous and majestic marriage procession. Melodious songs were sung on harp and tambourine, Nymphs of heaven danced in excitement. When the procession was at hand, all at Janak's palace went in deputation to meet and receive him in honour. Then King Dasrath along wih his sons returned to Avedh

158

ਚੌਪਈ

ਸਭਹੂੰ ਮਿਲ ਗਿਲ ਕੀਓ ਉਛਾਹਾ ॥
ਪ੍ਰਿਤ ਹੂੰ ਕੋ ਰਚਿਓ ਬਿਆਹਾ ॥
ਰਾਮ ਸੀਯਾ ਘਰ ਕੋ ਘਰ ਆਏ ॥
ਦੇਸ ਬਿਦੇਸਨ ਹੋਤ ਬਧਾਏ ॥

ਸਾਰਿਆਂ ਨੇ ਮਿਲ ਕੇ ਅਪਾਰ ਖੁਸ਼ੀ ਕੀਤੀ ।
ਇਉਂ ਦਸਰਥ ਨੇ ਰਾਮ ਦਾ ਵਿਆਹ ਕੀਤਾ ।
ਅਤੇ ਰਾਮ ਸੀਤਾ ਨੂੰ ਵਰ ਕੇ ਘਰ ਲਿਆਏ ।
ਦੇਸ਼ਾਂ ਵਿਦੇਸ਼ਾਂ ਦੇ ਰਾਜਿਆਂ ਨੇ ਵਧਾਈਆਂ ਭੇਜੀਆਂ ।

Every one rejoiced greatly. This is how Rama, the incarnate, wedded Sita, the perfection in beauty and brought her to his Kingdom. The royal couple was then the recipient of blessings, congratulations and felicitations.

159

ਜਹ ਤਹ ਹੋਤ ਉਛਾਹ ਅਪਾਰੂ ॥
ਤਿਹੂੰ ਸੁਤਨ ਕੋ ਬਿਯਾਹ ਬਿਚਾਰੂ ॥

Digitized by Panjab Digital Library | www.panjabdigilib.org

ਬਾਜਤ ਤਾਲ ਮ੍ਰਿਦੰਗ ਅਪਾਰੰ ॥
ਨਾਚਤ ਕੋਟਨ ਕੋਟ ਅਖਾਰੰ ॥

ਜਿਥੇ ਕਿਥੇ ਖੁਸੀਆਂ ਹਈਆਂ ! ਤਦ ਰਾਜੇ ਨੇ ਬਾਕੀ ਤਿੰਨਾਂ ਰਾਜ ਕੁਮਾਰਾਂ ਦੇ ਵਿਆਹ ਦਾ ਵਿਚਾਰ ਕੀਤਾ । ਮ੍ਰਿਦੰਗ ਆਦਿ ਸਾਜ ਵੱਜੇ । ਬੜੇ ਗਾਣੇ ਹੋਏ ਅਤੇ ਅਨੰਤ ਪਰੀਆਂ ਨੇ ਨਾਚ ਨੱਚੇ ।

Everywhere there was blissful joy and overwhelming enjoyment. Then the King thought about the marriage of the other three princes, and started the performance. Harp and tambourine instruments were played. All over the palace there was performance of charming dances, by the beautiful nymphs.

160

ਬਨ ਬਨ ਬੀਰ ਪਖਰੀਆਂ ਚਲੇ ॥
ਜੋਬਨ ਫੰਤ ਸਿਪਾਹੀ ਭੱਲੇ ॥
ਭਏ ਜਾਇ ਇਸਥਤ ਨ੍ਰਿਪਦਰ ਪਰ ॥
ਮਹਾਰਥੀ ਅਰ ਮਹਾ ਧਨੁਰਧਰ ॥

ਬੜੇ ਬੜੇ ਮਹਾਂ ਬਲੀ, ਯੋਧੇ ਨੌ ਜਵਾਨ ਸਿਪਾਹੀ, ਚੰਗੀ ਚੰਗੇ ਸੁਰਮੇ ਅਤੇ ਮੰਨੇ ਪ੍ਰਮੰਨੇ ਲੋਕ ਬਣ ਠਣ ਕੇ ਰਾਜੇ ਦੇ ਮਹਿਲ ਵਿਚ ਆ ਿੱਕਠੇ ਹੋਏ ।

Expert warriors, Valient young soldiers, renowned Kights and staunch fighters, all gracefully decorated and beautifully dressed, sallied forth and collected in the palace of the King.

161

ਬਾਜਤ ਜੰਕ ਮੁਚੰਗ ਅਪਾਰੰ ॥
ਢੋਲ ਮ੍ਰਿਦੰਗ ਸੁਰੰਗ ਸੁਧਾਰੰ ॥
ਗਾਵਤ ਗੀਤ ਚੰਚਲਾ ਨਾਰੀ ॥
ਨੈਨ ਨਚਾਇ ਬਜਾਵਤ ਤਾਰੀ ॥

Digitized by Panjab Digital Library | www.panjabdigilib.org

ਚਲ ਨਾਰੀਆਂ ਨੇ ਕਈ ਪ੍ਰਕਾਰ ਦੇ ਸਾਜ਼ਾਂ ਉਤੇ
ਤ ਗਾਏ, ਖੁਸ਼ੀ ਵਿਚ ਅੱਖਾਂ ਨੂੰ ਨੱਚਾ ਨੱਚਾ ਕੇ
ੜੀਆਂ ਮਾਰ ਕੇ ਨਚੀਆਂ । ਢੱਲ ਮ੍ਰਿਦੰਗ, ਸਰੰਗੀ
ਤੇ ਮਦੰਗ ਆਦਿ ਸਾਜ਼ ਵੱਜੇ ।

troop of girls adorned with brillient
naments and dazzlingly beautiful faces, danced
d sang auspicious strains in melodious voice,
th clap and movement of the eyes, accmpanied
h various musical instruments like tom tom,
rp, violen and drum.

162

ਡਕਨ ਹੋਂਸ ਨ ਧੰਨ ਕੀ ਰਹੀ ॥
ਨ ਸ੍ਰਵਨ ਸਰਤਾ ਹ੍ਵੈ ਬਹੀ ॥
ਬਾਤ ਮਾਂਗਨ ਕਉ ਆਵੈ ॥
ਸਕ ਬਾਤ ਘਰੈ ਲੈ ਜਾਵੈ ॥

ਨ ਲੈਣ ਵਾਲਿਆਂ ਨੂੰ ਧਨ ਦੀ ਕਮੀ ਨਾ ਰਹੀ । ਧਨ ਅਤੇ
ਦੇ ਦਾਨ ਦਾ ਪ੍ਰਵਾਹ ਨਦੀ 'ਵਾਂਗੂੰ ਵਹਿ ਤੁਰਿਆ ।
ਹੜਾ ਇਕ ਚੀਜ ਮੰਗਦਾ ਸੀ, ਉਹ ਵੀਹ ਚੀਜਾਂ ਲੈ ਕੇ ਜਾਂਦਾ ਸੀ ।

ie beggers were levishly gifted, to the
m. Offerings of glod and wealth were
de in abundance like the flowing of the
er water. Innumberble gifts were offered
the one who implored or desired one.

163

ਬਨ ਚਲਤ ਭਏ ਰਘੁਨੰਦਨ ॥
ਪੁਹਪ ਬਸੰਤ ਜਾਨ ਬਨ ॥
ਤ ਕੇਸਰ ਅੰਗ ਡਰਾਯੇ ॥
ਦ ਹੀਏ ਉਡਜ ਜਨ ਆਯੇ ॥

Digitized by Panjab Digital Library | www.panjabdigilib.org

ਰਾਜਕੁਮਾਰ, ਸੱਜ ਧੱਜ ਕੇ ਤੁਰਦੇ ਫਿਰਦੇ ਇਉਂ ਲੱਗਦੇ ਸਨ
ਜਿਵੇਂ ਬਸੰਤ ਰੁਤ ਵਿਚ ਫੁੱਲ ਖਿੜੇ ਹੋਣ ।
ਸੱਜ ਧੱਜ ਕੇ ਅਤੇ ਅੰਗਾਂ ਉਤੇ ਕੇਸਰ ਛਿਨਕ ਕੇ ਰਘੁਕੁਲ ਰਾਜ
ਕੁਮਾਰ, ਤੁਰਦੇ ਫਿਰਦੇ ਇਉਂ ਲਗਦੇ ਸਨ, ਜਿਵੇਂ ਉਨ੍ਹਾਂ ਦੇ
ਹਿਰਦੇ ਵਿਚ ਖੁਸ਼ੀ ਅਤੇ ਆਨਦ
ਦਾ ਵੇਗ ਉਛਲ ਉਛਲ ਪੈਂਦਾ ਹੋਵੇ ।

Beautifully attired and decorated with the auspicious colour of saffron, the princess of the Raghu race appeared like the full bloomed flowers of the Spring. Enraptured with joy and delight they were overwhelmed with ecstacy.

164

ਸਾਜਤ ਭਏ ਅਮਿਤ ਚਤੁਰੰਗ ॥
ਉਮਡ ਚਲਤ ਜਿਹ ਬਿਧਿ ਕਰ ਗੰਗ ॥
ਭਲ ਭਲ ਕੁਅਰ ਚੜੇ ਸਜ ਸੈਨਾ ॥
ਕੋਟਕ ਚੜੇ ਸੂਰ ਜਨ ਗੈਨਾ ॥

ਅਥਾਹ ਚਤੁਰੰਗਨੀ ਸੈਨਾ ਸਾਜ ਕੇ, ਜਿਸ ਵਿਚ ਰਾਜਕੁਮਾਰ
ਅਤੇ ਵਡੇ ਵਡੇ ਸੂਰਬੀਰ ਸਨ, ਇੰਉਂ ਚਲੇ, ਜਿਵੇਂ,
ਗੰਗਾ ਦਾ ਪ੍ਰਵਾਹ ਚਲਦਾ ਹੈ ॥

Vast and innumerous army of staunch, warriors, and princes riding on various types of horses, elephants and chariots along with infantry surged and moved like the waves and tides of the holy Ganges.

165

ਭਰਥ ਸਹਿਤ ਸੋਭਤ ਸਭ ਭਾਤਾ ॥
ਕਹਿਨ ਪਰਤ ਮੁਖ ਤੇ ਕਛੁ ਬਾਤਾ ॥
ਮਾਤਨ ਮਨ ਮੰਦ੍ ਸੁਤ ਮੋਹੇ ॥
ਜਨ ਦਿਤ ਗ੍ਰਿਹ ਰਵਿ ਸਸਿ ਦੋਊ ਸੋਹੇ ॥

Digitized by Panjab Digital Library | www.panjabdigilib.org

ਸਾਰੇ ਰਾਜਕੁਮਾਰ ਭਰਤ ਸਮੇਤ ਅਜਿਹੀ ਸੋਭਾ ਦੇ ਰਹੇ ਸਨ ਜਿਹੜੀ ਕਹਿਨ ਕਥਨ ਤੋਂ ਪਰੇ ਹੈ। ਬਾਕੇ ਅਤੇ ਸੁੰਦਰ ਰਾਜਕੁਮਾਰ ਮਾਤਾਵਾਂ, ਦੇ ਮਨ ਨੂੰ ਇਉਂ ਮੋਹ ਰਹੇ ਸਨ ਜਿਵੇਂ ਧਰਤੀ ਉਤੇ ਸੂਰਜ ਅਤੇ ਚੰਦ ਸੋਭਾ ਪਾਂਦੇ ਹਨ।

The princes of the solar race, alongwith Bharata looked so magnificent that the words fail to describe. The extremely charming and beautiful moon and sun like sons of the queens besieged their hearts in admiration.

166

ਇਹ ਬਿਧਿ ਕੈ ਸਜ ਸੁੱਧ ਬਰਾਤਾ ॥
ਕਛੂ ਨ ਪਰਤ ਕਹਿ ਤਿਨ ਕੀ ਬਾਤਾ ॥
ਬਾਢਤ ਕਹਤ ਗ੍ਰੰਥ ਬਾਤਨ ਕਰ ॥
ਬਿੱਦਾ ਹੋਨ ਸਿਸ ਚਲੇ ਤਾਤ ਘਰ ॥

ਇਸ ਪ੍ਰਕਾਰ ਸਜ ਧਜ ਕੇ ਤਿਆਰ ਹੋਈ ਹੋਈ ਬਰਾਤ ਦੀ ਸੋਭਾ ਕਹੀ ਨਹੀਂ ਜਾਂਦੀ। ਜੇ ਮੈਂ ਕਹਾਂ ਤਾਂ ਗ੍ਰੰਥ ਦੇ ਵਜ਼ੇ ਹੋਣ ਦਾ ਡਰ ਹੈ! ਇਸ ਤੋਂ ਉਪਰੰਤ ਸਾਰੇ ਰਾਜਕੁਮਾਰ ਪਿਤਾ ਕੋਲੋਂ ਵਿਦਾ ਲੈਣ ਲਈ ਗਏ।

Trmemdously decorated and richly comparisoned huge marriage procession looked so magnificent which is indescribable in words. An attempt to describe would enlength the volume. The princes then went to seek permission of their father, the King Dasrath.

167

ਆਇ ਪਿਤਾ ਕਹੁ ਕੀਨ ਪ੍ਰਨਾਮਾ ॥
ਜੋਰ ਪਾਨ ਠਾਢੇ ਬਲ ਧਾਮਾ ॥
ਨਿਰਖ ਪੁਤ੍ਰ ਆਨੰਦ ਮਨ ਭਰੇ ॥
ਦਾਨ ਬਹੁਤ ਬਿਪਨ ਕਉ ਕਰੇ ॥

Digitized by Panjab Digital Library | www.panjabdigilib.org

ਰਘੁਕਲ ਰਾਜ ਕੁਮਾਰਾਂ ਨੇ ਹੱਥ ਜੋੜ ਕੇ ਪਿਤਾ ਨੂੰ ਆ ਕੇ ਪ੍ਰਨਾਮ ਕੀਤਾ ।
ਦੇਖ ਦੇਖ ਕਿ ਪਿਤਾ ਦਾ ਦਿਲ ਆਨੰਦ ਨਾਲ ਭਰ
ਭਰ ਕੇ ਉਛਲਨ ਲੱਗਾ । ਉਸ ਨੇ ਖੁਸ਼ੀ ਵਿਚ ਬ੍ਰਾਹਮਣਾਂ ਨੂੰ
ਬਹੁਤ ਦਾਨ ਦਿੱਤਾ ।

The princes of the solar race with their hands clasped camet o
their father, the King Dasrath, for blessings,
the father could not contain within himself in joy.
Over whelmed with joy and happiness he, made offerings to
the Brahmins.

168

ਭਾਤ ਮਾਤ ਲੈ ਕੰਠ ਲਗਾਏ ॥
ਜਨ ਦੁਇ ਰਤਨ ਨਿਰਧਨੀ ਪਾਏ ॥
ਬਿਦਾ ਮਾਂਗ ਜਬ ਗਏ ਰਾਮ ਘਰ ॥
ਸੀਸ ਰਹੇ ਧਰ ਚਰਨ ਕਮਲ ਧਰ ॥

ਮਾਤਾ ਪਿਤਾ ਨੇ ਜਿਸ ਵੇਲ ਰਾਜਕੁਮਾਰਾਂ ਨੂੰ ਛਾਤੀ ਨਾਲ
ਲਾਇਆ, ਤਾਂ ਇਉਂ ਪ੍ਰਤੀਤ ਹੋਇਆ ਜਿਵੇਂ ਨਿਰਧਨ ਨੂੰ
ਧਨ ਮਿਲ ਗਿਆ ਹੋਵੇ । ਜਦੋਂ ਤਿੰਨੇ ਰਾਜਕੁਮਾਰ ਵਿਦਾ ਲੈ
ਕੇ ਰਾਮ ਦੇ ਘਰ ਗਏ ਤਾਂ ਉਨਾਂ ਨੇ ਰਾਮ ਦੇ ਚਰਨਾਂ ਤੇ
ਸਿਰ ਰਖ ਕੇ ਪ੍ਰਨਾਮ ਕੀਤਾ ।

Overwhelmed with the emotion of love and affection
the King and the queens pressed their sons
to their throbbing breasts and felt like the poor
who is amply rewarded with a vast treasure of precious wealth.
There after taking leave the princes proceeded towards
Rama's palace and placed their heads on his feet
in humility.

169

ਕਬਿਤ

ਰਾਮ ਬਿਦਾ ਕਰੇ ਸਿਰ ਚੂਮਯੋ ਪਾਨ ਪੀਠ ਧਰੇ,
ਆਨਦ ਸੋਂ ਭਰੇ ਲੈ ਤੰਬੋਰ ਆਗੇ ਧਰੇ ਹੈਂ ॥

Digitized by Panjab Digital Library | www.panjabdigilib.org

ਦੁੰਦਭੀ ਬਾਜਾਦਿ ਤੀਨੋ ਭਾਈਯੋਂ ਚਲਤ ਭਏ,
ਮਾਨੋ ਸੂਰ ਚੰਦ ਕੋਟ ਆਨਕੈ ਉਤਰੇ ਹੈਂ ॥
ਕੇਸਰ ਸ ਭੀਜੇ ਪੱਟ ਸੋਭਾ 'ਦੇਤ ਐਸੀ ਭਾਂਤ,
ਮਾਨੋ ਰੂਪ ਰਾਸ਼ਿ ਕੇ ਸੁਹਾਗ ਭਾਗ ਭਰੇਂ ਹੈਂ ॥
ਰਾਜਾ ਅਵਧੇਸ ਕੇ ਕੁਮਾਰ ਐਸੇ ਸੋਭਾ ਦੇਤ ,
ਰਾਮ ਜੂ ਨੇ ਕੋਟਕ ਕਲਯੋਰਾ ਕੈਧੋ ਕਰੇ ਹੈਂ ॥

ਰਾਮ ਨੇ ਵਿਦਾ ਕਰਨ ਵੇਲੇ ਭਰਾਵਾਂ ਦਾ ਸਿਰ ਚੁੰਮਿਆ ਪਿੱਠ
ਤੇ ਹੱਥ ਫੇਰਿਆ । ਖੁਸ਼ੀ ਖੁਸ਼ੀ ਸਗਨ ਪਾਏ । ਵਾਜਿਆਂ ਗਾਜਿਆਂ ।
ਨਾਲ ਤਿੰਨੇ ਭਰਾ ਇਉਂ ਚਲੇ ਮਾਨੋਂ ਕਰੋੜਾਂ ਸੂਰਜ ਚੰਦ ਧਰਤੀ ਉਤੇ
ਉਤ੍ਰ ਆਏ ਹੋਣ ! ਕੇਸਰ ਨਾਲ ਭਿਜੇ ਕਪੜੇ ਇਉਂ ਲਗਦੇ ਸ਼ਨ ਮਾਨੋ
ਖੁਸ਼ੀਆ ਨੇ ਆ ਕੇ ਡੇਰੇ ਲਾਏ ਹੋਣ । ਅਵਧ ਨਰੇਸ਼ ਦੇ ਰਾਜਕੁਮਾਰ,
ਇਤ੍ਹੇ ਲਗਦੇ ਸਨ, ਜਿਵੇਂ ਕਾਮਦੇਵ ਨੇ ਕਰੋੜਾਂ ਰੂਪ ਧਾਰਨ ਕੀਤੇ ਹੋਣ ॥

With love and affection Rama the incarnate, kissed the foreheads of his brothers and caressed them on their backs and offered all the good and auspicious gifts. With the beat of the drums when all the three brothers moved on, it appeared as if millions of Suns and moons had descended on the earth. Their clothes dipped with the auspicious safforn colour appeared as if they were dipped in splendour of boundless happiness. The princes of the King of Avedh appeared like the symbols of innumerable forms of Kam Deva.

170

ਆਉਧ ਤੇ ਨਿਸਰ ਚਲੇ ਲੀਨੇ ਸੰਗ ਸੂਰ ਭਲੇ,
ਰਨ ਤੇ ਨ ਟਲੇ ਪਲੇ ਸੋਭਾ ਹੂੰ ਕੇ ਧਾਮ ਕੇ ॥
ਸੁੰਦ੍ ਕੁਮਾਰ ਉਰਹਾਰ ਸੋਭਅਤ ਪਰ,
ਤੀਨੋ ਲੋਕ ਮੱਧੀ ਕੀ ਮੁਹੱਯਾ ਸਬ ਥਾਮਕੈ ॥
ਦੁਰਜਨ ਦਲੱਯਾ ਤੀਨੋ ਲੋਕ ਕੋ ਜਿੱਤਯਾ,
ਤੀਨੋ ਰਾਮ ਜੂ ਕੇ ਭੱਯਾ ਹੈ ਚਹਯਾ ਹਰਿ ਨਾਮ ਕੇ ॥

Digitized by Panjab Digital Library | www.panjabdigilib.org

ਬੁੱਧ ਕੇ ਉਦਾਰ ਹੈਂ ਸਿੰਘਾਰ ਅਵਤਾਰ ਦੀਨ,
ਸੀਲ ਕੇ ਪਹਾਰ ਲੈ ਕੁਮਾਰ ਬਨੇ ਕਾਮ ਕੇ ॥

ਅਉਧ ਤੋਂ ਚਲਨ ਲਗਿਆ ਉਨ੍ਹਾਂ ਨੇ ਚੰਗੇ ਚੰਗੇ ਸੂਰਮੇ ਨਾਲ ਲਏ । ਸੁੰਦਰ ਅਤੇ ਸਸੱਭਤ ਰਾਜਕੁਮਾਰਾਂ ਦੇ ਗਲੇ ਵਿਚ ਪਏ ਹਾਰ ਇਉਂ ਜਾਪਦੇ ਸੀ ਜਿਵੇਂ ਕਾਮਦੇਵ ਨੇ ਤਿਨਾਂ ਲੋਕਾਂ ਦੀ ਮਧ ਉਨ੍ਹਾ ਦੀ ਸੁੰਦਰਤਾ ਵਿਚ ਭਰ ਦਿਤੀ ਹੋਵੇ । ਦਰਜਨਾ ਦਾ ਨਾਸ ਕਰਨ ਵਾਲੇ ਤਿੰਨਾ ਲੋਕਾ ਨੂੰ ਜਿੱਤਣ ਵਾਲੇ, ਰਾਮ ਦੇ ਭਰਾ, ਹਰੀ ਦਾ ਨਾਮ ਜਪਣ ਵਾਲੇ ਬੜੇ ਉਦਾਰ ਚਿੱਤ, ਅਤਿ ਸੁਸੀਲ, ਮਹਾਂਬਲੀ, ਜਯੰ, ਐਸ ਵੇਲੇ ਕਾਮਦੇਵ ਦਾ ਰਥ ਬਣੇ ਹੋਏ ਸਨ ।

Accompanied by renowned warriors, and high chieftans, all the princes moved in a procession. The beautiful ornaments decorated and adorned round their necks were enough to rob the charm, of the god of love, from all the three worlds. The valient, the mighty warriors, destroyers of the demons, glorious among the three worlds, most noble, benevolent, bountiful, gentle, polite and most courteous brothers of Rama, the incarnate, looked like Kam Deva incarnate.

171

ਅਸ ਬਰਨਨੰ ॥ ਕਬਿੱਤ ॥

ਨਾਗਰਾ ਕੇ ਨੈਣ ਹੈਂ ਕਿ ਚਾਤਰਾ ਕੇ ਬੈਨ ਹੈਂ,
ਬਘਲਾ ਮਾਨੋ ਗੈਨ ਕੈਸੇ ਤੈਸੇ ਬਚਰੱਤ ਹੈਂ ॥
ਨਿਤਕਾ ਕੇ ਪਾਵ ਹੈਂ ਕਿ ਜੂਪ ਕੈਸੇ ਦਾਵ ਹੈਂ,
ਕਿ ਛਲ ਕੋ ਦਿਖਾਉ ਕੌਉ ਤੈਸੇ ਬਿਹਰੱਤ ਹੈਂ ॥
ਹਾਂਕੇ ਬਾਜੀ ਬੀਰ ਹੈਂ, ਤੁਫੰਗ ਕੈਸੇ ਤੀਰ ਹੈਂ,
ਕਿ ਅੰਜਨੀ ਕੇ ਧੀਰ ਹੈਂ ਕਿ ਧੁੱਜਾ ਸੇ ਫਹਰੱਤ ਹੈਂ ॥
ਲਹਰੈਂ ਅਨੰਗ ਕੀ ਤਰੰਗ ਜੈਸੇ ਗੰਗ ਕੀ,
ਅਨੰਗ ਕੈਸੇ ਅੰਗ ਜਿਯੇਂ ਨ ਕਯੂੰ ਠਹਰੱਤ ਹੈਂ ॥

ਜਿਨ੍ਹਾ ਘੋੜਿਆਂ ਉਤੇ ਰਾਜਕੁਮਾਰ ਚੜ੍ਹੇ ਉਹ ਇਉਂ ਤੇਜੀ ਨਾਲ ਚਲਦੇ ਸਨ ਜਿਵੇਂ ਚੰਚਲ ਨਾਰੀ ਦੇ ਨੈਣ ਯਾ ਚਤੁਰ ਮਨੁਖ

Digitized by Panjab Digital Library | www.panjabdigilib.org

ਬੱਲ, ਯਾ ਮਾਨੋਂ ਅਕਾਸ਼ ਦਾ ਤੂਫਾਨ, ਯਾਂ ਕਿਸੇ ਨਰਤਕੀ ਦੇ
ਨਚਦੇ ਪੈਰ, ਯਾ ਜੂਏ ਦੇ ਦਾਉ ਯਾਂ ਕਿਸੇ ਛਲੀਏ ਦਾ ਛਲ
ਯਾ ਕਿਸੇ ਜਾਦੂਗਰ ਦਾ ਜਾਦੂ, ਯਾਂ ਬੰਦੂਖ ਦੀ ਗੱਲੀ, ਯਾਂ
ਕਸਕੇ ਮਾਰਿਆ ਤੀਰ, ਯਾਂ ਰੂਪ ਦੀ ਝਲਕ, ਯਾਂ ਝੰਡੇ
ਦੀ ਫੜਫੜਾਹਟ ਯਾਂ ਕੀੜਾਂ ਦੀਆਂ ਲਹਿਰਾਂ ਅਤੇ ਯਾਂ ਗੰਗਾ
ਦੀਆਂ ਛਲਕਦੀਆਂ ਛੱਲਾਂ, ਉਹਨਾਂ ਦਾ ਅੰਗ ਅੰਗ ਨਚਦਾ ਸੀ,
ਕਿਵੇਂ ਵੀ ਠਹਿਰਦਾ ਨਹੀਂ ਸੀ।

The horses on which the princes proceeded were so restless, and quick in speed, as the eyes of a fickle woman or the words of a dextrous quick witted man, or the whirlwind in the sky, or the rhythm of the feet of the dancer or the quickness of the trick of a gambler or the swiftness of the craft of a knave, or jugglery of a magician, or the speed of bullet of a gun, or the speed of an arrow released with great force, or the flash of beauty, or flutters of a banner, or the rapidity of movement of the sexual intercourse, or the upsurge of the waves of the Ganges, they were ever restless and moving, never, never at rest.

172

ਨਿਸਾ ਨਿਸ ਨਾਥ ਜਾਨੈ, ਦਿਨਾ ਦਿਨ ਪਤਿ ਮਾਨੈ,
ਭਿੱਛਕਨ ਦਾਤਾ ਕੈ ਪ੍ਰਮਾਨ ਮਹਾਂਦਾਨ ਹੈਂ ॥
ਔਖਧੀ ਕੈ ਰੋਗਨ ਅਨੰਤ ਰੂਪ ਜੋਗਨ,
ਸਮੀਪ ਕੈ ਬਿਜੋਗਨ ਮਹੇਸ ਮਹਾਂਦਾਨ ਹੈਂ ॥
ਸੱਤ੍ਰੈ ਖਗ ਖਿਯਾਤਾ, ਸਿਸ ਰੂਪਨ ਕੈ ਮਾਤਾ,
ਮਹਾਂ ਗਿਆਨੀਨ ਜਿਯਾਤਾ ਕੈ ਬਿਧਾਤਾ ਕੈ ਸਮਾਨ ਹੈਂ ॥
ਗਨਨ ਗਨੇਸ ਮਾਨੈ, ਸੂਰਨ ਸੁਰੇਸ ਜਾਨੈ,
ਜੈਸੇ ਪੇਖੈ ਤੈਸੇ ਈ ਲਖੈ ਬਿਰਾਜਮਾਨ ਹੈਂ ॥

ਰਾਤ, ਇਨ੍ਹਾਂ ਨੂੰ ਚੰਦ੍ਰਮਾ ਦਾ ਸਮਾਨ, ਦਿਨ, ਸੂਰਜ ਦੇ ਸਮਾਨ,
ਦਾਤੇ, ਮਹਾਦਾਨ ਦੇ ਸਮਾਨ, ਰੋਗੀ ਦਵਾਈ ਦੇ ਸਮਾਨ, ਯੋਗੀ

Digitized by Panjab Digital Library | www.panjabdigilib.org

ਈਸ਼ਰ ਦੇ ਸਮਾਨ, ਵਿਯੋਗੀ ਵਿਯੋਗ ਨੂੰ ਦੂਰ ਕਰਨ ਲਈ ਸ਼ਿਵਜੀ
ਨੂੰ ਦੇਣ ਦੇ ਦਾਨਾਂ ਵਿਚੋਂ ਮਹਾਦਾਨ ਦੇ ਸਮਾਨ, ਸਤ੍ਰ ਤਲਵਾਰ ਦੇ ਸਮਾਨ,
ਬਾਲਕ ਮਾਤਾ ਤੇ ਸਮਾਨ, ਗਿਆਨੀ ਬ੍ਰਹਮਾ ਦੇ ਸੰਮਾਨ,
ਮਨੁਖ ਸ਼ਿਵਜੀ ਦੇ ਸਮਾਨ, ਦੇਵਤੇ ਇੰਦਰ ਦੇ ਸਮਾਨ ਸਮਝਦੇ ਹਨ।
ਗਲ ਕੀ ਜਿਸ ਰੂਪ ਵਿੱਚ ਇਨ੍ਹਾਂ ਨੂੰ ਕੋਈ ਦੇਖੇ ਉਹੋ ਜਿਹਾ ਹੀ
ਸਮਝ ਲੈਂਦਾ ਹੈ।

For the night, it is like the moon, for the day, like the sun, for the generous, like a great gift, for the sick, like medicine, for the parted, it is the great gift for making offering to Shiva, for reunion; for the foes, like a sword, for a child, like the mother, for the learned, like Lord Brahma, for human beings, like lord Shiva and for gods, like the mighty Indra. One finds the qualities and virtues which one tries to behold in it.

173

ਸੁਧਾ ਸੋ ਸੁਧਾਰੇ ਰੂਪ ਸੋਭਤ ਉਜਿਯਾਰੇ,
ਕਿਧੌਂ ਸਾਚੋਂ ਬੀਚ ਢਾਰੇ ਮਹਾਂ ਸੋਭਾ ਕੇ ਸੁਧਾਰ ਕੈ ॥
ਕਿਧੌਂ ਮਹਾ ਮੋਹਨੀ ਕੈ ਮੋਹਬੇ ਨਮਿੱਤ ਬੀਰ,
ਬਿਧਨਾ ਬਨਾਏ ਮਹਾਂ ਬਿਧ ਸੋ ਬਿਚਾਰ ਕੈ ॥
ਕਿਧੌਂ ਦੇਵ ਦੈਤਨ ਬਿਬਾਦ ਛਾਡ ਵਡੇ ਚਿਰ,
ਮੱਥ ਕੈ ਸਮੁੰਦ੍ਰ ਛੀਰ ਲੀਨੇ ਹੈਂ ਨਿਕਾਰ ਕੈ ॥
ਕਿਧੌਂ ਬਿਸਨਾਥ ਜੂ ਬਨਾਏ ਨਿਜ ਪੇਖਬੈ ਕੋ,
ਔਰਨ ਸਕਤਿ ਐਸੀ ਸੁਰਤੈਂ ਸੁਧਾਰ ਕੈ ॥

ਅੰਮ੍ਰਿਤ ਨਾਲੋਂ ਵੀ ਵਧੇਰੇ ਚੰਗੇ, ਬਹੁਤ ਸੁੰਦਰ ਸਰੂਪ
ਪਤਾ ਨਹੀਂ ਵਿਧਾਤਾ ਨੇ ਕਿਸ ਸਾਂਚੇ ਵਿੱਚ ਢਾਲ ਕੇ ਬਣਾਏ ਹਨ।
ਪਤਾ ਨਹੀ ਦੁਰਗਾ ਨੂੰ ਮੋਹਨ ਲਈ ਵਿਧਾਤਾ ਨੇ ਇਹਨਾਂ ਨੂੰ ਬਣਾਇਆ
ਹੈ ਯਾਂ ਦੇਵਤਿਆਂ ਅਤੇ ਦੈਂਤਾ ਨੇ ਸਮੁੰਦਰ ਨੂੰ ਮੱਥ ਕੇ ਇਹ ਖੀਰ ਸਰੂਪ
ਉਸ ਵਿੱਚ ਕਢਿਆ ਹੈ ॥ ਯਾਂ ਵਿਸਨੂੰ ਨੇ ਆਪਣੇ ਦੇਖਣ ਲਈ ਸਾਰੀਆਂ
ਸ਼ਕਤੀਆਂ ਇਕ ਸੁਰ ਕਰਕੇ ਇਹਨਾਂ ਨੂੰ ਬਣਾਇਆ ਹੈ।

Digitized by Panjab Digital Library | www.panjabdigilib.org

More refine than the nectar, most wonderfully beautiful and extremely well shaped, is a mystry to the intellect, how the creator shaped it. Is it so beautifully shaped to delude goddess Durga or it is the gift received while churning the ocean, by gods and demons ? Or Lord Vishnu, the effulgent, created it for himself, the best masterpiece, applying all the powers and energies together?

174

ਸੀਮ ਤਜ ਆਪਣੀ ਬਿਰਾਨੇ ਦੇਸ ਲਾਂਘ ਲਾਂਘ,
ਰਾਜਾ ਮਿਥਲੇਸ ਕੇ ਪਹੂਚੇ ਦੇਸ ਆਨ ਕੈ ॥
ਤੁਰਹੀ ਅਨੰਤ ਬਾਜੇ ਦੁੰਦਭੀ ਅਪਾਰ ਗਾਜੈ,
ਕਾਂਤਿ ਕਾਂਤਿ ਬਾਜਨ ਬਜਾਏ ਜੋਰ ਜਾਨ ਕੈ ॥
ਆਗੈ ਆਨ ਤੀਨੇ ਨ੍ਰਿਪ ਕੰਠ ਲਾਇ ਲੀਨੇ,
ਰੀਤ ਰੂੜ ਸਬੈ ਕੀਨੇ ਬੈਠੇ ਬੇਦ ਕੈ ਬਿਧਾਨ ਕੈ ॥
ਬਰਖਿਯੋ ਧਨ ਕੀ ਧਾਰ ਪੱਈਯਤ ਨਾਹਿ ਪਾਰਵਾਰੁ,
ਭਿਛੁੱਕ ਭਏ ਨ੍ਰਿਪ'ਰ ਐਸੋ ਪਾਇ ਦਾਨ ਕੈ ॥

ਆਪਣੇ ਦੇਸ ਦੀ ਸੀਮਾ ਪਾਰ ਕਰ ਕੇ, ਬਿਗਾਨੇ ਦੇਸਾਂ ਵਿਚੋਂ ਲੰਘਦੇ ਹੋਏ ਮਿਥਲਾ ਦੇ ਰਾਜੇ ਦੇ ਦੇਸ ਵਿੱਚ ਪੁਜੇ । ਸਹਿਨਾਈਆ ਅਤੇ ਨਗਾਰੇ ਆਦਿ ਵਾਜੇ ਜੋਰ ਜ਼ੋਰ ਦੀ ਵੱਜੇ । ਅਗੋਂ ਦੀ ਆ ਕੇ ਰਾਜੇ ਜਨਕ ਨੇ ਤਿੰਨਾ ਰਾਜ ਕੁਮਾਰਾ ਨੂੰ ਪਿਆਰ ਨਾਲ ਗਲੇ ਲਗਾਇਆ । ਵੇਦਾ ਦੇ ਅਨੁਸਾਰ ਸਾਰੀਆਂ ਰੀਤਾਂ ਰਸਮਾਂ ਤੇ ਸਗਨ ਆਦਿ ਕੀਤੇ । ਧਨ ਦੀ ਐਨੀ ਬਰਖਾ ਕੀਤੀ ਕਿ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ । ਮੰਗਤੇ ਵੀ ਦਾਨ ਲੈ ਲੈ ਕੇ ਰਾਜੇ ਬਣ ਗਏ ।

Crossing the boundary of their own country, passing through the strange and alien lands, the procession entered into the most magnificant and gorgeous city of the king of Mithla. The bugles sounded, the kettledrums played loudly in joy and excitement. When

Digitized by Panjab Digital Library | www.panjabdigilib.org

the procession was close at hand, king Janak went to meet in advance to honour. In love and affection, he embraced the three princes. Performed all the auspicious and excellent ceremonies regulated through the Holy Veda. Offerings of wealth was rained down on the poor in so much abundance that it is difficult to narrate. The poor became enormously rich, with the gracious gifts bestowed by the King.

175

ਬਾਨੇ ਫਹਰਾਨੇ ਘਾਹਰਾਨੇ ਦੁੰਦਭ ਅਰਰਾਨੇ,
ਜਨਕ ਪੁਰੀ ਕੋ ਨੀਅਰਾਨੇ ਬੀਰ ਜਾਇ ਕੈ ॥
ਕਹੂੰ ਚੌਰ ਢਾਰੈ ਕਹੂੰ ਚਾਰਣ ਉਚਾਰੈ,
ਕਹੂੰ ਭਾਟਜ ਪੁਕਾਰੈ ਛੰਦ ਸੁੰਦਰ ਬਨਾਇ ਕੈ ॥
ਕਹੂੰ ਬੀਨ ਬਾਜੈ, ਕੋਊ ਬਾਸਰੀ ਮ੍ਰਿਦੰਗ ਸਾਜੈ,
ਦੇਖੇ ਕਾਮ ਲਾਜੈ ਰਹੇ ਭਿਛੁੱਕ ਅਘਾਇ ਕੈ ॥
ਰੰਕ ਤੇ ਸੁ ਰਾਜਾ ਭਏ, ਆਸਿਖ ਅਸੇਖ ਦਏ,
ਮਾਂਗਤੁੰ ਨ ਭਏ ਫੇਰ ਐਸੋ ਦਾਨ ਪਾਇ ਕੈ ॥

ਜਦੋਂ ਬਰਾਤ ਜਨਕ ਪੁਰੀ ਦੇ ਅੰਦਰ ਪੁਜੀ ਤਾਂ ਆਤਸ਼ ਬਾਜ਼ੀਆਂ ਚਲਾਈਆਂ, ਨਗਾਰੇ ਜੋਰ ਜੋਰ ਦੀ ਵੱਜੇ। ਕੋਈ ਚੰਵਰ ਝੁਲਾ ਰਿਹਾ ਸੀ, ਕੋਈ ਕਵਿੜਾ ਉਚਾਰ ਰਿਹਾ ਸੀ, ਭੱਟ ਉਪਮਾ ਵਿੱਚ ਸੋਹਣੇ ਸੋਹਣੇ ਛਦਾਂ ਦੇ ਗੀਤ ਗਾ ਰਹੇ ਸਨ, ਕੋਈ ਵੀਨਾ ਵਜਾ ਰਿਹਾ ਸੀ, ਕੋਈ ਬੰਸਰੀ ਅਤੇ ਕੋਈ ਪਖਾਵਜ ਵੱਜਾ ਰਿਹਾ ਸੀ। ਜਿਸ ਨੂੰ ਦੇਖ ਕੇ ਕਾਮ ਦੇਵ ਲੱਜਿਤ ਹੋ ਰਿਹਾ ਸੀ। ਮੰਗਤੇ ਦਾਨ ਲੈ ਲੈ ਕੇ ਤ੍ਰਿਪਤ ਹੋ ਗਏ। ਰੰਕ ਤੋਂ ਰਾਜ ਬਣ ਗਏ। ਖੁਸ਼ੀ ਵਿਚ ਭਰਪੂਰ ਹੋ ਕੇ ਰਾਜੇ ਜਨਕ ਨੇ ਐਨਾ ਦਾਨ ਦਿਤਾ ਕਿ ਮੰਗਤਿਆਂ ਨੂੰ ਮੁੜ ਮੰਗਨ ਦੀ ਅਭਿਲਾਸ਼ਾ ਮੁੱਕ ਗਈ।

As the procession was conducted into the chambers of the palace of King Janaka there was show of fire work and beating of the

Digitized by Panjab Digital Library | www.panjabdigilib.org

drums very loudly. Precious and splendid flappers were waved over their heads, the minstrels, recited high class poetry in versatile verse in praise and glorification. The Bards extolled enthusiastically. The musicians played on lyre, flute and tambourine wonderfully. With the overflowing love and affection gifts were poured and rained, in so much abundance, which surpassed everything. The poor and beggers became abundingly rich and felt highly satisfied, contented and pleased.

176

ਆਨ ਕੇ ਜਨਕ ਲੀਨੋ ਕੰਠ ਸੋ ਲਗਾਇ ਤਿਹੂੰ,
ਆਦਰ ਦੁਰੰਤ ਕੇ ਅਨੰਤ ਭਾਤ ਲਏ ਹੈਂ ॥
ਬੇਦ ਕੇ ਬਿਧਾਨ ਕੈ ਕੈ ਬਿਯਾਸ ਤੇ ਬਧਾਈ ਬੇਦ,
ਏਕ ਏਕ ਬਿੱਪ ਕੋ ਬਿਸੇਖ ਸ੍ਰਵਨ ਦਏ ਹੈਂ ॥
ਰਾਜ ਕੁਮਾਰ ਸਬੈ ਪਹਿਰਾਇ ਸਿਰ ਪਾਇਨ ਤੇ,
ਮੋਤੀਅੰ ਮਨਾਕ ਕੈ ਬਰਖ ਮੋਖ ਗਏ ਹੈਂ ॥
ਦੰਤੀ ਸ੍ਵੇਤ ਦੀਨੇ ਕੇਤੇ ਸਿੰਧਲੀ ਤੁਰੇ ਨਵੀਨੇ,
ਰਾਜਾ ਕੇ ਕੁਮਾਰ ਤੀਨੋਂ ਬਿਯਾਹ ਕੈ ਪਠਾਏ ਹੈਂ ॥

ਰਾਜਾ ਜਨਕ ਨੇ ਤਿੰਨਾਂ ਰਾਜ ਕੁਮਾਰਾਂ ਨੂੰ ਆ ਕੇ ਗੱਲੇ ਲਗਾ ਕੇ ਪਿਆਰ ਕੀਤਾ । ਅਪਾਰ ਆਦਰ ਸਤਕਾਰ ਕੀਤਾ । ਫੇਰ ਵੇਦ ਵਿਧੀ ਅਨੁਸਾਰ ਵਰਣਿਤ ਰੀਤਾਂ ਰਸਮਾਂ ਕਰਕੇ ਵਧਾਈਆਂ ਪ੍ਰਾਪਤ ਕੀਤੀਆਂ । ਇੱਕ ਇੱਕ ਬ੍ਰਾਹਮਣ ਨੂੰ ਅਨੰਤ ਸੋਨਾ ਦਾਨ ਕੀਤਾ । ਜਦੋਂ ਰਾਜ ਕੁਮਾਰਾਂ ਨੇ ਪੈਰਾਂ ਤੇ ਸਿਰ ਰਖਕੇ ਮਥਾ ਟੇਕਿਆ ਤਾਂ ਰਾਜੇ ਜਨਕ ਨੇ ਮੋਤੀ ਅਤੇ ਮਾਨਕ ਉਹਨਾਂ ਦੇ ਸਿਰ ਤੋਂ ਵਾਰ ਕੇ ਮੀਂਹ ਵਾਂਗੂ ਵਸਾ ਦਿਤੇ । ਕਈ ਚਿੱਟੇ ਹਾਥੀ ਅਤੇ ਕਿੰਨੇ ਹੀ ਸਿੰਧੀ ਨਵੇਂ ਘੋੜੇ ਰਾਜਕੁਮਾਰਾਂ ਨੂੰ ਜਾਣ ਵੇਲੇ ਦਿਤੇ ।

With affectionate love king Janaka embraced the three princes. Revered them with extreme defference and highly merited

Digitized by Panjab Digital Library | www.panjabdigilib.org

respect and esteem. Performed all the rites and auspicious customs in accordance to the esteemed Vedic orders. He received high and hearty falicitation. Each Brahmana was gifted with infinite and boundless golden ornaments when the princes bowed their heads on his feet. Enraptured with joy and affection he showered like rain drops, most precious and costly gems, over their heads. Innumerable white elephants and steeds from Sindh were given as gifts to the princes.

177

ਦੀਪਕ ਛੰਦ

ਬਿਯਾਹ ਸਤਾ ਨ੍ਰਿਪ ਕੀ ਨ੍ਰਿਪ ਬਾਲੰ ॥
ਮਾਂਗ ਬਿਦਾ ਮੁਖ ਲੀਨ ਉਤਾਲੰ ॥
ਸਾਜਨ ਬਾਜ ਚਲੇ ਗਜ ਸੰਜੁਤ ॥
ਏਸਣ ਏਸਣ ਨਰੇਸਨ ਕੇ ਜੁਤ ॥

ਜਨਕ ਦੀਆਂ ਰਾਜ ਕੁਮਾਰੀਆਂ ਨਾਲ ਵਿਆਹ ਕਰਕੇ, ਰਾਜ ਕੁਮਾਰਾ ਨੇ ਰਾਜੇ ਤੋਂ ਵਿਦਾ ਮੰਗੀ, ਅਤੇ ਜਲਦੀ ਨਾਲ ਉਹ ਸਾਰੇ ਜਣੇ ਘੋੜਿਆਂ ਅਤੇ ਸੱਜੇ ਹੋਏ ਹਾਥੀਆਂ ਸਮੇਤ ਰਵਾਨਾ ਹੋ ਪਏ ।

After the princes being married to the princesses, they solicited the permission of Lord Janaka for departure. With innumerable horses exquisitely finished and countless white powerful elephants duly comparisoned they all set forth, together in this marmer.

178

ਦਾਜ ਸੁਮਾਰ ਸਕੈ ਕਰ ਕਉਨੇ ॥
ਬੀਨ ਸਕੇ ਬਿਯਨਾ ਨਹੀਂ ਤਉਨੇ ॥

Digitized by Panjab Digital Library | www.panjabdigilib.org

ਬੇਸ ਅਬੇਸ ਨ ਬਾਜ ਮਹਾਂਪਤ ॥
ਭੇਸਨ ਭੇਸ ਚਲੇ ਗਜ ਗਾਜਤ ॥

ਰਾਜਾ ਜਨਕ ਨੇ ਆਪਣੀਆਂ ਦੁਲਾਰੀਆਂ ਨੂੰ ਐਨਾ ਚੁਣ ਚੁਣ ਕੇ ਦਾਜ ਦਿੱਤਾ ਕਿ ਬਿਧਨਾ ਵੀ ਦੇਖ ਦੇਖ ਕੇ ਅਸਚਰਜ ਰਹਿ ਗਈ । ਐਨੇ ਦਾਜ ਨੂੰ ਕੌਣ ਸਮੇਟ ਸਕਦਾ ਸੀ ॥ ਉਸਦੇ ਵਿਚੋਂ ਸਿੰਗਾਰੇ ਹੋਏ ਹਾਥੀ ਅਤੇ ਸੱਜੇ ਹੋਏ ਘੋੜੇ ਵੀ ਸਨ ।

The dowry given by King Janak to his beloved daughters was immeasurable and beyond all telling, and even the gods in heaven, thought that selection made by the king and riches offered were incomparable. It was difficult to add, gather or collect the articles. There were countless horses and beautifully decorated white elephants.

179

ਬਾਜਤ ਨਾਦ ਨਿਛੋਰਨ ਕੋ ਗਨ ॥
ਗਾਜਤ ਸੂਰ ਪ੍ਰਮਾਰਥ ਮਹਾਮਨ ॥
ਅਉਧ ਪੁਰੀ ਨੀਅਰਾ ਨਰ ਹੀਂ ਜਬ ॥
ਪ੍ਰਾਪਤ ਭਏ ਰਘੁਨੰਦ ਤਹੀ ਤਬ ॥

ਦਾਸ ਦਾਸੀਆਂ ਦਾ ਸਮੂਹ ਵਾਜੇ ਗਾਜੇ, ਵਜਾਂਦਾ ਚਲ ਪਿਆ । ਵੱਡੇ ਵੱਡੇ ਮੰਨੇ ਪ੍ਰਮੰਨੇ ਯੋਧੇ ਅਤੇ ਸੂਰਬੀਰ ਖ਼ੁਸ਼ੀਆ ਵਿਚ ਹੱਲਾ ਗੁੱਲਾ ਮਚਾਂਦੇ ਜਦੋਂ ਅਉਧ ਪੁਰੀ ਦੇ ਨੇੜੇ ਪੁਜੇ ਤਾਂ ਅਗੋਂ ਰਘੁਨੰਦਨ ਲੈਣ ਆਏ ।

The attendants and waiters in ecstacy of joy and happiness gave a feast of joyons songs and thus marched forth. Distinguished

Digitized By Panjab Digital Library | www.panjabdigilib.org

personages, and great warriors, in a festive and jovial mood neared Ayodhya, the kingdom of King Dasrath. When Rama the incarnate, heard the beating of the drums and coming of the procession he met them in advance.

180

ਮਾਤੁਨ ਵਾਰ ਪੀਯੇ ਜਲ ਪਾਨੰ ॥
ਦੇਖ ਨਰੇਸ ਰਹੇ ਛਬ ਮਾਨੰ ॥
ਭੂਪ ਬਿਲੋਕਤ ਲਾਇ ਲਏ ਉਰ ॥
ਨਾਚਤ ਗਾਵਤ ਗੀਤ ਭਏ ਪੁਰ ॥

ਮਾਤਾਵਾ ਨੇ ਪਾਣੀ ਵਾਰ ਕੇ ਪੀਤਾ । ਜਦੋਂ ਰਾਜੇ ਨੇ ਨੂੰਹਾ ਪੁਤ੍ਰਾਂ ਦੀ ਸੁੰਦਰਤਾ ਦੇਖੀ ਤਾਂ ਪਿਆਰ ਨਾਲ ਦ੍ਰਵੀਭੂਤ ਹੋ ਕੇ ਉਹਨਾਂ ਨੂੰ ਹਿਰਦੇ ਨਾਲ ਲਗਾ ਲਿਆ । ਸਾਰੀ ਅਯੋਧਿਆ ਵਿਚ ਰੰਗ ਰਾਗ ਹੋਏ ।

Each royal mother was so much over-come with love and delight that she performed libation and lustration ceremonies again and again. And when the royal father held an amorous glance at his sons and daughter-in-laws he pressed them to his bossom. Every nook and corner of Avadh was brilliently decorated. Most jubliant songs of joy, mirth, triumph and praise were most melodiously sung.

181

ਭੂਪਜ ਬਿਯਾਹ ਜਬੈ ਗ੍ਰਿਹ ਆਏ ॥
ਬਾਂਜਤ ਭਾਂਤ ਅਨੇਕ ਬਧਾਏ ॥
ਤਾਤ ਬਸਿਸਟ ਸੁ ਮਿਤ੍ਰ ਬੁਲਾਏ ॥
ਅਉਰ ਅਨੇਕ ਤਹਾਂ ਰਿਖ ਆਏ ॥

Digitized by Panjab Digital Library | www.panjabdigilib.org

ਜਦੋਂ ਵਿਆਹ ਕੇ ਘਰ ਪੁਜ ਤਾਂ ਬੜੀ ਪ੍ਰਕਾਰ ਦੇ ਵਾਜੇ ਗਾਜੇ ਵੱਜੇ । ਤੱਦ ਰਾਜਾ ਦਸਰਥ ਨੇ ਵਸ਼ਿਸਟ ਮੁਨੀ ਅਤੇ ਹੋਰ ਮਿਤ੍ਰਾਂ ਨੂੰ ਬੁਲਾਇਆ । ਬੜੇ ਰਿਖੀ ਮੁਖੀ ਓਥੇ ਆਨ ਇਕਠੇ ਹੋਏ ।

Bards, minstrels and mimes chanted songs in glory and played on drums, when every one reached home to the delight of all, it was a resplendent sight. After the lapse of some period King Dasrath invited the holy sage Vashishta and other nobles, friends and knights. In compliance, all the saints, holy sages came thither.

182

ਘੋਰ ਉਠੀ ਘਹਰਾਇ ਘਟਾ ਤਬ ॥
ਚਾਰੋ ਦਿਸਾ ਦਿਗ ਦਹ ਲਖਯੋ ਸਬ ॥
ਮੰਤ੍ਰੀ ਮਿੱਤ੍ਰ ਸਬੈ ਅਕੁਲਾਨੇ ॥
ਭੂਪਤਿ, ਸੋ ਇਹ ਭਾਂਤਿ ਬਖਾਨੇ ॥

ਤਦ ਉਸ ਸਮੇਂ ਸਾਰੇ ਸਮਾਗਮ ਵਿਚ ਘਨ ਘੋਰ ਘਟਾ ਉਠੀ । ਚਾਰੇ ਪਾਸੇ ਗਰਜਨਾ ਦੀ ਅਵਾਜ਼ ਹੋਈ । ਸਾਰੇ ਮੰਤ੍ਰੀ ਅਤੇ ਮਿਤ੍ਰ ਆਦਿ ਘਬਰਾ ਗਏ । ਅਤੇ ਰਾਜੇ ਨੂੰ ਇਉਂ ਕਹਿਣ ਲਗੇ ।

In the big assembly of nobles, Knights and Sages, there was horrible and frightful uproar and thunder. Everyone was deeply troubled and vexed. The Ministers and the chieftains got confused and restless.

183

ਹੋਤ ਉਪਾਤ ਵਡੇ ਸੁਨ ਰਾਜਨ ॥
ਮੰਤ੍ਰ ਕਰੋ ਰਿਖਿ ਜੋਰ ਸਮਾਜਨ ॥
ਬੋਲਹੁ ਛਿੱਪ ਬਿਲੰਬ ਨ ਕੀਜੈ ॥
ਹੈ ਕ੍ਰਤ ਜੱਗ ਅਰੰਭਨ ਕੀਜੈ ॥

Digitized by Panjab Digital Library | www.panjabdigilib.org

"ਹੇ ਰਾਜਨ, ਐਨੀ ਧਨ ਦੌਲਤ ਵੇਖ ਕੇ ਇਹ ਰਾਜੇ ਆਦਿ
ਗਰਮੀ ਖਾਂਦੇ ਹਨ। ਇਸ ਲਈ ਤੂੰ ਮੰਤ੍ਰ ਦਾ ਜਾਪ ਕਰਾ।"
ਬ੍ਰਾਹਮਣ ਬੋਲੇ "ਤੂੰ ਦੇਰ ਨਾ ਕਰ ਅਸ੍ਵਮੇਧ ਜੱਗ ਆਰੰਭ ਕਰ।"

They all entreated the king to perform the Ashvmedh Yajna and the recitation of Holy Ved mantras to promote better and peaceful atmosphere all around to remove the indignation and jealousy of the kings who felt terribly vexed.

184

ਆਇਸ ਰਾਜ ਦਯੋ ਤਤਕਾਲਹ ॥
ਮੰਤ੍ਰ ਸੁ ਮਿਤ੍ਰਹ ਬੁਧ ਬਿਸਾਲਹ ॥
ਹੈ ਭੂਪ ਜੱਗ ਅਰੰਭਨ ਕੀਜੈ ॥
ਆਇਸ ਬੇਗ ਨਰੇਸ ਫਰੀਜੈ ॥

"ਹੇ ਰਾਜਨ ਆਪਣੇ ਜਾਂਉਂਦਿਆਂ ਹੀ ਰਾਜ ਚਲਦੀ ਦੇ ਦੇਹ"
ਸਾਰੇ ਮਿਤ੍ਰ ਰਾਜਿਆਂ ਅਤੇ ਮੰਤਰੀਆਂ ਨੇ ਇਕੱਠੇ ਹੋ ਕੇ ਕਿਹਾ।
ਅਸ੍ਵਮੇਧ ਜੱਗ ਅਰੰਭ ਕਰ, ਆਪਣੀ ਜਿੰਦਗੀ ਵਿਚ ਹੀ, ਦੇਰ ਨਾ ਕਰ।

The ministers and the friends and holy sages advised king Dasratha, to pass on his mighty kingdom and appoint his successor during his glorious life time. He should also perform the Ashvmedh Yajna as he was already very old.

185

ਬੋਲ ਵਡੇ ਰਿਖਿ ਲੀਨ ਮਹਾਂ ਦਿਜ ॥
ਹੈ ਤਿਨ ਬੋਲ ਲਿਯੋ ਜੁਤ ਰਿੱਤ ਅਜ ॥
ਪਾਵਕ ਕੁੰਡ ਖੁਦਿਓ ਤਿਹ ਅਉਸਰ ॥
ਛਾਡੀ ਖੰਭ ਤਹਾਂ ਧਰਮੰਧਰ ॥

ਜਦੋਂ ਵਡੇ ਰਿਖੀ ਦੇ ਬੋਲ ਮਹਾਰਾਜੇ ਨੇ ਸੁਣੇ ਤਾਂ ਉਸ ਨੇ
ਉਸੇ ਦਿਨ ਤੋਂ ਕਾਰਜ ਅਰੰਭਨ ਲਈ ਭੇਡਾਂ ਬਕਰੀਆਂ

Digitized by Panjab Digital Library | www.panjabdigilib.org

ਆਖਣੀਆਂ ਕਰਨੀਆਂ ਆਰੰਭ ਕਰ ਦਿਤੀਆਂ । ਉਸੇ ਸਮੇਂ ਅਗਨੀ ਕੁੰਡ ਖੁਦ ਗਿਆ ਅਤੇ ਮਹਾਰਾਜ ਨੇ ਧਰਮ ਦੀ ਰਖਿਆ ਲਈ ਥੰਮਾਂ ਗਡਵਾਇਆ ।

On the recommendations and counsel from the high sages, the king of Avedh announced the commencement of the Holy Yajna. Immediately the sacrificial ladle was prepared, a pillar, or a prop of righteousness was errected, goats and rams were collected for the sacrifice.

186

ਛੋਰ ਲਯੋ ਹਯ ਸਾਰਹਤੇ ਹਜ ॥
ਅਸਿਤ ਕਹਨ ਪ੍ਰਕਾਸਤ ਕੋਕਜ ॥
ਦੇਸਨ ਦੇਸ ਨਰੇਸ ਦਏ ਸੰਗ ॥
ਸੁੰਦਰ ਸੂਰ ਸੁਰੰਗ ਸਭੈ ਅੰਗ

ਉਸ ਸਮੇਂ ਇੱਕ ਉਤਮ ਘੋੜਾ, ਜਿਹੜਾ ਬੜਾ ਸੁੰਦਰ, ਸਫੇਦ, ਪ੍ਰਕਾਸ਼ਵਾਨ ਅਤੇ ਜਿਸ ਦੇ ਸਾਰੇ ਅੰਗ ਕਿਸੇ ਸਾਂਚੇ ਵਿਚ ਢਾਲ ਕੇ ਵਿਸੇਸ਼ ਬਣਾਏ ਗਏ ਸਨ—ਬੜੇ ਸਾਰੇ ਰਾਜਿਆਂ ਦੇ ਨਾਲ ਛਡਿਆ ਗਿਆ ।

A horse, in all his beauty, best of the steeds, lustous and white, with all its feature prepared with special and particular attention of the Creator, was sent along with Chieftains and noble kings of various realms.

187

ਸਮਾਨਕਾ ਛੰਦ ॥

ਨਰੇਸ ਸੰਗ ਕੈ ਦਏ ॥
ਪ੍ਰਬੀਨ ਬੀਨ ਕੈ ਲਏ ॥
ਸਨੱਧ ਬੱਧ ਹੁਇ ਚਲੇ ॥
ਸੁਧੀਰ ਬੀਰ ਹਾ ਭਲੇ ॥

Digitized by Panjab Digital Library | www.panjabdigilib.org

ਉਸ ਘੱਤੇ ਦੇ ਨਾਲ ਕਈ ਸ਼ਾਸ਼ਤ੍ਰ ਧਾਰੀ ਸਨੱਧ ਬੱਧ ਸੂਰਮੇ
ਅਤੇ ਯੋਧੇ ਵੀ ਚਲੇ, ਚੁਣ ਚੁਣ ਕੇ ਕਈ ਲਾਇਕ ਬੀਰ ਭੇਜੇ ।

Many valient soldiers, men at arms,
selected, prominent, skilled
and accomplished warriors were sent
along with the horse.

188

ਬਿਦੇਸ ਦੇਸ ਗਾਰ ਕੋ ॥
ਅਦਾਹ ਠੌਰ ਦਾਰ ਕੈ ॥
ਫਿਰਾਏ ਬਾਜ ਰਾਜ ਕੋ ॥
ਸੁਧਾਰ ਰਾਜ ਕਾਜ ਕੋ ॥

ਉਹ ਦੇਸ਼ਾਂ ਬਿਦੇਸ਼ਾਂ ਵਿੱਚ ਫਿਰੇ । ਜਿਹੜੇ ਰਾਜੇ ਈਰਖਾ ਦੇ
ਵਿੱਚ ਸੱਤ ਰਹੇ ਸਨ ਉਨਾਂ ਮਾਰ ਦਿਤਾ । ਇਉਂ ਘੱਤੇ
ਨੂੰ ਸਾਰੇ ਦੇਸ਼ਾਂ ਵਿੱਚ ਫਿਰਾਇਆ ਗਿਆ ਅਤੇ ਰਾਜਿਆਂ ਨੂੰ
ਠੀਕ ਠਾਕ ਕੀਤਾ ਗਿਆ ।

They passed through many near and
distant lands. They assaulted and
attacked the kings, who hindered in
their progress and were fired in jealousy.
They composed and set them right.

189

ਨਰੇਸ ਪਾਇ ਲਾਗੀਯੰ ॥
ਦੁਰੰਤ ਦੋਖ ਭਾਗੀਯੰ ॥
ਸੁਪੂਰ ਜੱਗ ਕੋ ਕਰਿਯੋ ॥
ਨਰੇਸ ਤ੍ਰਾਸ ਕੋ ਹਰਿਓ ॥

ਸਾਰੇ ਦੇਸ਼ਾਂ ਦੇ ਰਾਜਿਆਂ ਨੇ ਦਸਰਥ ਦੀ ਈਨ ਮੰਨੀ
ਜਿਹੜੇ ਭੈੜੇ ਅਤੇ ਦੁਸ਼ਟ ਰਾਜੇ ਸਨ ਉਹ ਯਾਂ ਜਾਨ ਬਚਾ ਕੇ
ਨੱਸ ਗਏ ਯਾਂ ਮਾਰ ਦਿਤੇ ਗਏ । ਇਉਂ ਜੱਗ ਨੂੰ ਸੰਪੂਰਨ ਕਰ ਕੇ
ਰਾਜੇ ਨੇ ਬਗਾਵਤ, ਡਰ, ਭੈ ਅਤੇ ਖਤਰੇ ਨੂੰ ਦੂਰ ਕੀਤਾ ।

Digitized by Panjab Digital Library | www.panjabdigilib.org

All the kings of far and distant lands were brought under subjugation. They all accepted king Dasratha as the sovereign and Supreme ruler. The wicked and the hostile either escaped and fled away or were done away with. In this manner the Holy Yajna was completed most graciously, and king subdued the revelation and set aside the terror and alarm.

190

ਅਨੰਤ ਦਾਨ ਪਾਇਕੈ ॥
ਚਲੇ ਦਿਜੇਸ ਅਘਾਇਕੈ ॥
ਦੁਰੰਤ ਆਸਧੈ ਰੜੈ ॥
ਰਿਚਾਂ ਸੁ ਬੇਦ ਕੀ ਪੜੈ ॥

ਸਾਰੇ ਮਿਤ੍ਰ ਅਤੇ ਸਹਾਇਕ ਰਾਜਿਆਂ ਅਤੇ ਰਿਸ਼ੀਆ ਮੁਨੀਆਂ ਨੇ ਵੇਦ ਮੰਤ੍ਰ ਅਤੇ ਸ਼ਲੋਕ ਪੜੇ, ਰੱਜ ਰੱਜ ਕੇ ਦਾਨ ਲੈ ਕੇ ਤ੍ਰਿਪਤ ਹੋ ਕੇ ਵਿਦਾ ਹੋਏ ।

All the help-mates who rendered assistance, allayed Kings, holy Sages and saints who recited the Holy Veda mantras and hymns, received offerings in abundance and took leave fully satisfied and satiated.

191

ਨਰੇਸ ਦੇਸ ਦੇਸ ਕੇ ॥
ਸੁਭੰਤ ਬੇਸ ਬੇਸ ਕੇ ॥
ਬਿਸੇਖ ਸੂਰ ਸੋਭ ਹੀ ॥
ਸੁਸੀਲ ਨਾਰ ਲੋਭਹੀ ॥

ਉਨਾਂ ਵਿੱਚ, ਦੇਸਾਂ ਦੇਸਾਂਤਰਾਂ ਦੇ ਰਾਜੇ ਸੁੰਦਰ ਸੁੰਦਰ ਪੁਸ਼ਾਕਾਂ ਵਿੱਚ ਸੱਜੇ ਹੋਏ ਸਨ ਅਤੇ ਉਨਾਂ ਦੀਆਂ ਸੁਸ਼ੀਲ ਪਤਨੀਆਂ ਵੀ ਨਾਲ ਸਨ । ਅਤੇ ਬਹੁਤ ਸਾਰੇ ਸੂਰਬੀਰ ਵੀ ਸਨ ।

Digitized by Panjab Digital Library | www.panjabdigilib.org

Amongst them were kings from far and distant places highly decorated and embellished accompanied by their gentle modest and amiable queens. There were Chieftains and valient heroes amongst them too.

192

ਬਜੰਤ੍ਰ ਕੋਟ ਬਾਜਹੀ ॥
ਸਨਾਇ ਭੇਰ ਸਾਜ ਹੀ ॥
ਬਨਾਇ ਦੇਵਤਾ ਧਰੈਂ ॥
ਸਮਾਨ ਜਾਇ ਪਾ ਪਰੈਂ ॥

ਬੜੀਆਂ ਖੁਸ਼ੀਆਂ ਕੀਤੀਆ ਗਈਆਂ । ਭੇਰੀ ਆਦਿ ਵਾਜੇ ਵਜਾਏ । ਸਾਰੇ ਜਣੇ ਰਲ ਕੇ ਦੇਵਤਿਆਂ ਦੇ ਪੈਰੀਂ ਪਏ ।

With satisfaction and fulfilment of wish and ambition, great joy and rejoicing were held, clairnets were played. All gathered together and bowed their heads before their Holy family Dieties in reverence and salutation.

ਕਰੈ ਡੰਡਉਤ ਪਾ ਪਰੈਂ ॥
ਬਿਸੇਖ ਭਾਵਨਾ ਧਰੈਂ ॥
ਸੁ ਮਤ੍ਰ ਜੰਤ੍ਰ ਜਾਪੀਐ ॥
ਦੁਰੰਤ ਥਾਪ ਥਾਪੀਐ ॥

ਦੇਵਤਿਆਂ ਅਗੇ ਬੈਠ, ਮੰਤ੍ਰਾਂ ਦਾ ਪਾਠ ਕਰਨ ਉਨ੍ਹਾਂ ਨੇ ਮਨ ਅੰਦਰ ਵਿਸੇਸ ਭਾਵਨਾ ਧਾਰਨ ਕਰ ਕੇ, ਦੇਵਤਿਆਂ ਦੇ ਪੈਰੀਂ ਪੈ ਕੇ ਡੰਡੌਤ ਕੀਤੀ ।

They worshiped their family Diety, recited hymns of Veda montras, and with a special wish at heart they prostrated in reverent homage.

Digitized by Panjab Digital Library | www.panjabdigilib.org

194

ਨਰਾਤੁ ਚਾਰ ਮੰਗਨਾ ॥
ਸੁਜਾਨ ਦੇਵ ਅੰਗਨਾ ॥
ਕਮੀਨ ਕਉਨ ਕਾਜਕੀ ॥
ਪ੍ਰਭਾਵ ਰਾਮ ਰਾਜਕੀ ॥

ਉਨਾਂ ਨੇ ਦੇਵਤਿਆਂ ਤੋਂ ਚਾਰ ਪਦਾਰਥ ਮੰਗੇ
ਜਿਹੜੇ ਦੇਵਤਿਆਂ ਨੇ ਬਖਸ਼ੇ । ਕਿਸੇ ਚੀਜ਼ ਦੀ ਉਹਨਾਂ ਨੂੰ
ਕਮੀ ਨ ਰਹੀ । ਐਸਾ ਰਾਮ ਦਾ ਪ੍ਰਭਾਵ ਪਿਆ ।

They solicited, appealed, wished and
prayed for four human pursuits, virtue, wealth,
sensual enjoyment, and salvation. These wishes
were fully granted and all blessings were
bestowed upon them. They lacked nothing and
there was no scarcity of any type Such was
the glorious golden, excellent prosperous
and peaceful powerful effect of Rama,
the incarnate's efficacious rule.

195

ਸਾਰੁਸੁਤੀ ਛੰਦ ॥

ਦੇਸ ਦੇਸਨ ਕੀ ਕਿਰਿਆ,
ਸਿਖਵੰਤ ਹੈ ਦਿਜ ਏਕ ॥
ਬਾਨ ਅਉਰ ਕਮਾਨ ਕੀ,
ਬਿਧੀ ਦੇਤ ਆਨ ਅਨੇਕ ॥
ਭਾਂਤ ਭਾਂਤਨ ਸੋ ਪੜਾਵਤ,
ਬਾਰ ਨਾਰ ਸਿੰਗਾਰ ॥
ਕੌਨ ਕਾਬਿ ਪੜੇ ਕਹੁੰ,
ਬਿਯਾਕਰਨ ਬੇਦ ਬਿਚਾਰ ॥

ਦੇਸਾਂ ਬਿਦੇਸਾਂ ਤੋਂ ਜਿਹੜੇ ਜਿਹੜੇ ਲੋਕ ਆਏ ਹੋਏ ਸਨ
ਉਹ ਆਪਣੇ ਆਪਣੇ ਦੇਸ਼ਾਂ ਦੇ ਵਿਸ਼ੇਸ਼ ਕੰਮ ਸਿਖਾਣ ਲੱਗੇ ।
ਕੋਈ ਤੀਰ ਕਮਾਨ ਦੇ ਢੰਗ ਸਿਖਾਣ ਲਗੇ; ਕੋਈ ਇਸਤ੍ਰੀਆਂ ਨੂੰ
ਭਾਂਤ ਭਾਂਤ ਦੇ ਸਿੰਗਾਰ ਕਰਨ ਦੇ ਤਰੀਕੇ ਸਿਖਾਣ ਲਗੇ,

Digitized by Panjab Digital Library | www.panjabdigilib.org

ਕੋਈ ਨੱਕ ਸ਼ਾਸਤ੍ਰ ਕੋਈ ਕਵਿਤਾ, ਕੋਈ ਵਿਆਕਰਣ ਅਤੇ ਕੋਈ ਵੇਦ ਦਾ ਵਿਚਾਰ ਸਿਖਾਣ ਲਗੇ ।

The experts from distant lands taught them special tricks and crafts of their countries. Some skilled in the science of archery, gave instructions in the tips of special tricks, ornamentalists and beauty experts gave hints and told various ways of decorating, adorning and embellishing to the women folks. Some taught science of coition other of muse, still other taught the rules of grammar and the rest taught theory of Vedic Philosophy.

196

ਰਾਮ ਪਰਮ ਪਵਿਤ੍ਰ ਹੈ ,
ਰਘੁਬੰਸ ਕੋ ਅਵਤਾਰ ॥
ਦੁਸਟ ਦੈਂਤਨ ਕੋ ਸੰਘਾਰਕ ,
ਸੰਤ ਪ੍ਰਾਨ ਆਧਾਰ ॥
ਦੇਸ ਦੇਸ ਨਰੇਸ ਜੀਤ ,
ਅਸੇਸ ਕੀਨ ਗ਼ੁਲਾਮ ॥
ਜਤ੍ਰ ਤਤ੍ਰ ਧੁਜਾ ਬਧੀ ,
ਜੈ ਪਤ੍ਰ ਕੀ ਸਬ ਧਾਮ ॥

ਰਾਮ, ਰਘੁਕੁਲ ਦੇ ਪਰਮ ਪਵਿਤ੍ਰ ਅਵਤਾਰ ਹਨ, ਉਹਨਾਂ ਨੇ ਦੁਸ਼ਟਾਂ ਦਾ ਨਾਸ ਕਰ ਕੇ ਸੰਤਾਂ ਦੀ ਰਖਿਆ ਕੀਤੀ ਹੈ । ਉਹਨਾਂ ਨੇ ਕਈ ਦੇਸ਼ਾਂ ਦੇ ਰਾਜਿਆਂ ਨੂੰ ਜਿਤਿਆ ਹੈ ਅਤੇ ਕਈਆਂ ਨੂੰ ਗ਼ੁਲਾਮ ਬਣਾਇਆ ਹੈ । ਉਹਨਾਂ ਦੀ ਜੈ ਜੈਕਾਰ ਹਰ ਪਾਸੇ ਸੁਣਾਈ ਦੇ ਰਹੀ ਹੈ ।

The king then thought that Rama the incarnate was the supreme incarnation of the Solar Race. He had destroyed the demons and the wicked. He had protected

Digitized by Panjab Digital Library | www.panjabdigilib.org

the sages and the saints. He had won victory and triumph over many kings of far and distant lands. He had brought many under subjugation. His glory and victory was known all over the lands.

197

ਦਾਟ ਤੀਨ ਦਿਸਾਤ ਹੁੰ ਸੁਤ ,
ਰਾਜਧਾਨੀ ਰਾਮ ॥
ਤੈਲ ਰਾਜ ਬਸਿਸਟ ਕੀਨ ,
ਬਿਚਾਰ ਕੇਤਕ ਜਾਮ ॥
ਸਾਜ ਰਾਘਵ ਰਾਜ ਕੋ ,
ਘਟ ਪੂਰ ਰਾਖਿਸ ਏਕ ॥
ਆਂਬ ਮਉਲਨ ਦੇਸ ਉਦਕ ,
ਅਉਰ ਪੁਹਪ ਅਨੇਕ ॥

ਇਕ ਦਿਨ ਰਾਜੇ ਨੇ ਵਸ਼ਿਸ਼ਟ ਮੁਨੀ ਨੂੰ ਬਲਾ ਕੇ ਉਸ ਨਾਲ ਵਿਚਾਰ ਕੀਤੀ ਅਤੇ ਫੈਸਲਾ ਕੀਤਾ ਕਿ ਤਿੰਨਾਂ ਦਿਸ਼ਾਵਾਂ ਦਾ ਰਾਜ ਤਿੰਨਾ ਪੁਤ੍ਰਾਂ ਨੂੰ ਦੇ ਕੇ, ਰਾਜਧਾਨੀ ਰਾਮ ਨੂੰ ਦਿਤੀ ਜਾਵੇ । ਇਉਂ ਰਾਘਵ ਰਾਜ ਦੀ ਸਥਾਪਨਾ ਕਰ ਕੇ, ਵਿਚਕਾਰ ਇੱਕ ਨਗਰ ਵਸਾਇਆ ਜਾਵੇ ਜਿਸ ਵਿੱਚ ਅੰਬ ਮੌਲਨ, ਨਦੀਆਂ ਦਾ ਜਲ ਹੋਵੇ ਅਤੇ ਅਨੰਤ ਪ੍ਰਕਾਰ ਦੇ ਫੁਲ ਸ਼ੋਭਾ ਦੇਣ ।।

One day king Darsrath counselled with the Holy sage Vishishta, consulted him and solicited his advice to decide about the division of his kingdom due to his advanced age. It was settled that the three princes should be given the kingdom of the three directions and Rama the incarnate, to be made the Regent. Thus, in this manner, hold the coronation ceremony, and erect a city with fruit bearing mangoes, flowers of choicest types, and rivulets flowing wonderfully.

Digitized by Panjab Digital Library | www.panjabdigilib.org

198

ਬਾਰੁ ਚਾਰੁ ਅਪਾਰ ਕੁੰਕਮ ,
ਚੰਦਨਾਦਿ ਅਨੰਤ ॥
ਰਾਜ ਸਾਜ ਧਨੇ ਸਭੇ
ਤਹ ਆਨ ਆਨ ਦੁਰੰਤ ॥
ਮੰਥਰਾ ਇਕ ਗਾਂਧ੍ਰਬੀ ਬ੍ਰਹਮਾ ਪਠੀ,
ਤਿਹ ਕਾਲ ॥
ਬਾਜ ਸਾਜ ਸਜੈ ਚੜੀ ,
ਸਭ ਸੁਭੁ ਧੰਲ ਉਤਾਲ ॥

ਰਾਜ ਮਹੱਲ ਦੇ ਦਰਵਾਜੇ ਸਿੰਗਾਰੇ ਗਏ । ਕੇਸਰ ਅਤੇ ਚੰਦਨ ਆਦਿ ਦਾ ਲੇਪ ਕੀਤਾ ਤਿਆ ।। ਦਾਜ ਤਿਲਕ ਲਗਾਨ ਦੀਆਂ ਸਾਰੀਆਂ ਤਿਆਰੀਆ ਕੀਤੀਆਂ ਗਈਆਂ ਕਿ ਉਸ ਵੇਲੇ ਇੱਕ ਮੰਥਰਾ ਨਾਮੀ ਗਾਇਕਾ, ਬ੍ਰਹਮਾ ਦੀ ਭੇਜੀ ਹੋਈ ਜਲਦੀ ਜਲਦੀ ਸੱਜੇ ਸਜਾਏ ਮਹਿਲਾਂ ਦੇ ਉਤੇ, ਮੰਦਾ ਕੰਮ ਕਰਨ ਲਈ ਚੜ ਗਈ ।

The gates of the palace were highly decorated and adorned. Sufforn and chandan was sprinkled and applied. When all the preparations were ready and perfect in all respects, a wicked handmaid singer of Kaikey named Manthra, sent by Lord, of Divine forces, ascended the beautifully embellished and ornamented with lights, the palace, of king Dasrath, most hurriedly to fulfil her most wretched and wicked plot.

199

ਬੇਣ ਬੀਣ ਮ੍ਰਿਦੰਗ ਬਾਜ ,
ਸੁਣੇ ਚਹੀ ਚਕਬਾਲ ॥
ਰਾਮ ਰਾਜ ਉਠੀ ਜਯ ਧੁਨਿ ,
ਭੂੰਮ ਭੂਰ ਬਿਸਾਲ ॥
ਜਾਤ ਹੀ ਸੰਗ ਕੈਕਈ ,
ਇਹ ਭਾਂਤ . ਬੋਲੀ ਬਾਤ ॥

Digitized by Panjab Digital Library | www.panjabdigilib.org

ਹਾਥ ਬਾਤ ਛੁਟੀ ਚਲੀ ,
ਬਰ ਮਾਂਗ ਹੈ ਕੈਹਿ ਰਾਤ ॥

ਉਸ ਵੇਲੇ ਮ੍ਰਿਦੰਗ, ਵੀਨਾ ਆਦਿ ਵਾਜੇ ਬੜੇ ਜ਼ੋਰ ਦੀ ਵੱਜ ਰਹੇ ਸਨ । ਰਾਮ ਦੀ ਜੈ ਜੈ ਕਾਰ ਦੀ ਆਵਾਜ਼ ਧਰਤੀ ਤੋਂ ਬੜੀ ਉਚੀ ਉਚੀ ਉਠੀ । ਉਸ ਵੇਲੇ ਮੰਥਰਾ, ਜਾਦਿਆ ਹੀ ਕੈਕਈ ਨੂੰ ਕਹਿਣ ਲਗੀ, "ਗੱਲ ਹਥੋਂ ਛੁਟੀ ਜਾਦੀ ਹੈ, ਤੂੰ ਰਾਜੇ ਤੋਂ ਵਰ ਕਿਹੜੀ ਰਾਤੇ ਮੰਗੇਗੀ ?"

There was, at that hour great noice of music on clarion and tembourine. The glory of Rama, the incarnate, was sung in full pitch which echoed in the air. Manthra's soul was afire and as soon as she approached, Kaikey and declared her in great distr.ssed wickedness that she was being robbed of very badly indeed. She waxed the queen to ask for the two-boons. which had been promised by the king to her that night or else she would be lead to disaster.

200

ਕੈਕਈ ਇਮ ਜੇ ਸੁਨੀ ,
ਕਤੀ ਬੁਧਤਾ ਸਰਬੰਗ ॥
ਝੂਮ ਭੂੰਮ ਗਿਰੀ ਮ੍ਰਿਗੀ ,
ਜਿਮ ਲਾਗ ਬਾਣ ਸੁਰੰਗ ॥
ਜਾਤ ਹੀ ਅਧਵੰਸ ਕਉ ,
ਇਹ ਭਾਂਤ ਬੋਲੀ ਬੈਣ ॥
ਦੀਜਏ ਬਰ ਭੂਪ ਮੋਕਉ ,
ਜੋ ਕਹੋ ਦੋਇ ਦੈਨ ॥

ਕੈਕਈ ਨੇ ਜਿਸ ਵੇਲੇ ਇਹ ਬੋਲ ਸੁਣੇ ਤਾ ਲੋਹੀ ਲਾਖਾ ਹੋ ਕੇ ਧਰਤੀ ਉਤੇ ਚੁਫਾਲ ਇਉਂ ਡਿਗੀ ਜਿਵੇਂ ਹਿਰਣੀ ਤੀਰ ਦੇ ਲਗਨ ਨਾਲ ਡਿਗ ਪੈਂਦੀ ਹੈ । ਜਾਦਿਆ ਹੀ ਰਾਜਾ ਦਸਰਥ ਨੂੰ ਕਹਿਣ ਲਗੀ "ਮੈਨੂੰ ਦੋ ਵਰ ਦਿਉ ਜਿਹੜੇ ਤੁਸੀਂ ਦੇਣ ਦਾ ਇਕਰਾਰ ਕੀਤਾ ਸੀ ।"

Digitized By Panjab Digital Library | www.panjabdigilib.org

On hearing the treacherous words of the hump-back, queen Kaikey got enraged and furious. Possessed by extreme wrath she fell on the ground flat like a she-dear pierced with an aimed arrow Furiously she asked for the two boons which the king had promised.

.01

ਰਾਮ ਕੋ ਬਨ ਦੀਜੀਐ ,
ਮਮ ਪੂਤ ਕੋ ਨਿਜ ਰਾਜ ।
ਰਾਮ ਸਾਜ ਸੁ ਸੰਪਦਾ ,
ਦੇਊ ਚੌਰ ਛਤ੍ਰ ਸਮਾਜ ॥
ਦੇਸ ਔਰ ਬਿਦੇਸਕੀ ,
ਠਕੁਰਾਇ ਦੈ ਸਭ ਮੋਹਿ ॥
ਸੱਤ ਸੀਲ ਸਤੀ ਜਤੀ ,
ਬ੍ਰਤਿ ਤਉ ਪਛਾਨੋ ਤੋਹਿ ॥

ਰਾਮ ਨੂੰ ਬਣਬਾਸ ਦਿਤਾ ਜਾਵੇ ਅਤੇ ਮੇਰੇ ਪੁਤ੍ਰ ਭਰਤ ਨੂੰ ਰਾਜ । ਰਾਜ ਦੇ ਸਾਰੇ ਸੁਖ ਅਤੇ ਸੰਪਤੀ ਆਦਿ ਦੇ ਕੇ ਸਾਰੇ ਦਰਬਾਰ ਦੇ ਸਾਹਮਣੇ ਉਸ ਉਤੇ ਛਤ੍ਰ ਝੁਲਾਇਆ ਜਾਵੇ । ਸਾਰੇ ਦੇਸ਼ਾਂ, ਬਦੇਸ਼ਾਂ ਦਾ ਸੁਆਮੀ ਉਸ ਨੂੰ ਬਣਾਇਆ ਜਾਵੇ । ਹੇ ਰਾਜਨ, ਤੁਸੀਂ ਸੀਲ, ਸਤੀ ਜਤੀ ਅਤੇ ਸਤਿਵਾਦੀ ਹੋਣ ਦੇ ਕਾਰਨ ਆਪਣਾ ਬਚਨ ਪੂਰਾ ਕਰੋ ।।

Vexed, and furious, tutored by a villian, the queen asked the king to grant her the the boons, so benevolently favoured by him. For the one boon, Bharata be installed as a king and for the second, Rama be banised to the woods. She coaxed the king further to hold the court and in the presence of the assembly and congregation of the nobles and lords, Bharata be installed under royal embrella, and made the lord of the total riches. wealth

Digitized by Panjab Digital Library | www.panjabdigilib.org

and prosperity. Being truthful Lord of Raghus and eminently virtuous, pure, polite and benevolent, she exhorted the king to honour his promise.

202

ਪਾਪਨੀ ਬਨਰਾਮ ਕੱਪੈ ,
ਹੈ ਕਹਾ ਜਸ ਕਾਢ ॥
ਭਸਮ ਆਨਨ ਤੇ ਗਈ ,
ਕਹਿ ਕੈਸ ਕੇ ਅਸਿ ਬਾਢ ॥
ਕੱਪ ਭੂਪ ਕੁਵੰਤ ਨੇ ਤੁਹਿ ,
ਕਾਟੀਐ ਇਹ ਕਾਲ ॥
ਨਾਸ ਤੇਰਨ ਕੀਜੀਐ ,
ਤਕ ਛਾਡੀਐ ਤੁਹਿ ਬਾਲ ॥

ਦਸਰਥ ਨੇ ਕਿਹਾ,
"ਹੈ ਪਾਪਨੀ ਨਾਰੀ, ਤੇਨੂੰ ਰਾਮ ਨੂੰ ਬਣਬਾਸ ਦੇ ਕੇ ਕੀ ਪ੍ਰਾਪਤ ਹੋਵੇਗਾ ? ਜਿਸ ਮੁੰਹ ਨਾਲ ਇਹ ਕਬੱਲ ਕਹੇ ਹਨ ਉਸ ਨੂੰ ਵਢ ਸੱਟਾਂ ਜਾਂ ਸਾੜ ਦਿਆਂ।" ਕ੍ਰੋਧ ਵਿਚ ਕੰਬਦਾ ਹੋਇਆ ਰਾਜਾ ਕਹਿਣ ਲਗਾ, "ਦਿੱਲ ਕਰਦਾ ਹੈ, ਤੀਰ ਹੱਥ ਵਿੱਚ ਲੈ, ਐਸੇ ਵੇਲੇ ਤੈਨੂੰ ਵੱਢ ਸੁਟਾਂ ਪਰ ਤੇਰੀ ਜਆਨੀ ਉਤੇ ਮੈਨੂੰ ਤਰਸ ਆਉਂਦਾ ਹੈ ।"

Burning with passion and distress the king interogated as to what laurels would she win by banishing Rama, the incarnate, to the woods. With the swollen flood of wrath, and trembling in fury the king desired to cut her into pieces, or reduce her to ashes or pierce her with venomous arrow and thus finish with her there and then but restrained himself and took pity on her being tender in age.

203

ਨਗਸ ਰੂਪੀ ਛੰਦ ॥

ਨਰਦੇਵ ਦੇਵ ਰਾਮ ਹੈ ॥
ਅਭੇਵ ਧਰਮ ਧਾਮ ਹੈ ॥

Digitized by Panjab Digital Library | www.panjabdigilib.org

ਅਬੁੱਧ ਨਾਰਿ ਤੈ ਮਨੈ ॥
ਬਿਸੁਧ ਬਾਤ ਕੇ ਭਨੈ ॥

"ਰਾਮ, ਦੇਵਤਿਆ ਵਿਚੋਂ ਸਭ ਤੋਂ ਵਡਾ ਹੈ, ਉਹ ਪਰਮ ਧਰਮੀ ਹੈ। ਤੂੰ ਖੋਟੀ ਨਾਰੀ ਹੈ, ਤਬਾਹੀ ਲਿਆਣ ਵਾਲੀਆ ਗਲਾ ਕਰਦੀ ਹੈ ।"

Rama the incornate was the most respected and the supreme amongst the gods. He was exalt amongst the righteous and virtuous, but she was the most stupid and treacherous woman, who talked most unauspicious, evil words, which would bring about desparate disaster and calamity.

204

ਅਗਾਧਿ ਦੇਵ ਅਨੰਤ ਹੈ' ॥
ਅਛੂਤ ਸੋਭ ਵੰਤ ਹੈ' ॥
ਕ੍ਰਿਪਾਲ ਕਰਮ ਕਾਰਨੰ ॥
ਬਿਹਾਲ ਦਿਆਲ ਤਾਰਣੰ ॥

"ਰਾਮ ਅਗਾਧ ਦੇਵਤਾ ਹੈ ਉਸ ਦੀ ਸ਼ੋਭਾ ਦਾ ਕੋਈ ਸਾਨੀ ਨਹੀ, ਕ੍ਰਿਪਾਲੂ ਹੈ, ਦਿਆਲੂ ਹੈ ਬਿਹਾਲ ਹੈ ਅਤੇ ਚੰਗੇ ਕੰਮ ਕਰ ਕੇ ਦੁਖੀਆਂ ਨੂੰ ਤਾਰਨ ਵਾਲਾ ਹੈ ।"

Rama the incarnate, was unique, unprecidented in affectual actions. He was compassionate, merciful, gracious and humane, beyond limits. He was protector of the saints, week and the inflicted ones.

205

ਅਨੇਕ ਸੰਤ ਤਾਰਣੰ ॥
ਅਦੇਵ ਦੇਵ ਕਾਰਣੰ ॥
ਸੁਰੇਸ ਭਾਇ ਰੂਪਣੰ ॥
ਸਮ੍ਰਿੱਧ ਸਿਧੱ ਕੂਪਣੰ ॥

Digitized by Panjab Digital Library | www.panjabdigilib.org

ਹਾਮ, ਵਿਸਨੂੰ ਦਾ ਅਵਤਾਰ ਹੈ ਸੰਤਾ ਨੂੰ ਉਧਾਰਨ
ਅਤੇ ਮਨੁਖਾ ਨੂੰ ਦੇਵਤੈ ਬਨਾਣ ਵਾਲਾ ਸਭ ਗੁਣ ਸੰਪਨ
ਸਿਧੀਆਂ ਦਾ ਖਜ਼ਾਨਾ ਹੈ ।

Rama, was the divine incarnation of
Vishnu the effulgent, protector of
the holy ones and endowed with all
the supernatural powers of converting
the human being to gods, he was perfect
and accomplished in all the virtues.

206

ਬਰੰ ਨਰੇਸ ਦੀਜੀਐ ॥
ਕਹੇ ਸੁ ਪੂਰ ਕੀਜੀਐ ॥
ਨਸੰਕ ਰਾਜ ਪਾਰੀਐ ॥
ਨਾ ਬਲ ਖੰਲ ਹਾਰੀਐ ॥

ਕੈਕਈ ਨੇ ਕਿਹਾ, "ਹੇ ਹਾਜਾ ਮੇਰੇ ਵਰ ਪੂਰੇ ਕਰ ।
ਜੋ ਕਿਹਾ ਸੀ, ਉਸ ਉਤੇ ਪੂਰਾ ਉਤਰ । ਆਪਣੇ ਬਚਨਾ
ਤੋਂ ਨਾ ਹਾਰ ।"

Once again in terrible passion, Kaikey,
the queen, tauntingly chided the king
to honour his words fearlessly and not
to break them.

207

ਨਗਸ ਅੱਧਾ ਛੰਦ :

ਨਲਾਜੀਐ ॥ ਨਾ ਭਾਜੀਐ ॥
ਰਘੁਵੇਸ ਕੋ ॥ ਬਨੇਸ ਕੋ ॥

"ਹੇ ਰਾਜਨ ? ਡਰ ਨਾ, ਬਚਨ ਪੂਰੇ ਕਰ ।
ਰਾਮ ਨੂੰ ਬਣਬਾਸ ਭੇਜ ।"

The queen repeated the fatal words
to send Rama the incarnate to the woods
and thus fulfil his promise, fearlessly.

Digitized by Panjab Digital Library | www.panjabdigilib.org

208

ਬਿਦਾ ਕਰੌ ॥ ਧਰਾ ਹਰੌ ॥
ਨ ਭਾਜੀਐ ॥ ਬਿਰਾਜੀਐ ॥

"ਰਾਮ ਨੂੰ ਭੇਜ ਕੇ, ਅੰਕੜ ਨੂੰ ਦੂਰ ਕਰੌ
ਬੈਠ ਜਾਓ, ਬਚਨਾ ਤੋਂ ਨਾ ਨੱਸੋ ।"

Again Kaikey asked the king.
to remove the hindrance in the way
of her prosperity, and not to escape from
the fulfilment of the boons, so kindly
granted to her, and that he should take
seat and be settled.

209

ਬਸਿਸਟ ਕੌ ॥ ਦਿਜਿਸਟ ਕੌ ॥
ਬੁਲਾਈਐ ॥ ਪਠਾਈਐ ॥

"ਵਸ਼ਿਸ਼ਟ ਆਦਿ ਰਿਸ਼ੀਆਂ ਨੂੰ ਬੁਲਾਓ ਅਤੇ ਉਨਾਂ ਦੇ
ਸਾਹਮਣੇ ਰਾਮ ਨੂੰ ਬਣ ਵਿੱਚ ਭੇਜ ਦਿਓ ।"

Most wickedly she suggested to call the
holy sages Vashishta and others and
banish Rama in ceremonial presence
of them all.

210

ਨਰੇਸ ਜੀ ॥ ਉਸੇਸ ਜੀ ॥
ਘੁੰਮੇ ਘਿਰੇ ॥ ਧਰਾ ਗਿਰੇ ॥

ਰਾਜਾ ਦਸਰਥ ਨੇ ਲੰਮੀ ਅਤੇ ਦੁਖ ਭਰੀ ਆਹ ਲਈ
ਅਤੇ ਚੱਕਰ ਖਾ ਕੇ ਧਰਤੀ ਉਤੇ ਬੇ-ਸੁਧ ਹੋ ਕੇ ਡਿਗ ਪਇਆ ।

King Dasrath in anguish and bereavement,
tormented and cried in pain, extremely
bewildered, feeling giddy, he staggered and
fell down in swoon.

Digitized by Panjab Digital Library | www.panjabdigilib.org

211

ਸੁਚੇਤ ਭੇ, ਅਚੇਤ ਤੇ,
ਉਸਾਸ ਲੈ ॥ ਉਦਾਸ ਹੈ ॥

ਜਦੋਂ ਬਿਹੋਸ਼ੀ ਹੱਟੀ ਅਤੇ ਹੋਸ਼ ਆਈ, ਤਾਂ ਉਦਾਸੀ
ਵਿੱਚ ਠੰਡੇ ਸਾਹ ਭਰਨ ਲੱਗਾ ।

When he regained the state of consciousness,
in deep grief and distress he sighed in
meatal torture.

212

ਉਗਾਧ ਛੰਦ ॥

ਸੁਬਾਰ ਨੈਣੰ ॥ ਓਦਾਸ ਬੈਣੰ ॥
ਕਹਿਯੋ ਕੁਨਾਰੀ ॥ ਕਬਿਰਤ ਕਾਰੀ ॥

ਅਖੀਆਂ ਵਿੱਚ ਅਥਰੂ ਭਰ ਕੇ ਉਦਾਸੀ ਨਾਲ ਕਹਿਣ ਲਗਾ
"ਹੇ ਭੈੜੀ ਇਸਤ੍ਰੀ ਤੂੰ ਬਹੁਤ ਬੁਰਾ ਕੰਮ ਕੀਤਾ ਹੈ ।"

In deep sorrow and violent grief,
with eyes filled with tears, he spoke
to the wicked queen that she had done
a disastrous deed, not worthy of the
royal dignity.

213

ਕਲੰਕ ਰੂਪਾ ॥ ਕੁਬਿਤ ਰੂਪਾ ॥
ਨਿਲੱਜ ਨੈਣੀ ॥ ਕੁਬਾਕ ਬੈਣੀ ॥

"ਤੂੰ ਕਲੰਕਨੀ ਹੈਂ, ਚੰਦ੍ਰੀ ਹੈਂ, ਨਿਰਲੱਜ ਹੈਂ ਅਤੇ
ਭੈੜੇ ਬਚਨ ਬੋਲਨ ਵਾਲੀ ਹੈਂ ।"

The King reproached her for being
indiscreet, indecent, impudent,
immodest, crooked, and out
spoken.

Digitized by Panjab Digital Library | www.panjabdigilib.org

214

ਕਲੰਕ ਕਰਣੀ ॥ ਸਮ੍ਰਿਧ ਹਰਣੀ ॥
ਅਕ੍ਰਿਤ ਕਰਮਾ ॥ ਨਿਲੱਜ ਧਰਮਾ ॥

"ਤੂੰ ਰਘੁਵੰਸ਼ ਨੂੰ ਕਲੰਕਿਤ ਕਰਨ ਵਾਲੀ, ਕੁਲ ਦਾ ਨਾਸ ਕਰਨ ਵਾਲੀ, ਖੋਟੀ ਅਤੇ ਨਿਰਲੱਜ ਇਸਤ੍ਰੀ ਹੈਂ।"

Again the king rebuked her for bringing disgrace and disaster to the Solar Race, being wicked, crooked and impudent.

215

ਅਲੱਜ ਧਾਮੰ ॥ ਨਿਲੱਜ ਬਾਮੇ ॥
ਅਸੱਭ ਕਰਣੀ ॥ ਸੋਸਭ ਹਰਣੀ ॥

"ਤੂੰ ਨਿਰਲੱਜ ਇਸਤ੍ਰੀ ਹੈਂ, ਤੈਨੂੰ ਕੁਝ ਦੀ ਲਾਜ ਨਹੀਂ। ਤੂੰ ਸੋਭਾ ਨਹੀਂ ਖੱਟੀ, ਸਗੋਂ ਸਾਰੀ ਹੀ ਭਾ ਨਸ਼ਟ ਕਰ ਦਿਤੀ ਹੈ।"

Again the king abused her for being immodest, impudent and illomened, who caused to destroy the glory and high reputation of the Solar Race instead of inhancing it.

216

ਨਿਲੱਜ ਨਾਰੀ ॥ ਕੁਕਰਮ ਕਾਰੀ ॥
ਅਧਰਮ ਰੂਪਾ ॥ ਅਕੱਜ ਕੂਪਾ ॥

"ਤੂੰ ਅਧਰਮ ਦੀ ਮੂਰਤ ਨੇ ਨ ਕਰਨ ਵਾਲੇ ਕੰਮ ਕਰਕੇ, ਬੜਾ ਨਾਸ ਕੀਤਾ ਹੈ।"

The King could not restrain himself and again reproached her for being unrighteous, unvirtuous, in-elegant and wicked.

Digitized by Panjab Digital Library | www.panjabdigilib.org

217

ਪਹਪਿਟ ਆਰੀ ॥ ਕਕਰਮ ਨਾਰੀ ॥
ਮਰੈ ਨ ਮਰਣੀ ॥ ਅਕਾਜ ਕਰਣੀ ॥

"ਤੂੰ ਧੋਖੇਬਾਜ ਹੈ, ਖੋਟੀ ਹੈਂ, ਹੇ ਇਸਤ੍ਰੀ ਤੈਨੂੰ ਮੌਤ ਆ ਜਾਵੇ ।"

In great sorrow and agony the King cursed her to death who was so deceitful and wicked.

218

ਕੇਕਈ ਵਾਚ ॥

ਨਰੇਸ ਮਾਨੋ ॥ ਕਹਿਓ ਪਛਾਨੋ ॥
ਬਦਿਯੋ ਸੁ ਦੇਹੂ ॥ ਬਰੈ ਦੂ ਮੋਹੂ ॥

ਕੈਕਈ ਨੇ ਰਾਜੇ ਨੂੰ ਫੇਰ ਕਿਹਾ, "ਹੇ ਰਾਜਨ ਮੈਨੂੰ ਦਿਤੇ ਹੋਏ ਵਰ ਪੂਰੇ ਕਰ, ਆਪਣਾ ਬਚਨ ਪਾਲ ।"

Kaikey the wicked queen exhorted the king to grant her the boons, promised by him and honour his promise.

219

ਚਿਤਾਰ ਲੀਜੈ ॥ ਕਹਿਯੋ ਸੁ ਦੀਜੈ ॥
ਨ ਧਰਮ ਹਾਰੋ ॥ ਨ ਭਰਮ ਟਾਰੋ ॥

"ਹੇ ਰਾਜਨ, ਸੋਚ ਲੈ, ਭਰਮ ਨਾ ਕਰ, ਧਰਮ ਤੋਂ ਨਾ ਟਲ ਅਤੇ ਕਹੇ ਹੋਏ ਦੋ ਵਰ ਮੈਨੂੰ ਪੂਰੇ ਕਰ ।"

The queen urged the King again to honour his promise, remove all delusion and pay heed to his words.

220

ਬੁਲੈ ਬਸਿਸਟੈ ॥ ਅਪੁਰਬ ਇਸਟੈ ॥
ਕਹੀ ਸੀ ਦੇਸੈ ॥ ਨਿਕਾਰ ਦੇਸੈ ॥

Digitized by Panjab Digital Library | www.panjabdigilib.org

ਆਪਣੇ ਇਸਟ ਦੇਵ ਅਤੇ ਵਸ਼ਿਸਟ ਜੀ ਦੇ ਸਾਹਮਣੇ,
ਇਹ ਕੰਮ ਪੂਰਾ ਕਰ ਅਤੇ ਰਾਮ ਨੂੰ ਬਣਵਾਸ ਦੇਹ ।

Most crookedly, the queen entreated
to the King to banish Rama, the
incarnate, to the woods in the presence
of his family Dieties and Vashishta the
holy sage.

221

ਬਿਲੰਬ ਨ ਕੀਜੈ ॥ ਸੁਪਾਨ ਲੀਜੈ ॥
ਰਿਖੇਸ ਰਾਮੰ ॥ ਨਿਕਾਰ ਧਾਮੰ ॥

"ਹੇ ਚੰਗੇ ਰਾਜਨ, ਦੇਰ ਨਾ ਕਰ ਰਿਖੀਆਂ ਦੇ
ਆਸ਼ਰਮ ਵਿੱਚ ਰਾਮ ਨੂੰ ਬਣਬਾਸ ਦੇ ਦੇਹ ।"

So extreme was the cruelty of Kaikey
the queen, that time and over, she
pierced the King, with her venom stinged
words that he should be graceful enough
to honour his words, and thus banish Rama
to the woods, to live like ascetics in
the abode of the Rishis.

222

ਰਹੋ ਨ ਇਆਨੀ ॥ ਭਈ ਦਿਵਾਨੀ ॥
ਚੁਪੈ ਨ ਬੇਰੀ ॥ ਬਕੇਤ ਡੇਰੀ ॥

ਰਾਜੇ ਨੇ ਦੁਖ ਭਰੀ ਅਵਾਜ਼ ਵਿੱਚ ਕਿਹਾ "ਐ ਪਾਗਲ
ਇਸਤ੍ਰੀ, ਤੂੰ ਦਿਵਾਨੀ ਹੋ ਗਈ ਹੈਂ, ਜੋ ਪਾਗਲਾਂ ਵਾਂਗ
ਬਕਵਾਸ ਕਰਦੀ ਹੈਂ । ਚੁਪ ਕਰ ।"

The King in great pain and grief
groaned and asked the mad and insane
woman to shut up, her lunatic words.

Digitized by Panjab Digital Library | www.panjabdigilib.org

223

ਧ੍ਰਿਗੰਸਰੂਪਾ ।: ਨਿਖੇਧ ਕੂਪਾ ॥
ਦੁਬਾਕ ਬੈਣੀ ॥ ਨਰੇਸ ਛੈਣੀ ॥

"ਐ ਦੁਰਬਚਨ ਬੋਲਨ ਵਾਲੀ ਨਾਰੀ, ਧ੍ਰਿਗ ਹੈ ਤੇਰਾ ਰੂਪ ਤੇ ਲਾਹਨਤ ਹੈ ਤੈਨੂੰ" ਰਾਜੇ ਨੇ ਕਿਹਾ ।

The King in extreme sorrow and distress contemptuously abhored the queen and cursed her for being wild.

224

ਨਿਕਾਰ ਰਾਮੰ ॥ ਅਧਰਮ ਧਾਮੰ ॥
ਹਤਿਯੋ ਨਿਜੇਸੰ ॥ ਕੁਕਰਮ ਭੇਸੰ ॥

"ਰਾਮ ਨੂੰ ਬਣਵਾਸ ਦੇ ਕੇ, ਇਹ ਕੁਕਰਮ ਕਰਾ ਕੇ ਤੂੰ ਅਧਰਮ ਕਰਵਾਨਾ ਚਾਉਂਦੀ ਹੈ । ਆਪਣੀ ਕੁਲ ਦਾ ਨਾਸ ਕਰਨਾ ਚਾਹੁੰਦੀ ਹੈਂ ?" ਰਾਜੇ ਨੇ ਕਿਹਾ ।

The King repudiated vehemently the performance of most unrighteous,ignoble, and mean act which was bound to bring about disaster and calamity to the Solar race.

225

ਉਗਾਥਾ ਛੰਦ ॥
ਅਜਿੱਤ ਜਿੱਤੇ ॥ ਅਬਾਹ ਬਾਹੇ ॥
ਅਖੰਡ ਖੰਡੇ ॥ ਅਦਾਹ ਦਾਹੇ ॥
ਅਭੰਡ ਭੰਡੇ ਅਡੰਗ ਡੰਗੇ ॥
ਅਮੁੰਨ ਮੁੰਨੇ ॥ ਅਭੰਗ ਭੰਗੇ ॥

ਰਾਜਾ ਦੁਖ ਵਿਚ ਕੁਟਲਾ ਉਠਿਆ ਤੇ ਕਹਿਣ ਲਗਾ, ਇਕ ਭੈੜੀ ਨਾਰੀ ਨੇ ਕੀ ਕੁਝ ਕਰ ਦਿਖਾਇਆ ਹੈ, ਉਸ ਨੇ ਸ਼ਕਤੀ-ਸ਼ਾਲੀ ਨੂੰ ਜਿੱਤ ਲਿਆ ਹੈ, ਵਿਜਯੀ ਨੂੰ ਪਰਾਜਿਤ ਕਰ ਦਿਤਾ ਹੈ, ਚੰਗਿਆਂ ਭਲਿਆਂ ਨੂੰ ਬਦਨਾਮ ਕਰ ਦਿਤਾ ਹੈ । ਆਪਣੇ ਹਥਾਂ ਨਾਲ, ਨ ਮਰਨ ਵਾਲਿਆਂ ਨੂੰ, ਤੀਰਾਂ ਨਾਲ ਮਾਰ ਦਿਤਾ ਹੈ ।

Digitized by Panjab Digital Library | www.panjabdigilib.org

The king groaned in extreme pain and sorrow, that the wicked woman has been the cause of destructing the most indestructable; yielded the most unyielding, failed the most powerful; defeated the ever conquerer and killed those with unformidable bow who were not to be killed.

226

ਅਕਰਮ ਕਰਮੇ ॥ ਅਲੱਖ ਲਖੇ ॥
ਅਡੰਡ ਡੰਡੇ ॥ ਅਭੱਖ ਭੱਖੇ ॥
ਅਥਾਹ ਥਾਹੇ ॥ ਅਦਾਹ ਦਾਹੇ ॥
ਅਭੰਗ ਭੰਗੇ ॥ ਅਥਾਹ ਅਥਾਹੇ ॥

ਨ ਕਰਨ ਯੋਗ ਕੰਮ ਕੀਤੇ ਹਨ । ਅਣਹੋਣੀਆਂ ਬਦਸਗਨੀਆਂ ਕ੍ਰੀਤੀਆਂ ਹਨ । ਨਿਰਦੋਸਾਂ ਨੂੰ ਸਜ਼ਾ ਦਿਤੀ ਹੈ । ਵਿਵਰਜੱਤ ਕਰਮ ਕੀਤੇ ਹਨ । ਵੱਡੀ ਮਾੜੀ ਕਰਤੂਰ ਕੀਤੀ ਹੈ ।

The King continued to enumerate, the acts of meaness of the wicked queen and said that she had performed the act which was most undesirable, befallen the most invisible illomens, punished the most powerful and the innocent, and has acted in the meanest possible way, unmeasurable and unfathomable.

227

ਅਭਿੱਜ ਭਿੱਜੇ ॥ ਅਜਾਲ ਜਾਲੇ ॥
ਅਖਾਪ ਖਾਪੇ ॥ ਅਚਾਲ ਚਾਲੇ ॥
ਅਭਿੰਨ ਭਿੰਨੇ ॥ ਅਡੰਡ ਡਾਂਡੇ ॥
ਅਕਿੱਤ ਕਿੱਤੇ ॥ ਅਮੰਡ ਮਾਂਡੇ ॥

ਇਸ ਨੇ ਅਕਲਮੰਦਾਂ ਦਾ ਉਲੂ ਬਣਾ ਦਿਤਾ ਹੈ । ਸ੍ਰੰਤ੍ਰ ਨੂੰ ਜਾਲ ਵਿੱਚ ਫਸਾ ਲਿਆ ਹੈ । ਨ ਹਿਲਨ ਵਾਲਿਆਂ ਨੂੰ ਹਿਲਾ ਸੁਟਿਆ ਹੈ । ਨ ਟੁਟਨ ਵਾਲਿਆਂ ਨੂੰ ਤੋੜ ਸੁਟਿਆ ਹੈ । ਸਮਝਦਾਰਾ ਦੀ ਬੁਧੀ ਨੂੰ ਚਕਰਾ ਦੇਣ ਵਾਲਾ, ਗੈਰ ਕੁਦਰਤੀ ਕਰਤੱਵ ਕੀਤਾ ਹੈ ।

Digitized by Panjab Digital Library | www.panjabdigilib.org

She has unskilled the most skilled and the experienced. She has enslaved the free, moved the most immovable, divided the inseparable, acted in the most unnatural way and puzzeled the most intelligent.

228

ਅਛਿੰਦ ਛਿੰਦੇ ॥ ਅਦੱਗ ਦੱਗੇ ॥
ਅਚੋਰ ਚੋਰੇ ॥ ਅਠੱਗ ਠਗੇ ॥
ਅਭਿੱਦ ਭਿੱਦੇ ॥ ਅਛੋੜ ਛੋੜੇ ॥
ਅਕੱਮ ਕੱਜੇ ॥ ਅਜੋੜ ਜੋੜੇ ॥

ਇਸ ਨੇ ਨ ਟੁੱਟ ਸਕਨ ਵਾਲਿਆਂ ਨੂੰ ਤੋੜ ਦਿਤਾ ਹੈ, ਪਵਿਤ੍ਰਤਾ ਨੂੰ ਅਪਵਿਤ੍ਰ ਕਰ ਦਿਤਾ ਹੈ, ਆਪਣੇ ਖਜ਼ਾਨੇ ਨੂੰ ਆਪ ਲੁਟ ਲਿਆ ਹੈ, ਅਕਲਮੰਦਾਂ ਨੂੰ ਧੋਖੇ ਵਿਚ ਫਸਾ ਲਿਆ ਹੈ, ਆਪਣੇ ਆਪ ਨੂੰ ਆਪ ਹੀ ਤੋੜ ਦਿਤਾ ਹੈ । ਮੰਦੇ ਕੰਮਾਂ ਨੂੰ ਕੱਜ ਲਿਆ ਹੈ । ਅਯੋਗ ਕੰਮ ਕੀਤੇ ਹਨ ।

She has broken the most impregnabie, defiled the unpoluted and the pious, pilfered her own wealth and treasure, befooled the most sensible divided the most identical, covered the adulterers, and mained the most unworthy act.

229

ਅਦੱਗ ਦੱਗੇ ॥ ਅਮੋੜ ਮੋੜੇ ॥
ਅਖਿੱਚ ਖਿੱਚੇ ॥ ਅਜੋੜ ਜੋੜੇ ॥
ਅਕੱਢ ਕੱਢੇ ॥ ਅਸਾਧ ਸਾਧੇ ॥
ਅਕੱਟ ਕੱਟੇ ॥ ਅਛਾਧ ਛਾਧੇ ॥

ਇਸ ਨੇ ਸੁਖ ਸ਼ਾਂਤੀ ਵਿਚ ਭੜਥੂ ਪੈਦਾ ਕਰ ਦਿੱਤਾ ਹੈ । ਜਿਸ ਦਾ ਕੋਈ ਸਾਨੀ ਨਹੀਂ ਸੀ ਉਸ ਰਾਜ ਵਿਚ ਅੱਗ ਲਾ ਦਿੱਤੀ ਹੈ । ਇਸ ਨੇ ਅਯੋਗ ਗੱਲਾਂ ਕੱਢ ਮਾਰੀਆਂ ਹਨ । ਨਾ ਠੀਕ ਹੋ ਸਕਨ ਵਾਲੇ ਕੰਮ ਕੀਤੇ ਹਨ । ਵੱਸਦੇ ਘਰ ਨੂੰ ਪਾੜ ਦਿੱਤਾ ਹੈ । ਅਤੇ ਭੋਲੇ ਭਾ ਆਪਣੇ ਝਾਸੇ ਵਿੱਚ ਫਸਾ ਲਿਆ ਹੈ ।

Digitized by Panjab Digital Library | www.panjabdigilib.org

She has created tension in the calm and peaceful atmosphere. She has kindled the matchless mighty realm, extricated the most undesirable words from her mouth, performed the incurable acts, torued and lacerated the full house, and snared the most innocent.

230

ਅਧੰਧ ਧੰਧੇ ਅਕੱਜ ਕੱਜੇ ॥
ਅਭਿੰਨ ਭਿੰਨੇ ਅਭੱਜ ਭੱਜੇ ॥
ਅਛੋੜ ਛੋੜੇ ॥ ਅਲੱਧ ਲੱਧੇ ॥
ਅਜਿੱਤ ਜਿੱਤੇ ॥ ਅਬੱਧ ਬੱਧੇ ॥

ਇਸ ਨੇ ਆਪਣੇ ਖੇਖਨਾ ਨਾਲ ਸੁਖ ਸ਼ਾਂਤੀ ਵਿਚ ਤਬਾਹੀ ਮਚਾ ਦਿੱਤੀ ਹੈ । ਇਸ ਨੇ ਪਵਿਤ੍ਰਤਾ ਨੂੰ ਪਾਪਾਂ ਨਾਲ ਕੱਜ ਦਿੱਤਾ ਹੈ । ਇਸ ਨੇ ਜੁੜਿਆਂ ਹੋਇਆਂ ਨੂੰ ਵਿਛੋੜ ਦਿੱਤਾ ਹੈ । ਇਸ ਨੇ ਨ ਟੁੱਟ ਸਕਨ ਵਾਲਿਆਂ ਨੂੰ ਤੋੜ ਸੁਟਿਆ ਹੈ । ਨਾ ਛੋੜਨ ਵਾਲੀਆਂ ਗੱਲਾਂ ਛੇੜ ਕੇ ਇਸ ਨੇ ਦੁਖਾਂ ਅਤੇ ਮੁਸੀਬਤਾਂ ਦੇ ਕੰਢ ਹੇਠਾਂ ਦੱਬ ਦਿੱਤਾ ਹੈ । ਇਸ ਨੇ ਵਿਜਯੀਆਂ ਨੂੰ ਜਿੱਤ ਕੇ ਆਪਣੇ ਜਾਲ ਵਿਚ ਫਸਾ ਲਿਆ ਹੈ ।

With her most hedious tricks she has disturbed the peace and tranquility. She has covered the most pious with her sins, separated the unseparable, broken the most impregnable, started the talks most undesirable, and led every one to a calamity. She has encumbered under an undescribable burden, has won triumph over the unconquerable and arrested the most beloved and innocent.

231

ਅਚੀਰ ਚੀਰੇ ਅਤੋੜ ਤੋੜੇ ॥
ਅਠਾਟ ਠੱਟੇ ਅਪਾੜ ਪਾੜੇ ॥
ਅਧੱਕ ਧੱਕੇ ਅਪੰਗ ਪੰਗੇ ॥
ਅਜੁਧ ਜੁੱਧੇ ਅਜੰਗ ਜੰਗੇ ॥

Digitized by Panjab Digital Library | www.panjabdigilib.org

ਇਸ ਨੇ ਧੋਖੇ ਨਾਲ ਰਾਜ ਪ੍ਰਾਪਤ ਕੀਤਾ ਹੈ। ਇਸ ਨੇ ਤਬਾਹੀ ਲਿਆ ਦਿੱਤੀ ਹੈ। ਸਾਰੇ ਰਾਜ ਵਿਚ ਤਰਥੱਲੀ ਤੇ ਭੁਚਾਲ ਲੈ ਆਂਦਾ ਹੈ। ਅਨਹੱਕੀ ਚੀਜ਼ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਹੈ। ਹੁੰਦੇ ਹੋਏ ਕੰਮ ਦੇ ਰਾਹ ਵਿਚ ਰੋੜਾ ਅਟਕਾਇਆ ਹੈ। ਨਾਂ ਜਿੱਤੀ ਜਾ ਸਕਣ ਵਾਲੀ, ਖਾਹ ਮਖਾਹ ਦੀ ਲੜਾਈ ਸਹੇੜ ਲਈ ਹੈ।

By foul means she has tried to acquire the kingdom, and brought about destruction and disaster. She has shaken the whole dominion, tried to acquire the throne illegitimately. obstructed the progress in the way of prosperity, and picked up a quarrel most impregnable.

232

ਅਕੁੱਢ ਕੁੱਟੇ ॥ ਅਘੁਟ ਘਾਏ ॥
ਅਚੂਰ ਚੂਰੇ ॥ ਅਦਾਢ ਦਾਏ ॥
ਅਭੋਰ ਭੀਰੇ ॥ ਅਭੰਗ ਭੰਗੇ ॥
ਅਟੁੱਟ ਟੁੱਕੇ ॥ ਅਕੱਰਗ ਕੱਰਗੇ ॥

ਇਸ ਨੇ ਆਪਣੇ ਪਿਆਰਿਆਂ ਦਾ ਮਲੀਆਮੇਟ ਕਰਨ ਲਈ ਛੁਰਾ ਖੋਭਿਆ ਹੈ, ਅਤੇ ਉਨ੍ਹਾਂ ਨੂੰ ਚੂਰ ਚੂਰ ਕਰ ਕੇ ਅਤੇ ਜਖਮੀ ਕਰ ਕੇ, ਤਬਾਹੀ ਮਚਾ ਦਿੱਤੀ ਹੈ। ਇਸ ਨੇ ਨਿਕੀ ਜਿਹੀ ਗੱਲ ਨਾਲ ਸਭ ਕੁੱਝ ਲੁੱਟ ਪੁੱਟ ਲਿਆ ਹੈ।

She has stabbed, bruised, crushed and reduced to pieces her beloved ones, and with a trivial trick she had robbed everything and brought about destruction and calamity, in the whole state.

233

ਅਖਿੱਦ ਖੇਦੇ ॥ ਅਢਾਹ ਢਾਹੇ ॥
ਅਗੰਜ ਗੰਜੇ ॥ ਅਬਾਹ ਬਾਹੇ ॥
ਅਮੰਨ ਮੰਨੇ ॥ ਅਹੋਹ ਹੋ ਹੋ ॥
ਵਿਰਚੰਨ ਨਾਰੀ ਤੇ ਸੁੱਖ ਛੋਹੋ ॥

Digitized by Panjab Digital Library | www.panjabdigilib.org

ਇਸ ਨੇ ਆਪਣੇ ਪਿਆਰਿਆਂ ਨੂੰ ਦੁਖਾਂ ਦੀ ਭੱਠੀ ਵਿਚ ਸੁੱਟ ਦਿੱਤਾ ਹੈ, ਤਬਾਹ ਕਰ ਦਿੱਤਾ ਹੈ, ਬੇਇੱਜਤ ਕਰ ਦਿਤਾ ਹੈ, ਚੁੰਡ ਸੁੱਟਿਆ ਹੈ, ਤੀਰ ਮਾਰ ਕੇ ਘਾਇਲ ਕਰ ਸੁੱਟਿਆ ਹੈ, ਕੰਬਾ ਸੁੱਟਿਆ ਹੈ। ਸਚ ਹੈ ਜੇ ਪਤਨੀ ਹੀ ਬੇਮੁਖ ਹੋ ਜਾਏ ਤਾਂ ਪਤੀ ਨੂੰ ਸੁੱਖ ਕਿੱਥੇ ਪ੍ਰਾਪਤ ਹੋ ਸਕਦਾ ਹੈ ?

She has badly afflicted her near and dear ones, ruined them and treated them with great disrespect. She has tortured them, shooted them, terrified them, and ruined them to the utmost. Verily, verily if the wife goes against, happiness and prosperity can neverbe sought any where.

234

ਦੋਹਰਾ

ਇਹ ਬਿਧ ਕੈਕਈ ਹਠ ਗਹੀ ਯੋ,
ਬਰ ਮਾਂਗਨਿ ਨ੍ਰਿਪ ਤੀਰ ॥
ਅਤਿਆਤਰ ਕਿਆ ਕਹਿ ਸਕੈ
ਬਧਿਓ ਕਾਮ ਕੇ ਤੀਰ ॥

ਇਸ ਤਰ੍ਹਾਂ ਕੈਕਈ ਨੇ ਹੱਠ ਫੜੀ ਰਖਿਆ ਅਤੇ ਵਰ ਮੰਗਦੀ ਰਹੀ। ਕਾਮ ਦੇ ਤੀਰਾ ਦਾ ਵਿੰਨ੍ਹਿਆ ਹੋਇਆ ਰਾਜਾ, ਡਾਢਾ ਆਤੁਰ ਹੋ ਗਿਆ, ਕੀ ਕਹਿ ਸਕਦਾ ਸੀ।

Most obstinately the queen stuck to her words and demaded the fulfilment of the two boons granted to her. Pierced by the arrow of lust and god of love the king was rendered helplessly dumb.

235

ਬਹੁ ਬਿਧ ਪਰ ਪਾਇਨ ਰਹੇ
ਮੋਰੇ ਬਚਨ ਅਨੇਕ ॥

Digitized by Panjab Digital Library | www.panjabdigilib.org

ਗਹਿ ਹਠ ਕੈ ਅਬਲਾ ਰਹੀ
ਮਾਨਿਯੋ ਬਚਨ ਨਾ ਏਕ ॥

ਰਾਜਾ ਦਸਰਥ, ਕੈਕਈ ਦੇ ਪੈਰੀਂ ਪਿਆ, ਬੜੇ ਦੰਗਾ ਨਾਲ
ਮਨਾਣ ਦਾ ਯਤਨ ਕੀਤਾ ਪਰ ਕੈਕਈ ਨੇ ਇੱਕ ਨ ਮੰਨੀ,
ਸਾਰੇ ਬਚਨ ਮੋੜ ਦਿੱਤੇ ।

Most humbly the king Dasrath clasped the queen by the feet and begged her to reconsider her demands. But all her entreaties were turned down and he failed, most miserably.

236

ਬਰ ਦਯੋ ਮੈ ਛੰਰੋਂ ਨਹੀਂ
ਤੈਂ ਕਰ ਕੋਟ ਉਪਾਇ ॥
ਘਰ ਮੋ ਸੁਤ ਕਉ ਦੀਜੀਐ
ਬਨਬਾਸੇ ਰਘੁਰਾਇ ॥

ਹੇ ਰਾਜਨ ਚਾਹੇ ਕਰੋੜਾਂ ਉਪਾਓ ਕਰ, ਮੈਂ ਵਰ ਨਹੀਂ
ਛੱਡ ਸਕਦੀ, ਮੇਰੇ ਵਰ ਪੂਰੇ ਕਰ, ਭਰਤ ਨੂੰ ਰਾਜ ਦੇਹ
ਅਤੇ ਰਾਮ ਨੂੰ ਬਣਬਾਸ ।

The obstinate and wicked queen strained the king all the more by saying that he may design innumerable devices, but she was not going to give up her demand of installing Bharata, her son, as the king and banishing Rama to the forest.

237

ਭੂਪ ਧਰਨ ਬਿਨ ਬੁਧਿ ਗਿਰਜੋ
ਸੁਨਤ ਬਚਨ ਤ੍ਰਿਯ ਕਾਨ ॥
ਜਿਮ ਮ੍ਰਿਗੇਸ ਬਨ ਕੋ ਬਿਧੈ
ਬੀਧਿਯੋ ਬਧੱਕ ਬਰਿਬਾਨ ॥

Digitized by Panjab Digital Library | www.panjabdigilib.org

ਕੈਕਈ ਦੇ ਸ਼ਬਦ ਕੰਨਾਂ ਰਾਹੀਂ ਸੁਣਦਿਆਂ ਰਾਜਾ ਧਰਤੀ
ਉਤੇ ਬੇਸੁਧ ਹੋ ਕੇ ਇਉਂ ਡਿਗ ਪਿਆ ਜਿਵੇਂ ਬਣ ਵਿੱਚ ਤੀਰ
ਲਗਨ ਨਾਲ ਸ਼ੇਰ ਡਿੱਗ ਪੈਂਦਾ ਹੈ ।

Hearing the most undesirable words from her queen the king fell flat on the ground and swooned, like the mighty tiger aimed at, in the forest, with a piercing arrow.

238

ਤਰਫ਼ਰਾਤ ਪ੍ਰਿਥਵੀ ਪਰਯੋ
ਸੁਨ ਬਨ ਰਾਮ ਉਚਾਰ ॥
ਪਲਕ ਪ੍ਰਾਨ ਤਯਾਗੇ ਤਜਤ
ਮੁਧ ਸਫਰੀ ਸਰਬਾਰ ॥

ਰਾਮ ਨੂ ਬਣ ਵਿੱਚ ਭੇਜਨ ਦੇ ਸ਼ਬਦ ਸੁਣ ਕੇ ਰਾਜਾ
ਧਰਤੀ ਉਤੇ ਪਿਆ ਇਉਂ ਤੜਫਿਆ ਜਿਵੇਂ ਜਲ ਵਿਚੋਂ
ਬਾਹਰ ਪਈ ਮੱਛੀ ਤੜਫਦੀ ਹੈ ।

On hearing again the unauspicious words of banishing Rama, the incarnate, to the forest, King fluttered restlessly, most agitated and bewildered, like a fish out of water.

239

ਰਾਮ ਨਾਮ ਸ੍ਰਵਨਨ ਸੁਣਿਯੋ
ਉਠ ਫਿਰ ਭਯੋ ਸੁਚੇਤ ॥
ਜਨੁ ਰਣ ਸੂਭਟ ਗਿਰਿਯੋ ਉਠਿਯੋ
ਰਹਿ ਅਸਨਿਡਰ ਸੁਚੇਤ ॥

ਰਾਮ ਦੀ ਅਵਾਜ਼ ਕੰਨਾਂ ਤੋਂ ਸੁਣਦਿਆ ਉਹ ਬਿਹੋਸ਼ੀ ਤੋਂ ਇਉਂ
ਉਠਿਆ ਜਿਵੇਂ ਕੋਈ ਯੋਧਾ ਰਣ ਵਿੱਚ ਘਾਇਲ ਹੋਇਆ
ਹੋਇਆ ਉਠਦਾ ਹੈ ॥

Digitized by Panjab Digital Library | www.panjabdigilib.org

Hearing the sweet and honey-tonged words of Rama, the incarnate, the king regained consciousness like the wounded and afflicted warrior fallen in the battle field.

240

ਪ੍ਰਾਨ ਪਤਨ ਨ੍ਰਿਪਬਰ ਸਹਿਯੋ
ਧਰਮ ਨ ਛੋਰਾ ਜਾਇ ॥
ਦੈਨ ਕਹੇ ਜੋ ਬਰਹੁ ਤੇ
ਤਨ ਜੁਤ ਦਏ ਉਠਾਇ ॥

ਰਾਮ ਨੇ ਕਿਹਾ, "ਹੇ ਮਹਾਰਾਜ ਪ੍ਰਾਣ ਜਾਂਦੇ ਹਨ ਤਾਂ ਜਾਨ, ਪਰ ਧਰਮ ਨੂੰ ਛਡਨਾ ਉਚਿਤ ਨਹੀਂ। ਜਿਹੜੇ ਦੋ ਵਰ ਆਪਨੇ ਕੈਕਈ ਨੂੰ ਦੇਣੇ ਕੀਤੇ ਹਨ। ਉਹ ਆਪਣੇ ਤਨ ਬਲ ਨਾਲ ਪੂਰੇ ਕਰੋ।"

Rama the incarnate, helping his father, viewing the whole situation, asked him not to disgrace and perish his fair name, for a matter so triffling, and not to leave the path of righteousness, even at the cost of his precious life. He should honour the two promises so generously granted by him.

241

ਕੈਕਈ ਵਾਚ ਨ੍ਰਿਪੇ ਵਾਚ ॥ ਬਸ਼ਿਸ਼ਟਸੋ ॥
ਰਾਮ ਪਯਾਨੇ ਬਨ ਕਰੈ ॥
ਭਰਥ ਕਰੈ ਠਕੁਰਾਇ ॥
ਬਰਖ ਚਤੁਰ ਦਸ ਕੋ ਬਿਤੋ
ਫਿਰ ਰਾਜਾ ਰਘੁਰਾਇ ॥

ਕੈਕਈ ਨੇ ਰਾਜੇ ਦਸਰਥ ਨੂੰ ਵਸ਼ਿਸ਼ਟ ਜੀ ਦੇ ਸਾਹਮਣੇ ਕਿਹਾ ਕਿ ਭਰਤ ਨੂੰ ਰਾਜ ਤਿਲਕ ਦਿਤਾ ਜਾਵੇ ਅਤੇ ਰਾਮ ਨੂੰ ਬਣਬਾਸ। ਚੌਦਾਂ ਸਾਲਾਂ ਮਗਰੋਂ ਫੇਰ ਰਾਮ ਰਾਜ ਕਰੇ।

Digitized by Panjab Digital Library | www.panjabdigilib.org

In the presence of the holy Vashishta the queen repeated her demand again to king Dasrath, that Bharata may be installed as a king and Rama to go to the woods for fourteen years.

242

ਕਹੀ ਬਸ਼ਿਸ਼ਟ ਸੁਧਾਰਕਰ
ਸ੍ਰੀ ਰਘੁਬੀਰ ਸੋ ਜਾਏ ॥
ਬਰਖ ਚਤੁਰ ਦਸੋ ਭਰਤਨ੍ਰਿਪ
ਪੁਨ ਨ੍ਰਿਪ ਸ੍ਰੀ ਰਘੁਰਾਇ ॥

ਵਸ਼ਿਸ਼ਟ ਜੀ ਨੇ ਸਪਸ਼ਟ ਕਰਕੇ ਗੱਲ ਕਹੀ ਕਿ ਚੌਦਾਂ ਸਾਲ ਭਰਤ ਰਾਜ ਕਰੇ ਅਤੇ ਚੌਦਾਂ ਸਾਲਾਂ ਦੇ ਬਾਦ ਰਾਮ ਆ ਕੇ ਰਾਜ ਲਵੇ ।

Making it more intelligible, and removing all the suspicions the holy sage repeated the words of the queen that for foruteen years, Bharata shall be the supreme king and after the lapse of fourteen years Rama the incarnate, shall be the monarch.

243

ਸੁਨ ਬਸਿਸਟ ਕੋ ਬਚਨ ਸੂਵਣ
ਰਘੁ ਪਤਿ ਫਿਰੈ ਸੁਸੋਗ ॥
ਉਤ ਦਸਰਥ ਤਨ ਕੋ ਤਜ਼ਿਓ
ਸ੍ਰੀ ਰਘਬੀਰ ਬਿਯੋਗ ॥

ਵਸ਼ਿਸ਼ਟ ਜੀ ਦੇ ਬਚਨ ਸੁਣ ਕੇ ਰਘੁਪਤੀ ਬਣਾ ਨੂੰ ਗਏ ਅਤੇ ਰਾਜਾ ਦਸਰਥ ਨੇ ਵਿਯੋਗ ਵਿਚ ਪ੍ਰਾਣ ਤਿਆਗ ਦਿਤੇ ।

In compliance to the decision taken by the holy sage, Rama, the incarnate, departed to the woods. Tormented with the pangs of

Digitized by Panjab Digital Library | www.panjabdigilib.org

separation of his most devoted, beloved and worthy son, the king Dasrath died in distress.

244

ਸੋਰਠਾ :

ਗ੍ਰਿਹ ਆਵਤ ਰਘੁਰਾਇ
ਸਭ ਧਨ ਦੀਜੈ ਲੂਟਾਇਕੈ ॥
ਕਟਿ ਤਰਕਸੀ ਸੁਹਾਇ
ਬੋਲਤ ਭੇ ਸੀਅ ਸੋ ਬਚਨ ॥

ਜਿਸ ਵੇਲੇ ਰਾਮ ਸੀਤਾ ਦੇ ਮਹਿਲਾਂ ਵਿਚ ਆਏ ਤਾਂ ਉਨ੍ਹਾਂ ਨੇ ਆਉਂਦਿਆਂ ਹੀ ਸਾਰੇ ਬਸਤ੍ਰ ਅਤੇ ਅਭੂਸ਼ਨ ਉਤਾਰ ਕੇ ਵੰਡ ਦਿਤੇ । ਤਰਕਸ਼ ਅਤੇ ਤੀਰ ਸਜਾ ਕੇ ਸੀਤਾ ਨੂੰ ਕਹਿਣ ਲੱਗੇ ।

Reaching the inner apartments of Sita's residential palace, Rama the incarnate, abondoned his beautiful, splendid, magnificent robes and precious ornaments, distributed them to the poor. With a bow tied to his side and quivet by his waist, he spoke to Lis lovely wife, Sita.

245

ਸੁਨ ਸੀਆ ਸੁਜੱਸ ਸੁਜਾਨ ॥
ਰਹੋ ਕੋਸਲਿਆ ਤੀਰ ਤੁਮ ॥
ਰਾਜ ਕਰੌਂ ਫਿਰ ਆਨ ॥
ਤੋਹਿ ਸਹਿਤ ਬਨਬਾਸ ਬਸਿ ॥

'ਹੇ ਸਿਆਣੀ, ਅਤੇ ਸੋਭਾ ਵਾਲੀ ਸੀਤਾ ਤੂੰ ਆਪਣੀ ਸੱਸ ਕੌਸਲਿਆ ਕੋਲ ਰਹੁ, ਮੈਂ ਚੌਦਾਂ ਸਾਲਾਂ ਦੇ ਬਣਵਾਸ ਮਗਰੋਂ ਤੇਰੇ ਨਾਲ ਆ ਕੇ ਰਾਜ ਭੋਗਾਂਗਾ' ।

Digitized by Panjab Digital Library | www.panjabdigilib.org

Addressing his wise, noble, gentle and glorious wife Sita, Rama the incarnate, advised her to remain at home and dwelt with her mother-in-law, Kaushalya, and that he would enjoy the royal throne, along with her, after the lapse of fourteen years of banishment.

246

ਸੀਤਾ ਵਾਚ ਰਾਮ ਸੋ ॥ ਸੋਰਠਾ ॥

ਮੈਂ ਨਾ ਤਜੋਂ ਪੀਯ ਸੰਗ
ਕੈਸੋ ਦੁਖ ਜੀਅ ਪੈ ਪਰੇ ॥
ਤਨਕ ਨਾ ਮੋਤੋਂ ਅੰਗ
ਅੰਗ ਤੇ ਹੋਏ ਅਨੰਗ ਕਿਨ ॥

"ਮੈਂ ਅਪਣੇ ਪ੍ਰੀਤਮ ਦਾ ਸਾਥ ਨਹੀਂ ਛੱਡ ਸਕਦੀ । ਚਾਹੇ ਮੈਨੂੰ ਕਿਨੇ ਦੁੱਖ ਉਠਾਨੇ ਪੈਣ । ਮੈਂ ਅਪਣੇ ਪਤੀ ਤੋਂ ਵੇਮੁਖ ਹੋ ਕੇ ਨਹੀਂ ਰਹਿ ਸਕਦੀ ਚਾਹੇ ਮੇਰਾ ਸਰੀਰ ਨਾ ਰਹੇ ।" ਸੀਤਾ ਨੇ ਕਿਹਾ.

Hearing the tender and winning words from her beloved, and summing up her courage Sita replied that no torture was greater than the pangs of separation of her beloved, without beholding the sun like face of her Lord, she would be a body without soul.

247

ਰਾਮੋ ਵਾਚ ਸੀਤਾ ਪ੍ਰਤਿ ॥ ਮਨੋਹਰ ਛੰਦ ॥

ਜਉ ਨ ਰਹੋ ਸਸੁਰਾਰ ਕ੍ਰਿਸੋਦਰ
ਜਾਹ ਪਿਤਾ ਗ੍ਰਿਹ ਤੋਹਿ ਪਰੈ ਦਿਉ' ॥
ਨੈਕ ਸੁਭਾਨਨ ਤੇ ਹਮ ਕਉ
ਜੋਈ ਠਾਂਟ ਕਹੋ ਸੋਈ ਗਾਂਠ ਗਠੈ ਦਿਉਂ ॥
ਜੋ ਕੁਛ ਚਾਹ ਕਰੋ ਧਨ ਕੀ ਟੁਕ
ਮੋਹ ਕਹੋ ਸਭ ਤੋਹਿ ਉਠੈ ਦਿਉਂ ॥

Digitized by Panjab Digital Library | www.panjabdigilib.org

ਕੇਤਕ ਅਉਧ ਕੋ ਰਾਜ ਸਲੋਚਨ,
ਰੰਕ ਕੋ ਲੰਕ ਨਿਸੰਕ ਲੁਟੈ ਦਿਉਂ ॥

ਰਾਮ ਨੇ ਕਿਹਾ. "ਹੇ ਸੁੰਦਰੀ, ਪਤਲੀ ਕਮਰ ਵਾਲੀ, ਨਾਜ਼ਕ, ਰੂਪਮਤੀ ਜੇ ਤੂੰ ਆਪਣੀ ਸੱਸ ਕੋਲ ਰਹਿਣਾ ਪਸੰਦ ਨਹੀਂ ਕਰਦੀ ਤਾਂ ਤੈਨੂੰ ਤੇਰੇ ਪਿਤਾ ਦੇ ਘਰ ਭੇਜ ਦੇਵਾ । ਹੇ, ਨੇਕ, ਮਨਮੋਹਣੀ ਜੋ ਕਹੇ ਮੈਂ ਉਹੋ ਕੰਮ ਕਰਾ । ਜੇ ਧਨ ਦੀ ਲੋੜ ਹੋਵੇ ਤਾਂ ਸਾਰਾ ਧਨ ਤੈਨੂੰ ਦੇ ਦਿਆਂ । ਹੇ ਕਮਲ ਨੈਣੀ : ਜਿੰਨਾ ਅਯੋਧਿਆ ਦਾ ਰਾਜ ਹੈ ਜੇ ਕਹੇ ਤਾਂ ਤੇਰੀ ਪਤਲੀ ਕਮਰ ਤੋਂ ਵਾਰ ਕੇ ਸੁਟ ਦਿਆਂ !"

Rama, the incarnate, asked the lovely, enchanting and of slander waiste wife, Sita, that if she did not like to stay with her mother-in-law, she may go to her parents, during the period of banishment. And if she desired insignificant piece of wealth, he would pour the whole of it for her. He told his lotus-eyed wife that if she so desired, he would sacrifice, all the wealth and treasures, immeasurable for the beauty of her slander waist.

248

ਘੋਰ ਸੀਆ ਬਨ ਤੂ ਸੁ ਕੁਮਾਰ,
ਕਹੇ ਹਮ ਸੋ ਕਸ ਤੇ ਨਿਬਹੈ ਹੈ ॥
ਗੂੰਜਤ ਸਿੰਘ ਡਰਕਾਤ ਕੋਲ,
ਭਯਾਨਕ ਭੀਲ ਲਖੇ ਭ੍ਰਮ ਐ ਹੈ ॥
ਸੁੰਕਤ ਸਾਪ ਬਕਾਰਤ ਬਾਘ,
ਭਕਾਰਤ ਭੂਤ ਮਹਾਂ ਦੁਖ ਪੈ ਹੈ ॥
ਤੂੰ ਸੁ ਕੁਮਾਰ ਰਚੀ ਕਰਤਾਰ,
ਬਿਚਾਰ ਚਲੇ ਤੁਹਿ ਕਿਉ ਬਨ ਐ ਹੈ ॥

"ਹੇ ਸੀਤੇ : ਤੂੰ ਅਤਿ ਕੋਮਲ ਸਰੀਰ ਦੀ ਹੈਂ, ਤੇਰਾ ਓਥੇ ਕਿਵੇਂ ਨਿਰਬਾਹ ਹੋ ਸਕਦਾ ਹੈ ? ਬਣਾਂ ਵਿੱਚ ਸ਼ੇਰ ਗਰਜਦੇ ਹਨ, ਰਿੱਛ ਘੂਰਾਂਦੇ ਹਨ, ਭਿਆਨਕ ਭੀਲ ਆ ਆ ਕੇ ਡਰਾਂਦੇ ਹਨ । ਸੱਪ ਫੁੰਕਾਰਦੇ ਹਨ । ਚੀਤੇ ਬਕਾਰ ਦੇ ਹਨ, ਭੂਤ ਪ੍ਰੇਤ ਆ ਆ ਕੇ

Digitized by Panjab Digital Library | www.panjabdigilib.org

ਦੁਖੀ ਕਰਦੇ ਹਨ । ਹੇ ਸੀਤੇ : ਤੂੰ ਅਤਿ ਕੋਮਲ ਹੈ, ਤੈਨੂੰ ਕਰਤਾਰ ਨੇ ਬਣਾਂ ਦੇ ਦੁਖ ਸਹਿਣ ਲਈ ਨਹੀਂ ਬਣਾਇਆ । ਇਸ ਲਈ ਤੂੰ ਬਣਾਂ ਵਿੱਚ ਜਾ ਕੇ ਕੀ ਲੈਣਾ ਹੈ ?

Rama the incarnate dissuaded Sita to go to the forest and set clearly before her the troubles of the forest life and said, "O, most tender and delicate : the forest is exceedingly toilsome. There the most fierce animals like lions roar, bears rumble, snakes hiss, tigers growl, goblin howl and Bhils trouble most dreadfully. O, most charming and soft : you are not created by the Almighty to undergo such penance and live in the wood. Ponder over my fair lady and stay at home.

249

ਸੀਤਾ ਵਾਚ ਰਾਮ ਸੋਂ ॥

ਸੂਲ ਸਹੌਂ ਤਨ ਸੂਕ ਰਹੌ
ਪਰ ਸੀ ਨ ਕਹੌਂ ਸਿਲ ਸੂਲ ਸਹੌਂਗੀ ॥
ਬਾਘ ਬੁਕਾਰ ਫਨੀਨ ਫੁਕਾਰ
ਸੁ ਬੀਸ ਗਿਰ ਪਰ ਸੀ ਨ ਕਹੌਂਗੀ ॥
ਬਾਸ ਕਹਾ ਬਨਬਾਸ ਭਲੇ
ਨਹੀਂ ਪਾਸ ਤਜੋ ਪੀਯ ਪਾਇ ਗਹੌਂਗੀ ॥
ਹਾਸ ਕਹਾ ਇਹ ਉਦਾਸ ਸਮੋਂ
ਗ੍ਰਿਹ ਆਸ ਰਹੇ ਪਰ ਮੈਂ ਨ ਰਹੌਂਗੀ ॥

ਸੀਤਾ ਨੇ ਉਤਰ ਦਿਤਾ, "ਹੇ ਦੇਵ ! ਬਣਾਂ ਦੀਆਂ ਸਭ ਤਕਲੀਫਾਂ ਮੈਂ ਤਨ ਉਤੇ ਸਹਾਂਗੀ ਅਤੇ ਸੀ ਤਕ ਨਹੀਂ ਕਰਾਂਗੀ । ਜੇ ਸ਼ੇਰ ਗਰਜਨਗੇ ਯਾਂ ਸੱਪ ਕੱਟ ਜਾਣਗੇ ਤਾਂ ਮੈਂ ਸਰੀਰ ਤਿਆਗ ਦਿਆਂਗੀ ਪਰ ਤਾਂ ਵੀ ਆਹ ਨਹੀਂ ਭਰਾਂਗੀ । ਪਤੀ ਤੋਂ ਬਿਨਾਂ ਬਣਵਾਸ ਵਿੱਚ ਰਹਿਣ ਨਾਲੋਂ ਮੈਂ ਪਤੀ ਦੇ ਸੰਗ ਬਣਬਾਸ ਵਿੱਚ ਰਹਿਣਾ ਭਲਾ ਸਮਝਦੀ ਹਾਂ । ਇਸ ਦੁਖ ਦੇ ਸਮੇਂ ਜਦ ਮੇਰਾ ਪਤੀ ਬਣਾਂ ਵਿਚ, ਹੋਵੇ, ਮੈਂ ਰਾਜ ਮਹਿਲਾਂ ਵਿੱਚ ਖੁਸ਼ੀਆਂ ਮਣਾਂਗੀ ? ਹੇ ਪਤੀ ਦੇਵ ! ਇਸ ਗੱਲ ਦੀ ਆਸ ਨਾ ਰਖੋ ।"

On hearing the words of her Lord, that he would leave her behind, Sita summed up her courage and replied

Digitized by Panjab Digital Library | www.panjabdigilib.org

"O my Lord, To a woman there is no joy greater than the company of her husband. I shall under go all the tortures and shall never complain the difficulties and hardships of the forest life. At the roar of the mighty fierceful lions and dreadful serpants, my soul bird may fly away the body but never will I feel grieved. In the company of my beloved, the forest life will be as good as, the luxurious life of the palace. At the time of this bereavement when my beloved Lord will be in the forest, do you think it behoves of me to live in luxury and joy ? O Lord of wisdom ! give up the hope and consider my supplication.

250

ਰਾਮ ਵਾਚੁ ਸੀਤਾ ਪ੍ਰਤਿ ॥

ਰਾਸ ਕਹੋ ਤੁਹਿ ਬਾਸ ਕਹੋ
ਗ੍ਰਿਹ ਸਾਸ ਕੀ ਸੇਵ ਭਲੀ ਬਿਧਿ ਕੀਜੈ ॥
ਕਾਲ ਹੀ ਬਾਸ ਬਨੈ ਮ੍ਰਿਗ ਲੋਚਨਿ,
ਰਾਜ ਕਰੋਂ ਤੁਮ ਸੋ ਸੁਨ ਲੀਜੈ ॥
ਜੋ ਠ ਲਗੀ ਜੀਯ ਅਉਧ ਸੁਭਾਂਨਨ
ਜਾਹਿ ਪਿਤਾ ਗ੍ਰਿਹ ਸਾਚ ਭਨੀਜੈ ॥
ਤਾਤ ਕੀ ਬਾਤ ਗਡੀ ਜੀਯ ਜਾਤ
ਸਿਧਾਤ ਬਨੈ ਮੁਹਿ ਆਇਸ ਦੀਜੈ ॥

ਰਾਮ ਨੇ ਸੀਤਾ ਨੂੰ ਹੋਰ ਪ੍ਰੇਰਨਾ ਦੇਂਦੇ ਹੋਏ ਬਣ ਵਿੱਚ ਜਾਨ ਤੋਂ ਰੋਕਣ ਲਈ ਕਿਹਾ, "ਹੇ ਹਰਨਾਖੀ ਸੀਤੇ : ਮੈਂ ਤੈਨੂੰ ਠੀਕ ਕਹਿੰਦਾ ਹਾਂ । ਤੂੰ ਮਹਿਲਾਂ ਵਿੱਚ ਰਹਿ ਕੇ ਆਪਣੀ ਸੱਸ ਦੀ ਸੇਵਾ ਚੰਗੀ ਤਰ੍ਹਾਂ ਕਰੀਂ । ਜਲਦੀ ਹੀ ਬਣਬਾਸ ਭੰਗ ਕੇ ਮੈਂ ਆ ਕੇ ਤੇਰੇ ਨਾਲ ਰਾਜ ਕਰਾਂਗਾ । ਜੇ ਤੇਰਾ ਦਿਲ ਅਵਧ ਵਿੱਚ ਨਾ ਲਗੇ ਤਾਂ ਹੇ ਨੇਕ ਅਤੇ ਮਨਮੋਹਣੀ ! ਆਪਣੇ ਪਿਤਾ ਦੇ ਗ੍ਰਿਹ ਵਿਖੇ ਚਲੀ ਜਾਈਂ । ਪਿਤਾ ਦੇ ਦਿਤੇ ਹੋਏ ਬਚਨ ਮੇਰੇ ਹਿਰਦੇ ਵਿੱਚ ਚੁਭ ਗਏ ਹਨ, ਇਸ ਲਈ ਮੈਨੂੰ ਬਨਾਂ ਵਿੱਚ ਜਾਨ ਦੀ ਹੁਣ ਆਗਿਆ ਦੇਹ ।

Speaking dissidently, Rama, the incarnate, disuading her fair and delicate wife from going to the wood said to her, "Hearken O, fawn eyed beloved ! agree to what I say, remain at home, in the holy service of your revered mother-in-law. I shall come soon, after the

Digitized by Panjab Digital Library / www.panjabdigilib.org

lapse of fourteen years and live like a glorious monarch along with the charming and attractive lady like you. O most bewitching and exceedingly delightful lady ! if in any way you feel berieved, you are allowed to go to your parents. I am awfully touched at heart by the promise granted by my father, the King. Allow me to departed now."

251

ਲਛਮਨ ਵਾਚ ॥

ਬਾਤ ਇਤੈ ਇਹੁ ਭਾਂਤ ਭਈ
ਸੁਨ ਆਇਗੋ ਭ੍ਰਾਤ ਸਰਾਸਨ ਲੀਨੇ ॥
ਕਉਨ ਕਪੂਤ ਭਯੋ ਕੁਲ ਮੈ
ਜਿਨ ਰਾਮਹਿ ਬਾਸ ਬਨੈ ਕਹੁ ਦੀਨੇ ॥
ਕਾਮ ਕੇ ਬਾਣ ਬਧਿਯੋ ਬਸ ਕਾਮਨ
ਕੂਰ ਕੁਚਾਲ ਮਹਾ ਮਤਿ ਹੀਨੇ ॥
ਰਾਂਡ ਕੁਭਾਂਡ ਕੇ ਹਾਥ ਬਿਕਿਯੋ,
ਕਪਿ ਨਾਚਤ ਨਾਚ ਛਰੀ ਜਿਮ ਚੀਨੇ ॥

ਏਧਰ ਇਹ ਗੱਲ ਹੋਈ ਕਿ ਜਿਸ ਵੇਲੇ ਲਛਮਨ ਨੂੰ ਪਤਾ ਲਗਾ ਤਾਂ ਉਹ ਕ੍ਰੋਧ ਵਿੱਚ ਧਨੁਸ ਚੁਕ ਕੇ ਆ ਗਿਆ ਅਤੇ ਕਹਿਣ ਲਗਾ, "ਉਹ ਕੌਣ ਕਪੂਤ ਹੈ ਜਿਸ ਨੇ ਰਾਮ ਵਰਗੇ ਦੇਵਤਾ ਪੁਤ੍ਰ ਨੂੰ ਬਣਬਾਸ ਲਈ ਕਿਹਾ ਹੈ ? ਇਸਤ੍ਰੀ ਦੇ ਕਾਮ ਦੇ ਤੀਰਾਂ ਨਾਲ ਵਿੰਨੇ ਹੋਏ ਰਾਂਜੇ ਦੀ ਮੱਤ ਮਾਰੀ ਗਈ ਹੈ । ਉਹ ਪਾਗਲ, ਨਿਰਦਈ, ਮੱਤ ਹੀਨ ਹੋ ਗਿਆ ਹੈ । ਉਹ ਉਸ ਮਾੜੀ ਇਸਤ੍ਰੀ ਦੇ ਹੱਥਾਂ ਵਿੱਚ ਵਿੱਕ ਗਿਆ ਹੈ । ਅਤੇ ਜਿਵੇਂ ਉਹ ਛੜੀ ਵਾਂਗੂੰ ਨਚਾਂਦੀ ਹੈ, ਤਿਵੇਂ ਨੱਚਦਾ ਹੈ ।"

On the other end as Lakshman heard the news he started up in dismay, his body all trembling in rage, with a bow in hand said, "Who is that foolish son in Solar race who has ordered Rama, the incarnate, to banish to forest. Being totally uxorious and under the influence of that wicked and crooked queen the king has lost all wisdom. He has become mad and

Digitized by Panjab Digital Library | www.panjabdigilib.org

indiscreat. Enamourced of the foolish queen, Kaikey, he dances at her disastrous tune.

252

ਕਾਂਮ ਕੋ ਡੰਡ ਲੀਏ ਕਰਕੋ
ਕਈ ਬਾਂਨ ਰਜਿਉ ਨ੍ਰਿਪ ਨਾਚ ਨਚਾਵੈ ॥
ਐਠ ਨ ਐਠ ਅਮੈਠ ਲੀਏ ਢਿਗ
ਬੈਠ ਸੁਆ ਜਿਮ ਪਾਠ ਪੜਾਵੈ ॥
ਸਉ ਤਨ ਸੀਸ ਹੈ ਈਸ ਕੋ ਈਸ
ਪ੍ਰਿਥੀਸ ਜਿਉ ਚਾਮ ਕੋ ਦਾਮ ਚਲਾਵੈ ॥
ਕੂਰ ਕੁਜਾਤ ਕੁਪੰਥ ਦੁਰਾਨਨ ॥
ਲੋਗ ਗਯੋ ਪ੍ਰਲੋਕ ਗਵਾਵੈ ॥

ਕਾਮ ਦਾ ਦੰਡਾ ਹੱਥ ਵਿੱਚ ਲੈ ਕੇ, ਕੈਕਈ ਰਾਜੇ ਨੂੰ ਤੀਰਾਂ ਨਾਲ ਵਿੰਨਦੀ ਹੋਈ ਜਿਉਂ ਨਚਾਦੀ ਹੈ, ਤਿਵੇਂ ਹੀ ਰਾਜਾ ਨਚਦਾ ਹੈ, ਆਕੜ ਆਕੜ ਕੇ ਉਸ ਦੇ ਕੋਲ ਹੋ ਹੋ ਬੈਠਦੀ ਹੈ. ਅਤੇ ਜਿਵੇਂ ਤੋਤੇ ਨੂੰ ਪੜਾਈਦਾ ਹੈ, ਤਿਵੇਂ ਪਾਠ ਸਿਖਾਉਂਦੀ ਹੈ। ਜਿਵੇਂ ਕਿਸੇ ਕੁਜਾਤ ਦੇ ਸਿਰ ਨੂੰ ਲਾਹ ਕੇ ਰਾਜੇ ਦੇ ਤਨ ਨਾਲ ਲਗਾ ਦਿਉ, ਪਰ ਕੁਜਾਤ ਹੋਣ ਕਾਰਨ ਉਹ ਚੰਮ ਦੇ ਸਿਕੇ ਹੀ ਚਲਾਵੇਗਾ। ਤਿਵੇਂ ਬਦ ਦਿਮਾਗ, ਕਮੀਨੀ, ਮਨਮੁਖ ਕੈਕਈ ਕਰ ਰਹੀ ਹੈ। ਉਸ ਦਾ ਲੋਕ ਤੇ ਪ੍ਰਲੋਕ ਕਿਧਰੇ ਭਲਾ ਨਹੀਂ ਹੋ ਸਕਦਾ।

Lakshmna continued to say in wrath and anger to Rama the incarnate, "With the whip of lust, the vile and wicked queen, Kaikey is piercing the king with arrow and the king, absolutely under her influence, is acting accordingly. Very insolently she sits by his side, teaches the king, like a parrot. It is well said that if you attach the head of a low caste to that of the king, he will act most meanly wildly, heretically and will ever be despised by society and people on earth as well as in heaven."

Digitized by Panjab Digital Library | www.panjabdigilib.org

253

ਲੌਗ ਕੁਟੇਵ ਲਗੇ ਉਨ ਕੀ ਪ੍ਰਭੁ
ਪਾਵਤ ਜੇ ਮੁਹਿ ਕਿਯੇ ਬਨ ਐ ਹੈ ॥
ਜਉ ਹਟ ਬੈਠ ਰਹੋਂ ਘਰ ਮੌਂ ਜਸ
ਕਿਯੋਂ ਚਲਿਹੈ ਰਘੁਬੰਸ ਲਜੈ ਹੈ ॥
ਕਾਲ ਹੀ ਕਾਲ ਉਚਾਰਤ ਕਾਲ
ਗਯੋ ਇਹ ਕਾਲ ਸਭੋ ਛਲ ਜੋ ਹੈ ॥
ਧਾਮ ਰਹੋ ਨਹੀਂ ਸਾਚ ਕਹੋਂ,
ਇਹ ਘਾਤ ਗਈ ਫਿਰ ਹਾਥ ਨ ਐ ਹੈ ॥

ਲਛਮਨ ਨੇ ਫੇਰ ਕਿਹਾ, "ਹੇ ਪ੍ਰਭੂ : ਤੁਸੀਂ ਤਾਂ ਲੋਕਾਂ ਦੀਆਂ ਭੈੜੀਆਂ ਗੱਲਾਂ ਵਿੱਚ ਆ ਗਏ ਹੋ । ਪਰੰਤੂ ਤੁਸੀਂ ਮੈਨੂੰ ਆਪਣੇ ਚਰਨਾਂ ਤੋਂ ਵਿਛੋੜ ਕੇ ਕਿਉਂ ਬਨਾਂ ਨੂੰ ਜਾ ਰਹੇ ਹੋ ? ਘਰ ਵਿੱਚ ਰਹੋ ਨਹੀਂ ਤੇ ਰਘੁਕੁਲ ਦੀ ਬਦਨਾਮੀ ਹੋਵੇਗੀ ! ਆਪਦੇ ਜਾਣ ਮਗਰੋਂ ਸਾਰੇ ਜਣੇ ਕਾਲ ਦਾ ਸ਼ਿਕਾਰ ਹੋ ਜਾਣਗੇ । ਹੈ ਆਰਸ ! ਮੈਂ ਸੱਚ ਕਹਿੰਦਾ ਹਾਂ, ਕੈਕਈ ਦਾ ਇਹ ਵਾਰ ਕੀਤਾ ਹੋਇਆ ਜੇ ਸਫਲ ਹੋ ਗਿਆ ਤਾਂ ਕੁਝ ਵੀ ਹੱਥ ਵਿੱਚ ਨਹੀਂ ਆਉਣਾ ।

In the heart of grief and anger Lakshmana said to Rama the incarnate, "O Arya : being virtuous you have fallen pray to the wickedness of the mischieveous. But take pity on me, why do you want to separate me from the service of your holy feet. Remain at home or else the solar race will be blotted and defamed. If you must go, Arya : the whole house will shatter into pieces and there will be disaster and calamity, no one will be found living. I tell you truly, O virtuous : if the wicked Kaikey succeeds in her undesirable action. you will be robbed badly."

254

ਚਾਂਪ ਬਰੋ ਕਰ ਚਾਰਕ ਤੀਰ
ਤੂਨੀਰ ਕਸੇ ਦੋਊ ਬੀਰ ਸੁਹਾਏ ॥

Digitized by Panjab Digital Library | www.panjabdigilib.org

ਆਵਧ ਰਾ ਤ੍ਰੀਜ ਜਿਹ ਸੋਭਤ
ਹੋਨ ਵਿਦਾ ਤਹਿ ਤੀਰ ਸਿਧਾਏ ॥
ਪਾਇ ਪਰੇ ਭਰੇ ਨੈਨ ਰਹੇ
ਭਰਮਾਤ ਭਲੀ ਬਿਧਿ ਕੰਠ ਲਗਾਏ ॥
ਬੋਲੇ ਤੋ ਪੂਤ ਨਾ ਆਵਤ ਧਾਮ
ਬਲਾਇ ਲੇਉਂ ਆਪਨ ਤੇ ਕਿਮ ਆਏ ॥

ਉਸ ਮਗਰੋਂ ਰਾਮ ਅਤੇ ਲਛਮਨ ਦੋਨੋਂ ਬੀਰ, ਧਨੁਸ ਸਜਾਕੇ, ਮੋਢੇ ਤਰਕਸ ਤੀਰ ਲਗਾ ਕੇ, ਸਭ ਰਸਮਾਂ ਕਰ ਕੇ, ਤਿਆਰ ਹੋ ਗਏ । ਅਤੇ ਜਿਥੇ ਅਵਧ ਦੀਆਂ ਇਸਤ੍ਰਿਆਂ ਬੈਠੀਆਂ ਸਨ, ਉਸ ਜਗਾ ਵਿਦਾ ਲੈਣ ਲਈ ਆਏ । ਮਾਤਾਵਾਂ ਦੇ ਪੈਰੀਂ ਪਏ । ਅੱਖਾਂ ਵਿਚ ਅਥਰੂ ਭਰ ਭਰੇ ਹੋਏ ਦਿਲ ਨਾਲ ਮਾਤਾਵਾਂ ਨੇ ਸਨੇਹ ਨਾਲ ਉਨ੍ਹਾਂ ਨੂੰ ਗਲੇ ਨਾਲ ਲਾਇਆ ਅਤੇ ਕਿਹਾ, "ਹੇ ਪੁਤ੍ਰ! ਜਿਨੀ ਦੇਰ ਤੁਸੀਂ ਵਾਪਸ ਨਹੀਂ ਆਉਂਦੇ ਅਸੀਂ ਇਹੋ ਪ੍ਰਾਰਥਨਾ ਕਰਾਂਗੀਆਂ ਕਿ ਤੁਸਾਂ ਉਤੇ ਕੋਈ ਮੁਸੀਬਤ ਨਾ ਆਏ ।"

With bow tied to their side and quiver to their waist, both, Rama the incarnate and Lakshman, after the performance of all the customs and rites came to the palace of their mothers, to get their leave. With heart overwhelmed with agony and eyes filled with tears they pressed their beloved sons to their breast and said in distress, "Sons beloved : dear to our lives, in your absence, we shall ever pray, that no evil befall upon you, and you may be ever safe and sound.

255

ਤਾਤ ਦਯੇ ਬਨਬਾਸ ਹਮੈਂ ਤੁਮ
ਦੋਹ ਰਜਾਇ ਅਬੈ ਤਹ ਜਾਉਂ ॥
ਕੰਟਕ ਕਾਨਨ ਬੇਹੜ ਗਾਹਿ
ਤ੍ਰਿਯੈ ਦਸ ਬਰਖ ਬਿਤੇ ਫਿਰ ਆਉਂ ॥
ਜੀਤੇ ਰਹੋ ਤੋ ਮਿਲੇ ਫਿਰ ਮਾਤ

Digitized by Panjab Digital Library | www.panjabdigilib.org

ਮਰੋਰੁ ਗਏ ਭੂਲ ਪਰੀ ਬਖਸ਼ਾਊਂ ॥
ਭੂਪਰੇ ਕੋ ਅਰਿਣੀਬਰ ਤੈਂ
ਬਸ਼ਕੇ ਬਨ ਮੈਂ ਫਿਰ ਰਾਜ ਕਮਾਊਂ ॥

ਰਾਮ ਨੇ ਕਿਹਾ, " ਹੇ ਮਾਤਾ! ਪਿਤਾ ਨੇ ਤਾ ਮੈਨੂੰ ਬਣਬਾਸ ਦਿਤਾ ਹੈ। ਹਣ ਤੁਸੀਂ ਆਗਿਆ ਦਿਉ ਤਾ ਅਸੀਂ ਜਾਈਏ। ਬਣਾਂ ਦੀਆਂ ਤਕਲੀਫਾ ਅਤੇ ਮੁਸੀਬਤਾਂ ਸਹਾਰ ਕੇ, ਤੇਰਾਂ ਸਾਲਾਂ ਮਗਰੋਂ ਮੈਂ ਫਿਰ ਆਵਾਂਗਾ। ਹੇ ਮਾਤਾ ਜੇ ਜਿਉਂਦੇ ਰਹੇ ਤਾਂ ਫਿਰ ਮਿਲਾਂਗੇ, ਜੇ ਮਰ ਗਏ ਤਾਂ ਮੇਹੀਆ ਭੁੱਲਾਂ ਸਖਸ ਦੇਣੀਆਂ। ਰਾਜੇ ਨੇ ਕੈਕਈ ਨੂੰ ਦਿਤੇ ਵਰਾਂ ਦਾ ਕਰਜਾ ਉਤਾਰ ਕੇ, ਮੈਂ ਬਣ ਤੋਂ ਆ ਕੇ ਰਾਜ ਕਰਾਂਗਾ।

Rama, the incarnate, said to his mother, "Reverend mother : Father has ordained, banishment to me, allow me to proceed to the wood. After the toilsome wanderings of the forest-life, I shall return if I live, else pardon my sins and faults; o mother ! I have to pay the debt of the promises held out by father, to his belowed queen Kaikey. Be consoled, I shall be the monarch on my return from the woods."

216

ਮਾਤਾ ਵਾਚ ਰਾਮ ਸੋ ॥ ਸਨੇਹਰ ਛੰਦ ॥

ਮਾਤ ਸੁਨੀ ਇਹ ਬਾਤ ਜਬੈ
ਤਬ ਰੋਵਤ ਹੀ ਸੁਤ ਕੇ ਉਰ ਲਾਗੀ ॥
ਹਾ ਰਘੁਬੀਰ ਸਿਰੋਮਣ ਰਾਮ
ਚਲੈ ਬਨ ਕੋ ਮੁਹਿ ਕੌ ਕਤ ਤਿਆਗੀ ॥
ਨੀਰ ਬਿਨਾ ਜਿਮ ਮੀਨ ਦਸ਼ਾ
ਤਿਮ ਭੁਖ ਪਿਆਸ ਗਈ ਸਭ ਭਾਗੀ ॥
ਝੂੰਮ ਝਰਾਕ ਝਰੀ ਝੱਟ ਬਾਲ
ਬਿਸਾਲ ਦਵਾ ਉਨਕੀ ਉਰ ਲਾਗੀ ॥

Digitized by Panjab Digital Library | www.panjabdigilib.org

ਜਿਸ ਵੇਲੇ ਮਾਤਾ ਕੌਸ਼ਲਿਆ ਨੇ ਰਾਮ ਦੇ ਵਿਦਾ ਹੋਣ ਦੇ
ਬਚਨ ਸੁਣੇ ਤਾਂ ਉਹ ਕੁਹਲਾਂਦੀ ਹੋਈ ਰਾਮ ਦੀ ਛਾਤੀ ਨਾਲ ਲਗ
ਗਈ ਅਤੇ ਕਹਿਣ ਲੱਗੀ, "ਹਾਇ ਹਾਇ ਰਘੁਬੀਰ, ਰਘੁਬੰਸ
ਦੇ ਸਰੋਮਣੀ, ਰਘੁਕਲ ਦੀ ਸੋਭਾ, ਮੈਨੂੰ ਇਥੇ ਛੱਡ ਕੇ ਚਲੇ ਚਲੇ ਹਨ ।"
ਉਸ ਵੇਲੇ ਮਾਤਾ ਕੌਸ਼ਲਿਆ ਦੀ ਉਹ ਹਾਲਤ ਹੋਈ ਜਿਵੇਂ ਮਛਲੀ ਦੀ
ਪਾਣੀ ਬਿਨਾਂ ਹੁੰਦੀ ਹੈ । ਉਸ ਦੀ ਭੁਖ ਪਿਆਸ ਸਾਹੀ ਮਾਰੀ ਗਈ ਅਤੇ
ਉਹ ਝੂੰਮਦੀ ਹੋਈ ਧੜੱਕ ਕਰਕੇ, ਇਕ ਦਮ ਧਰਤੀ ਉਤੇ ਇਉਂ
ਡਿਗ ਪਈ ਜਿਵੇਂ ਝਰਨੇ ਦੀ ਧਾਰ ਡਿਗਦੀ ਹੈ । ਇੰਜ ਲਗਦਾ ਸੀ
ਜਿਵੇਂ ਰਾਮ ਦੇ ਜਾਣ ਦੀ ਦਾਵਾਅਗਨ ਨੇ ਉਸ ਨੂੰ ਦਗਧ ਕਰ ਦਿਤਾ ਹੋਵੇ ।

On hearing the words of departing from his beloved son, the mother felt most miserable and grieved. Crying in the fit of agony she pressed him to her distressed heart and said, "Alas : the jewel of the Solar race, glorious and worthy of all, my beloved son is departing." She fluttered in pain like fish out of water. Hunger and thirst left her. Oscillating in grief she instantly fell on the ground like the water fall. It appeared as if she had been rendered to ashes by the fire of departing words of going to the forest.

257

ਜੀਵਤ ਪੂਤ ਭਵਾਨਨ ਪੇਖ
ਸੀਆਂ ਤੁਮਰੀ ਦੂਤ ਦੇਖ ਅਘਾਤੀ ॥
ਚੀਨ ਸੁਮਿਤ੍ਰਜ ਕੀ ਛਬ ਕੋ
ਸਬ ਸੋ ਕਵਿਸਾਰ ਹੀਏ ਹਰਖਾਤੀ ॥
ਕੈਕਈ ਆਦਿਲ ਸਉਤਨ ਕੋ
ਲਖ ਭੋਇ ਚੜ੍ਹਾਇ ਸਦਾ ਗਰਬਾਤੀ ॥
ਤਾਕਹੁ ਤਾਤ ਅਨਾਥ ਜਿਉਂ ਆਜ
ਚਲੇ ਬਨ ਕੋ ਤਜ ਕੈ ਬਿਲਲਾਤੀ ॥

ਕੌਸ਼ਲਿਆ ਨੇ ਵਿਰਲਾਪ ਕਰਦਿਆਂ ਹੋਇਆਂ ਕਿਹਾ, "ਹ ਪਤ੍
ਮੈਂ ਤੇਰਾ ਮੁਖ, ਮੁੜ ਕੇ ਵੇਖ ਕੇ ਜਿਉਂਦੀ ਹਾਂ, ਹੇ ਸੀਤੇ !

Digitized by Panjab Digital Library | www.panjabdigilib.org

ਮੈਂ ਤੇਰੀ ਸੁੰਦਰਤਾ ਦੇਖ ਦੇਖ ਤ੍ਰਿਪਤ ਹੁੰਦੀ ਸਾਂ । ਹੇ ਲਛਮਨ: ਮੈਂ ਤੇਰੀ ਛੱਬ ਦੇਖ ਦੇਖ ਕੇ ਖੁਸ਼ ਹੁੰਦੀ ਸਾਂ । ਕੈਕਈ, ਮੇਰੀ ਸੌਂਕਣ ਤਾਂ ਸਦਾ ਹੰਕਾਰ ਨਾਲ ਮੇਰੇ ਵਲ ਭਵਾਂ ਚੜ੍ਹਾਂ ਚੜ੍ਹਾਂ ਕੇ ਦੇਖਿਆ ਕਰਦੀ ਸੀ । ਹੇ ਰਾਜਨ ਦੇਖ, ਮੈਨੂੰ ਬਿਲਲਾਂਦੀ ਨੂੰ, ਛਡ ਕੇ, ਅਨਾਥਾਂ ਵਾਂਗੂੰ ਅੱਜ ਰਾਮ ਬਣਵਾਸ ਨੂੰ ਜਾ ਰਹੇ ਹਨ ।

With her heart distraught with cruel pain of separation Kaushalya, mother of Rama the incarnate wailed in distress, "O my beloved son, you are my darling, again and again I beheld your moon like face to live on. O Sita, my daughter, you bewitched me with your charming face : O Lakshmana, son of Sumitra, I am delighted to see your glorious face. Kaikey my co-wife always abhored me being haughty and insolent O my Lord, see your beloved son is departing like orphan, leaving me bereaved and lamenting."

258

ਹੋਰ ਰਹੇ ਜਨ ਕ੍ਰੋਰ ਕਈ
ਮਿਲ ਜੋਰ ਰਹੇ ਕਰ ਏਕ ਨਾ ਮਾਨੀ ॥
ਲਛਮਨ ਮਾਤ ਕੋ ਧਾਮ ਬਿਦਾ
ਕਹੁ ਜਾਤ ਭਏ ਜੀਯ ਮੋਹ ਇਹ ਠਾਨੀ ॥
ਸੋ ਸੁਨ ਬਾਤ ਪਪਾਤ ਧਰਾਧਰ
ਘਾਤ ਭਲੀ ਇਹ ਬਾਤ ਬਖਾਨੀ ॥
ਜਾਨ ਕਲੇਸ ਸੁਮਾਰ ਲਗੇ
ਛਿਤ ਸੋਵਤ ਸੂਰ ਵਡੇ ਅਭਿਆਨੀ ॥

ਹੋਰ ਭੀ ਕ੍ਰੋੜਾਂ ਬੰਦਿਆਂ ਨੇ ਰਾਮ ਦੀਆਂ ਮਿਨਤਾਂ ਕੀਤੀਆਂ, ਹੱਥ ਜੋੜੇ, ਪਰ ਉਨ੍ਹਾਂ ਨੇ ਕਿਸੇ ਦੀ ਇਕ ਨਾ ਮੰਨੀ । ਲਛਮਨ ਮਾਤਾ ਸੁਮਿਤ੍ਰਾ ਦੇ ਮਹਿਲਾਂ ਵਿਚ ਜਾ ਕੇ ਉਨ੍ਹਾਂ ਕੋਲੋਂ ਦਾ ਲੈਣ ਲਈ ਗਏ । ਇਹ ਮਨ ਮੋਹਨ ਅਤੇ ਚੰਦਰੀ ਗੱਲ ਸੁਣ ਕੇ ਸੁਮਿਤ੍ਰਾ ਧਰਤੀ ਉਤੇ ਇਉਂ ਡਿਗ ਪਈ ਜਿਵੇਂ ਦੁਖ ਵਿਚ ਨਿਢਾਲ ਕੋਈ ਯੋਧਾ ਧਰਤੀ ਉਤੇ ਡਿਗਦਾ ਹੈ ।

Digitized by Panjab Digital Library | www.panjabdigilib.org

With folded hands all the persons entreated and urged Rama the incarnate, to refrain from going. But Rama was unshaken. Lakshman thought of bidding farewell to his respected mother, Sumitra, and went to her palace. When the gentle lady, heard of the news most aflicting and painful, she fell down unconscious, like the wounded and the afflicted soldier in great agony.

259

ਕਉਨ ਕੁਜਾਤ ਕੁਕਾਜ ਕੀਯੋ
ਜਿਨ ਰਾਘਵ ਕੋ ਇਹ ਭਾਂਤ ਬਿਖਾਨਿਯੋ ॥
ਲੋਕ ਅਲੋਕ ਗਵਾਇ ਦੁਰਾਨਨ
ਚੂਪ ਸੰਗਾਰ ਮਹਾਂ ਸੁਖ ਮਾਨਿਯੋ ॥
ਭਰਮ ਗਯੋ ਉਡ ਕਰਮਬਿਯੋ
ਘਟ ਧਰਮ ਕੋ ਤਯਾਗ ਅਧਰਮ ਪ੍ਰਮਾਨਿਯੋ ॥
ਨਾਕ ਕਟੀ ਨਿਰਲਾਜ ਨਿਸਾਚਰ
ਨਾਹਨ ਪਾਤਰ ਨੇਹੁ ਨਾ ਮਾਨਿਯੋ ॥

ਸੁਮਿਤ੍ਰਾ ਨੇ ਵਿਰਲਾਪ ਕਰਦਿਆ ਹੋਇਆਂ ਕਿਹਾ, "ਕਿਸ ਚੰਦਰੀ ਨੇ ਇਹ ਕੁਕਰਮ ਕੀਤਾ ਹੈ, ਜਿਸ ਨੇ ਰਾਮ ਵਰਗੇ ਦੇਵਤਾ ਪੁਤ੍ਰ ਨੂੰ ਬਣ ਜਾਣ ਲਈ ਕਿਹਾ ਹੈ। ਉਸ ਪਾਪਨ ਦਾ ਲੋਕ ਪ੍ਰਲੋਕ ਕਿਧਰੇ ਭੀ ਭਲਾ ਨਹੀਂ ਹੋਵੇਗਾ। ਰਾਜ ਨੂੰ ਵਿਉਂ ਤੜਫਾ ਕੇ ਅਤੇ ਜਾਨੋਂ ਮਾਰ ਕੇ ਉਹਨੂੰ ਕੀ ਸੁਖ ਮਿਲੇਗਾ ? ਉਸ ਦੇ ਮਨ ਵਿਚੋਂ ਡਰ ਭੈ ਸਾਰਾ ਨਿਕਲ ਗਿਆ ਹੈ। ਤਰਸ ਦਯਾ ਨਹੀਂ ਰਹੀ। ਉਸ ਨੇ ਧਰਮ ਦਾ ਤਿਆਗ ਕਰਕੇ ਅਧਰਮ ਦਾ ਰਾਹ ਪਕੜ ਲਿਆ ਹੈ। ਉਸ ਨਿਰਲੱਜ, ਦੁਸ਼ਟਾਂ ਨੂੰ ਆਪਣੇ ਪਤੀ ਦੇਵ ਦਾ ਧਿਆਨ ਨਹੀਂ ਆਇਆ ? ਉਸ ਨੇ ਕੁਲ ਦੀ ਨੱਕ ਕੱਟ ਦਿਤੀ ਹੈ।"

In great pain and agony Sumitra wailed bitterly and said, "who is that vile woman who has ordered Rama the incarnate, to banishment ? She has detrimented her social, moral and spiritual status. She has rendered king to the extreme agony and torture, she has lost

Digitized by Panjab Digital Library | www.panjabdigilib.org

compassion, fear, danger and righteousness. Shamelessly she has heavily damaged the illustrous honour and glory of solar race. She is listless of the life and prosperity of the king.

260

ਸੁਮਿਤ੍ਰਾ ਵਾਚ ਲਛਮਨ ਸੋਂ

ਦਾਸ ਕੋ ਭਾਵ ਧਰੇ ਰਹੀਯੋ ਸੁਤ
ਮਾਤ ਸਰੂਪ ਸੀਯਾ ਪਹਿਚਾਨੋ ॥
ਤਾਤ ਕੀ ਤੁਲ ਸੀਯਾ ਪਤਿ ਕਉ
ਕਰਕੈ ਇਹ ਬਾਤ ਸਹੀ ਕਰ ਮਾਨੋ ॥
ਜੋਤਕ ਕਾਨਨ ਕੇ ਦੁਖ ਹੈਂ ਸਭ
ਸੋ ਸੁਖ ਕੈ ਤਨ ਪੈ ਅਨਮਾਨੋ ॥
ਰਾਮ ਕੇ ਪਾਇ ਗਹੇ ਰਹੀਯੋ
ਬਨ ਕੈ ਘਰ ਕ ਘਰ ਕੈ ਬਨ ਜਾਨੋ ॥

ਇਉਂ ਕੁਰਲਾਂਦੀ ਹੋਈ ਸੁਮਿਤ੍ਰਾ ਨੇ ਲਛਮਨ ਨੂੰ ਕਿਹਾ,
'ਹੇ ਪੁਤ੍ਰ : ਬਣਾਂ ਵਿੱਚ ਜਾ ਕੇ ਰਾਮ ਦਾ ਦਾਸ ਬਣ ਕੇ ਰਹਿਣਾ
ਸੀਤਾ ਨੂੰ ਮਾਤਾ ਸਮਾਨ ਅਤੇ ਰਾਮ ਨੂੰ ਪਿਤਾ ਸਮਾਨ ਸਮਝਣਾਂ ।
ਜੋ ਉਹ ਕਹਿਨ ਸੋ ਕਰਨਾ ! ਜਿੰਨੇ ਬਨਾਂ ਵਿਚ ਦੁਖ ਪ੍ਰਾਪਤ
ਹੋਣ ਉਹਨਾਂ ਨੂੰ ਸੁਖ ਕਰ ਕੇ ਸਮਝਣਾ, ਰਾਮ ਦੇ ਚਰਨਾਂ ਵਿਚ
ਰਹਿ ਕੇ ਬਣ ਨੂੰ ਰਾਜਮਹਲ ਅਤੇ ਰਾਜ ਮਹਿਲਾਂ ਨੂੰ ਬਣ ਕਰਕੇ
ਸਮਝਣਾ ।"

Wailing in grief and pain but summing up her courage Sumitra said to Lakhshman, "O my beloved son, while in the forest, serve Rama like the supreme master. Sita your mother, and Rama father, Dwell in the woods as in Avedh. Sustain and endure all the hardships of the forest life, peacefully and happily in devotion to Raghubir."

Digitized by Panjab Digital Library | www.panjabdigilib.org

261

ਰਾਜੀਵ ਲੋਚਨ ਰਾਮ ਕੁਮਾਰ ਚਲੇ
ਬਨ ਕਉ ਸੰਗ ਕ੍ਰਾਤ ਸੁਹਾਯੋ ॥
ਦੇਵ ਅਦੇਵ ਨਛਤ੍ਰੁ ਸਚੀ ਪਤਿ
ਚੋਕ ਚਕੇ ਮਨ ਮੋਦ ਬਢਾਯੋ ॥
ਆਨਨ ਬਿੰਬ ਪਰਿਯੋ ਬਸੁਧਾ ਪਰ
ਫੈਲ ਰਹਿਯੋ ਫਿਰ ਹਾਥ ਨ ਆਯੋ ॥
ਬੀਚ ਅਕਾਸ ਨਿਵਾਸ ਕੀਯੋ
ਤਿਨ ਤਾਹੀ ਤੇ ਨਾਮ ਮਯੰਕ ਕਹਾਯੋ ॥

ਹਿਰਣ ਦੀਆਂ ਅਖਾਂ ਵਾਲੇ ਰਾਮ ਆਪਣੇ ਭਰਾ ਲਛਮਨ ਦੇ ਨਾਲ ਅਤੇ ਪਿਆਰੀ ਸੀਤਾ ਨਾਲ ਬਣਾਂ ਨੂੰ ਜਾਂਦੇ ਐਸੇ ਸੁੰਦਰ ਲੱਗ ਰਹੇ ਸਨ, ਕਿ ਸਾਰੇ ਦੇਵਤੇ ਅਤੇ ਮਨੁਖ ਦੇਖ ਦੇਖ ਕੇ ਆਕਰਸ਼ਿਤ ਹੋ ਗਏ । ਇਉਂ ਲਗਦਾ ਸੀ ਜਿਵੇਂ ਚੰਦ੍ਰਮਾ ਦਾ ਪ੍ਰਤਿਬੰਬ ਉਹਨਾ ਦੇ ਚੇਹਰਿਆਂ ਉਤੇ ਪੈ ਕੇ ਐਨਾ ਪਸਰ ਗਿਆ ਹੋਵੇ ਕਿ ਉਹ ਫੜਿਆਂ, ਫੜਿਆ ਨ ਜਾਵੇ ।

The lotus eyed Rama the incarnate along with his brother Lakshman and lovely wife Sita set forth to the woods. All the citizens and the gods were startled, and bewildred to see the touching scene of their departure. Rama looked extrewely bewitching, like the moon in the blue firmament. As of moon so Rama the incarnate's, reflection on the earth was expanding immensely and getting out of reach.

262

ਦੋਹਰਾ

ਪਿਤਾ ਆਗਯਾ ਤੇ ਬਨ ਚਲੇ
ਤਜ ਗ੍ਰਿਹ ਰਾਮ ਕੁਮਾਰ ॥

Digitized by Panjab Digital Library | www.panjabdigilib.org

ਸੰਗ ਸੀਯ ਮ੍ਰਿਗ ਲੋਚਨੀ
ਜਾਕੀ ਪ੍ਰਭਾ ਅਪਾਰ ॥

ਪਿਤਾ ਦੀ ਆਗਿਆ ਨਾਲ : ਰਾਮ ਰਣਵਾਸ ਨੂੰ ਤਿਆਗ ਕੇ। ਬਣਬਾਸ ਨੂੰ ਆਪਣੀ ਪਿਆਰੀ, ਹਿਰਨਾਖੀ ਅਤੇ ਸੁੰਦਰੀ ਸੀਤਾ ਨੂੰ ਨਾਲ ਲੈ ਕੇ ਗਏ।

In observance of the orders of his father, the king Dasrath, Rama, the incarnate abandoned his princely life of luxury and comfort and went to the forest, to live the life of an ascetic, along with his fawn eyed, tender, most lovely and charming wife Sita.

263

ਸੀਤਾ ਅਨੁਮਾਨ ਵਾਚ। ਬਿਜੈ ਛੰਦ ॥

ਚੰਦ ਕੀ ਅੰਸ ਚਕੋਰਨ ਕੈਕਰ
ਮੋਰਨ ਬਿਦੁਲਤਾ ਅਨਮਾਨੀ ॥
ਮਤ ਗਜਿੰਦਨ ਇੰਦ੍ਰ ਬਧੂ
ਬੁਨਾਸਰ ਛਟਾ ਰਵਿ ਕੀ ਜੀਯ ਜਾਨੀ ॥
ਦੇਵਨ ਦੋਖਨ ਕੀ ਹਰਤਾ ਅਰ
ਦੈਤਨ ਕਾਲ ਕ੍ਰਿਆ ਕਰ ਮਾਨੀ ॥
ਦੇਸਨ ਸਿੰਧ ਦਿਸੇਸਨ ਬ੍ਰਿੰਧ
ਜੋਗੇਸਨ ਗੰਗ ਕੋ ਰੰਗ ਪਛਾਨੀ ॥

ਇਹ ਸੀਤਾ ਦੂਜਦਾ ਚੰਦ੍ਰਮਾ ਹੈ ਕਿ ਚੰਦ੍ਰਮਾ ਵੰਨੇ ਦੇਖਨ ਵਾਲੀ ਚਕੋਰੀ ਹੈ, ਕਿ ਆਕਾਸ਼ ਵਿਚ ਬਦਲਾਂ ਨੂੰ ਦੇਖ ਕੇ ਖੁਸ਼ ਹੋਣ ਵਾਲੀ ਮੋਰਨੀ ਹੈ, ਮਸਤ ਹੱਥਨੀ ਹੈ, ਯਾ ਬੀਰ ਵਹੁਟੀ ਹੈ ਕਿ ਸੂਰਜ ਦੀ ਪ੍ਰਭਾ ਹੈ !! ਦੇਵਤੇ ਤਾਂ ਦੁਖਾਂ ਨੂੰ ਹਰਨ ਵਾਲੀ ਕਹਿੰਦੇ ਹਨ, ਅਤੇ ਦੈਂਤ ਕਾਲ ਦਾ ਰੂਪ ਨਿਹਾਰਦੇ ਹਨ ਅਤੇ ਜੋਗੀ ਉਸ ਨੂੰ ਗੰਗਾ ਦੇ ਸਮਾਨ ਪਵਿਤ੍ਰ ਸਮਝਦੇ ਹਨ।

Digitized by Panjab Digital Library | www.panjabdigilib.org

Most delicate, facile and slender like the new moon, charming Sita appeared like the partridge with his eyes fixed on the autumnal moon, or like the peahen in ecstasy, under the charm of thick dense clouds, or extremely graceful with elephantiun gait, or most gentle like the lady bird or lustrons and rediant like the beautiful dawn. Mother of the earth, Sita, remover of the pain and affliction of the gods, dreadful like death for the demons, was esteemed, pious and pure like Ganges water by the Holy sages and saints.

264

ਦੋਹਰਾ ॥

ਉਤ ਰਘੁਬਰ ਬਨ ਕੋ ਚਲੇ
ਸੀਯਾ ਸਹਿਤ ਤਜ ਗੇਹ ॥
ਇਤੈ ਦਿਸਾ ਜਿਹ ਬਿਧ ਭਾਈ
ਸਕਲ ਸਾਧ ਸਨ ਲੇਹ ॥

ਉਧਰ ਰਾਮ ਸੀਤਾ ਨਾਲ ਬਣਾਂ ਨੂੰ ਗਏ । ਏਧਰ ਜੋ ਦਸਾ ਹੋਈ ਉਹ ਸਾਰੇ ਜਣੇ ਸੁਣੋ ।

Rama the incarnate, along with his loving wife Sita proceeded to the forests. The events which took place after his departure are narrated now.

265

ਕਬਿਤ ॥ ਮਾਤਾ ਵਾਚ

ਸਬੈ ਸੁਖ ਲੈ ਕੇ ਗਏ ਗਾਵੈਂ ਦੁਖ ਦੇਤ ਭਏ
ਰਾਜਾ ਦਸਰਥ ਜੂ ਕਹੂ ਕੈ ਕੇ ਆਜ ਪਾਤ ਹੋ ॥
ਆਜਹੂ ਨ ਛੀਜੈ ਬਾਤ ਮਾਨ ਲੀਜੈ ਰਾਜ ਕੀਜੈ
ਕਹੋ ਕਾਜ ਕਉਨ ਕੋ ਹਮਾਰੇ ਸੋਣਨਾਤ ਹੋ ॥

Digitized by Panjab Digital Library | www.panjabdigilib.org

ਰਾਜਸੀ ਕੋ ਧਾਰੇ ਸਾਜ ਸਾਧਨ ਕੋ ਕੀਜੈ ਕਾਜ
ਕਹੁ ਹਯੁਰਾਜ ਆਜ ਕਾਹੇ ਕਉ ਸਿਧਾਤ ਹੋ ॥
ਤਾਪਸੀ ਕੋ ਭੇਸ ਕੀਨੇ ਜਾਨਕੀ ਕੋ ਸੰਗ ਲੀਨੇ
ਮੋਰੇ ਬਨਬਾਸੀ ਮੋ ਉਦਾਸੀ ਦੀਏ ਜਾਤ ਹੋ ॥

ਰਾਮ ਦੇ ਬਣਾਂ ਨੂੰ ਜਾਣ ਮਗਰੋਂ ਮਾਤਾ ਕੁਸ਼ਲਿਆ ਵਿਰਲਾਪ ਕਰਨ ਲਗੀ "ਹੇ ਮੇਰੇ ਪਿਆਰੇ ਰਾਮ ! ਮੇਰੇ ਸਾਰੇ ਸੁਖ ਲੈ ਕੇ ਮੈਨੂੰ ਦੁਖਾਂ ਦੀ ਭੱਠੀ ਵਿੱਚ ਸੁਟ ਚਲੇ ਹੋ । ਰਾਜਾ ਦਸਰਥ ਦਾ ਦੇਖੋ ਅਜ ਕੀ ਹਾਲ ਹੋ ਰਿਹਾ ਹੈ । ਹਾਲੇ ਵੀ ਭੁਲਿਆ ਫੇਰਾਂ ਦਾ ਕੁਝ ਨਹੀਂ ਗਿਆ । ਮੇਰਾ ਕਿਹਾ ਮੰਨ ਲੈ, ਰਾਜ ਕਰ, ਘਰ ਰਹੋ ਕਾਹਨੂੰ ਸਾਡੇ ਲਹੂ ਵਿਚ ਨਹਾ ਰਹੇ ਹੋ । ਰਾਜ਼ਿਆਂ ਵਾਲੇ ਕਪੜੇ ਪਾਓ, ਤਿਲਕ ਲਗਾਨ ਲਈ ਸਾਰਾ ਸਮਾਨ ਧਰਿਆ ਪਿਆ ਹੈ । ਹੇ ਰਾਮ ਕਾਹਨੂੰ ਜਾਦੇ ਹੋ ? ਤਪਸਵੀਆਂ ਵਾਲੇ ਕਪੜੇ ਪਾ ਕੇ, ਜਾਨਕੀ ਨੂੰ ਨਾਲ ਲੈ ਕੇ, ਹੇ ਬਨਬਾਸੀ ਮੈਨੂੰ ਉਦਾਸੀ ਦੇ ਸਮੁੰਦ ਵਿਚ ਸੁਟ ਕੇ ਕਿਉਂ ਚਲੇ ਹੋ ?

After Rama the incarnate left for the woods
the anguish of the soul of his mother,
queen Kaushalya, was past telling. She
bewailed bitterly and said, "O my son, delight
of my eyes, you are robbing me of all my happiness
and throwing me in the furnace of affliction
and distress. Take pity on the bereaved
condition of your father, the king Dasrath.
Do not loose time, devise a plan, I make
petition, avert the disgrace and remorse and
save your family, till it is not too late.
I repeat my request, o son, put on the
princely clothes, stay home and take the
sceptre, every article of the auspicious
ceremony is lying prepared. Why go to the
woods ? O my son, why wear robes of hermits,
why take lovely Janaki to the forest, and why
leave me in the flood of distress and
extreme agony ?

Digitized by Panjab Digital Library | www.panjabdigilib.org

266

ਕਾਹੇ ਕਾਰੈ ਕਰਬੇਸ ਰਾਜਾ ਜੂ ਕੇ ਛੋਰ ਦੇਸ
ਤਾਪਸੀ ਕੋ ਕੈ ਕੈ ਭੇਸ ਸਾਥ ਹੀ ਸਿਧਾਰ ਹੋ ॥
ਕਲ ਕੀ ਜਾਨ ਛੋਰੋਂ ਰਾਜਸੀ ਕੋ ਸਾਜ ਤੋਰੋਂ
ਸੰਗ ਤੇ ਨ ਮੋਰੋਂ ਮੁਖ ਐਸੇ ਕੈ ਵਿਚਾਰ ਹੋਂ ॥
ਮੁਦ੍ਰਾ ਕਾਨ ਧਰੋਂ ਸਾਰੇ, ਮੁਖ ਪੈ ਬਿਭੂਤ ਡਾਰੋਂ
ਹਠਿ ਕੈ ਨ ਹਾਰੋ ਪੂਤ ਰਾਜ ਸਾਜ ਜਾਰਹੋਂ ॥
ਜੋਗੀਆ ਕੋ ਕੀਨੋ ਬੇਸ ਕਉਸਲ ਕੋ ਛੋਰ ਦੇਸ
ਰਾਜਾ ਰਾਮ ਚੰਦ ਜਕੋ ਸੰਗ ਹੀ ਸਿਧਾਰਹੋਂ ॥

ਦੁਖ ਭਰੀ ਅਵਾਜ਼ ਵਿੱਚ ਵਿਰਲਾਪ ਕਰਦਿਆਂ ਮਾਤਾ ਕੌਸ਼ਲਿਆ ਨੇ ਕਿਹਾ, "ਹੇ ਪੁਤ੍ਰ ਜੇ ਤੂੰ ਨਹੀਂ ਰਹਿੰਦਾ ਤਾਂ ਮੈਂ ਵੀ ਕਾਲੇ ਕਾਲੇ ਕਪੜੇ ਪਾ ਕੇ, ਤਪਸੀਆਂ ਵਾਲਾ ਭੇਸ ਕਰਕੇ, ਰਾਜ ਮਾਲ ਛਡ ਕੇ ਤੇਰੇ ਨਾਲ ਹੀ ਜਾਵਾਂਗੀ। ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ। ਮੈਨੂੰ ਕੁਲ ਦੀ ਲਾਜ ਦੀ ਪਰਵਾਹ ਨਹੀਂ। ਮੈਂ ਰਾਜ ਪਾਟ ਸਭ ਕੁਝ ਛੱਡ ਕੇ ਤੇਰੇ ਨਾਲ ਚਲਾਂਗੀ ਕੰਨਾਂ ਵਿਚ ਮੁੰਦ੍ਰਾ ਪਾ ਲਵਾਂਗੀ, ਮੂੰਹ ਤੇ ਬਿਭੂਤ ਮਲ ਲਵਾਂਗੀ। ਜੋਗਨ ਬਨ ਜਾਵਾਂਗੀ, ਕੌਸਲ ਦੇਸ ਨੂੰ ਛੱਡ ਦਿਆਂਗੀ, ਤੇਰੇ ਨਾਲ ਚਲਾਂਗੀ।

Lamenting most bitterly. Kaushalya the mother of Rama, the incarnate bewailed, "O my son, my joy : If you persist to repair to the forest, I shall wear garments of sadness, attire like ascetics, leave the palace, and follow you as cow follows her kid. I can not live without my son, as fish without water. Leaving all the luxuries I shall wear rings on ears, apply ashes, leave the dominion of Kaushala, accompany you like a devotee.

267

ਅਪੂਰਬ ਛੰਦ ॥

ਕਾਨਨੇ ਗੇ ਰਾਮ ॥ ਧਰਮ ਕਰਮ ਧਾਮ ॥
ਲਛੱਮੀ ਲੈ ਸੰਗ ॥ ਜਾਨਕੀ ਸੁਭੰਗ ॥

Digitized by Panjab Digital Library | www.panjabdigilib.org

ਧਰਮ ਦੀ ਮੂਰਤ, ਰਾਮ, ਲਛਮਨ ਅਤੇ ਜਾਨਕੀ ਨੂੰ ਨਾਲ ਲੈ ਕੇ ਬਣਾਂ ਨੂੰ ਗਏ।

Rama the magnanimous, repaired to the woods alongwith Lakshman and charming Janaki.

268

ਤਾਤ ਤਿਆਗੇ ਪ੍ਰਾਨ ॥ ਉਤਰੇ ਬਿਯੋਮਾਨ ॥
ਬਿਚਰੇ ਬਿਚਾਰ ॥ ਮੰਤ੍ਰੀਯੰ ਅਪਾਰ ॥

ਰਾਜਾ ਦਸਰਥ ਨੇ ਪ੍ਰਾਣ ਤਿਆਗ ਦਿਤੇ। ਉਨ੍ਹਾਂ ਦੀ ਮ੍ਰਿਤ ਮਗਰੋਂ ਮੰਤ੍ਰੀਆ ਨੇ ਵਿਚਾਰ ਕੀਤੀ।

The king breathed his last in great agony. After the passing away of the king, the ministers and the counsellors met together in a closet.

269

ਬੈਠਿਯੇ ਬਸਿਸਟ ॥ ਸਰਬ ਬਿਪ ਇਸਟ ॥
ਮਕੱਲਿਯੇ ਕਾਗੱਦ ॥ ਪਠਏ ਮਾਗੱਧ ॥

ਵਸਿਸਟ ਜੀ ਅਤੇ ਸਾਰੇ ਮੰਤ੍ਰੀਆਂ ਅਤੇ ਬ੍ਰਹਮਣਾਂ ਆਦਿ ਨੇ ਬੈਠ ਕੇ ਵਿਚਾਰ ਕੀਤਾ ਕਿ ਭਰਤ ਨੂੰ ਲੈਣ ਵਾਸਤੇ ਦੂਤ, ਮਗਧ ਦੇਸ ਵਿੱਚ ਘਲਿਆ ਜਾਵੇ।

Holy Vashishta along with other respected and revered Brahminas, decided that an envoy should be sent to the Kingdom of Magadha.

270

ਸੰਕੜੇ ਸਾਵੰਤ ॥ ਮਤੱਏ ਮਤੰਤ ॥
ਮੁੱਕਲੇਕੇ ਦੂਤ ॥ ਪਉਨ ਕੇ ਸੇ ਪੂਤ ॥

Digitized by Panjab Digital Library | www.panjabdigilib.org

ਮੱਤੇ ਦੇ ਅਨੁਸਾਰ ਸੈਂਕੜੇ ਸੂਰਬੀਰਾਂ ਅਤੇ ਦੂਤਾਂ ਨੂੰ ਤਿਆਰ ਕੀਤਾ ਗਿਆ ਜਿਹੜੇ ਪਉਣ ਦੀ ਚਾਲ ਵਾਗੂ ਤੇਜੀ ਨਾਲ ਜਾ ਸਕਦੇ ਸਨ ।

An envoy consisting of thousands of valient warriors who could go with all the speed of wind were sammoned.

271

ਅਸਟ ਨਦਿਜ ਲਾਘ ॥ ਦੂਤਗੋ ਚਰਬਾਘ ॥
ਜਾਸ ਆਗੇ ਜਹਾਂ ॥ ਜਾਤ ਭੇ ਤੇ ਤਹਾਂ ॥

ਅੱਠ ਨਦੀਆਂ ਲੰਘ ਕੇ ਦੂਤ, ਜਿਥੇ ਭਰਤ ਸਨ ਉਥੇ ਪਜੇ ।

Crossing over eight rivers the messengers and heralds reached the realms of Bharata.

272

ਉਚਰੇ ਸੰਦੇਸ ॥ ਉਰਧਗੋ ਅਉਧੇਸ ॥
ਪਤ੍ਰੁ ਬਾਚੇ ਭਲੇ ॥ ਲਾਗ ਸੰਗ ਚਲ ॥

ਉਨਾਂ ਨੇ ਜਾ ਕੇ, ਜੋ ਕੁਝ ਅਯੋਧਿਆ ਵਿਚ ਬੀਤਿਆ ਸੀ ਦਸਿਆ ਅਤੇ ਸੰਦੇਸ ਦਿਤਾ । ਉਨਾਂ ਨੂੰ ਚਿਠੀ ਪੜਾਈ ਅਤੇ ਉਨਾਂ ਦੇ ਨਾਲ ਚਲ ਪਏ ।

The messengers gave a full account of the events, which took place at Avadh and delivered the message most urgent, to set out immediately.

273

ਕੋਪ ਜੋਯੋ ਜਾਗਿਯੋ ॥ ਧਰਮ ਭਰਮੰ ਭਾਗਿਯੋ ॥
ਕਾਸ਼ਮੀਰੰ ਤਜਿਉ ॥ ਰਾਮ ਰਾਮੰ ਭਜਿਓ ॥

Digitized by Panjab Digital Library | www.panjabdigilib.org

ਸਭ ਕੁਝ ਜਾਣ ਕੇ, ਭਰਤ ਦੇ ਸਾਰੇ ਭਰਮ ਦੂਰ ਹੋ ਗਏ ਅਤੇ ਕ੍ਰੋਧਵਾਨ ਹੋ, ਉਹ ਕੈਸਮੀਰ ਤੋਂ, ਰਾਮ ਨੂੰ ਯਾਦ ਕਰਦਾ ਹੋਇਆ ਰਵਾਨਾ ਹੋ ਗਿਆ ।

Having known the detailed particulars, all the doubts vanished from Bharata, he got furiously enraged and depressed, with mind engrossed in the love and affection for Rama, the brother, he departed from Kashmir for Avadh.

274

ਪੁੱਜਦੇ ਅਵੱਧ ॥ ਸੂਰਮੇ ਸਾਨੱਧ ॥
ਹੋਰਿਓ ਅਉਦੇਸ ॥ ਮਿਤਕੈ ਕੇ ਭੈਸ ॥

ਜਦੋਂ ਭਰਤ ਸਾਰੇ ਸੂਰਮਿਆਂ ਦੇ ਨਾਲ ਅਵਧ ਵਿੱਚ ਪੁਜਾ ਤਾਂ ਅਵਧ ਵਿੱਚ ਸਮਸਾਨ ਵਰਗੀ ਚੁਪ ਅਤੇ ਉਦਾਸੀ ਦੇਖ ਕੇ ਬੜਾ ਘਬਰਾਇਆ ।

As Bharata entered the city, he met with dreadful melancholy and woe begone, he felt agitated, upset and disturbed.

275

ਭਰਥ ਵਾਚ ਕੈਕਈ ਸੋ :

ਲੱਖਯੇ ਕੁਸੁਤ ॥ ਬੁੱਲਯੇ ਸਪੂਤ ॥
ਧ੍ਰਿਗੁ ਮਯਾ ਤੋਹਿ ॥ ਲੱਜ ਲਾਈਯਾ ਮੋਹਿ ॥

ਜਿਸ ਵੇਲੇ ਚਾਰੇ ਪਾਸੇ ਕੁਰਲਾਹਟ ਮਚੀ ਹੋਈ ਦੇਖੀ ਤਾਂ ਭਰਤ ਨੇ ਆਪਣੀ ਮਾਤਾ ਕੈਕਈ ਨੂੰ ਕਿਹਾ, "ਹੇ ਮਾਤਾ : ਤੈਨੂੰ ਧਿਕਾਰ ਹੈ । ਤੂੰ ਮੰਦਾ ਕੀਤਾ ਹੈ । ਮੈਨੂੰ ਲੱਜ ਲਾਈ ਹੈ ।"

Seeing the whole city of Avadh bewailing and lamenting in agony and distress, Bharata

Digitized by Panjab Digital Library | www.panjabdigilib.org

spoke to his wicked mother, "O, vile mother,
curse be to you : you designed such an evil ?
You did not feel ashamed?"

276

ਕਾ ਕਰਿਓ ਕੁਕਾਜ ॥ ਕਿਉ ਜੀਯੈ ਨਿਲਾਜ ॥
ਮੋਹ ਜੋਬੋ ਤਹੀ ॥ ਰਾਮ ਹੈ ਗੇ ਜਹੀ ॥

"ਅਜਿਹਾ ਕੰਮ ਕਰ ਕੇ ਹੇ ਨਿਰਲੱਜ ਤੂੰ ਕਿਵੇਂ ਜੀਉਂਦੀ ਹੈ ?
ਮੈਂ ਵੀ ਉਥੇ ਜਾਵਾਂਗਾ ਜਿਥੇ ਰਾਮ ਗਿਆ ਹੈ ।"

Bharata contiuned to Say, "O wretch :
disgraced and ignonimous woman, fie to
you, you are still alive after doing this evil ?
I shall be where Rama, the incarnate
has gone,

277

ਕੁਸਮ ਬਚਿਤ੍ਰ ਛੰਦ ॥

ਤਿਨ ਬਨਬਾਸੀ ਰਘੁਬਰ ਜਾਨੈ ॥
ਦੁਖ ਸੁਖ ਸਮਕਰ ਸੁਖ ਦੁਖ ਮਾਨੈ ॥
ਬਲ ਕਲ ਧਰ ਕਰ ਅਬ ਬਨ ਜੋ ਹੌਂ ॥
ਰਘੁਪਤਿ ਸੰਗ ਹਮ ਏਨ ਫਲ ਖ ਹੌਂ ॥

ਰਾਮ ਨੂੰ ਬਣਾਂ ਵਿੱਚ ਗਿਆ ਦੇਖ ਕੇ ਭਰਤ ਬੜਾ ਦੁਖੀ
ਹੋਇਆ ਤੇ ਤੜਫਿਆ । ਉਹਨਾਂ ਦੇ ਦੁਖਾਂ ਦਾ ਖਿਆਲ
ਕਰਕੇ ਆਪਣੇ ਸੁਖ ਉਸ ਨੂੰ ਦੁਖੀ ਕਰਨ ਲਗੇ । ਉਸ ਨੇ ਕਿਹਾ
ਕਿ ਮੈਂ ਵੀ ਬਣਾਂ ਵਿਚ ਜਾਵਾਂਗਾ । ਰਘੁਪਤਿ ਰਾਮ ਦੇ ਨਾਲ
ਹੀ ਬਣ ਫਲ ਖਾਵਾਂਗਾ ।

Hearing about Rama's banishment to the woods,
Bharata fluttered i ago ny. His
misery was all the more afire on reflecting

Digitized by Panjab Digital Library | www.panjabdigilib.org

about the misery of Rama, in the forest.
"I shall join Rama in the wood" he said in the
grip of pain, "and live on the fruits taken by him."

: 78

ਇਮ ਕਹ ਬਚਨਾ ਘਰ ਬਰ ਛੋਰੇ ॥
ਬਲ ਕੁਲ ਧਰਤਨ ਭੂਖਨ ਤੋਰੇ ॥
ਅਵਧਿ ਸਜਾਰੇ ਅਵਧਹਿ ਛਾਡਿਓ ॥
ਰਘੁਪਤਿ ਪਦ ਤਰ ਕਰ ਘਰ ਮਾਡਿਘੋ ॥

ਇਹ ਕਹਿ ਕੇ ਭਰਤ ਨੇ ਘਰ ਬਾਰ ਦਾ ਤਿਆਗ ਕੀਤਾ। ਵਲਕਲ ਦੇ ਕਪੜੇ ਪਹਿਣ, ਗਹਿਣੇ ਤੋੜ ਸੁਟੇ। ਅਵਧ ਨੂੰ ਛੱਡ ਕੇ ਰਾਮ ਦੇ ਪੈਰਾਂ ਦੇ ਨਿਸ਼ਾਨਾਂ ਨੂੰ ਹੀ ਮਹਿਲ ਸਮਝਿਆ।

Taking off his elegant clothes and costly
jewel ornaments, Bharata cast everything away
and put on dark clothes. He left Avedh and
followed the footprints of Rama the incarnate,
living in the wood, as in palace.

279

ਲਖ ਜਲ ਬਲ ਕਹ ਭੁਜ ਕੁਲ ਧਾਏ ॥
ਮੁਨਿ ਮਨਿ ਸੰਗ ਲੈਤਿ ਹਠ ਆਏ ॥
ਲਖ ਬਲ ਰਾਮ ਖਲ ਦਲ ਭੀਨੈ ॥
ਗਹਿ ਧਨ ਪਾਣੈ ਸਿਤ ਧਰ ਤੀਰੈ ॥

ਲਖਾਂ ਮਨੁਖ, ਆਪਣੇ ਘਰ ਬਾਰ ਦਾ ਤਿਆਗ ਕਰ ਕੇ ਤੁਰ ਪਏ। ਕਈ ਮੁਨੀ ਆਦਿ ਨੇ ਵੀ ਜਾਨ ਦਾ ਹਠ ਕੀਤਾ। ਰਾਮ ਦੀ ਚਤੁਰੰਗੀ ਸੈਨਾ ਨਾਲ ਲੈ ਕੇ, ਤੀਰ ਕਮਾਨ ਮੋਢੇ ਤੇ ਧਰ ਭਰਤ ਚਲ ਪਏ।

Innumerable citizens, setting aside everything,
got ready to go. Saints and holy sages also
persisted to accompany Bharata Alongwith the
innunerous army of valient soldiers, with bow
tied to his side Bharta set forth.

Digitized by Panjab Digital Library | www.panjabdigilib.org

280

ਗਹਿ ਧਨ ਰਾਮੰ ਸਰਬਰ ਪੂਰੰ ॥
ਅਰ ਥਰਿ ਥਹਰੇ ਖਲ ਦਲ ਸੂਰੰ ॥
ਨਰ ਥਰ ਹਰਖੇ ਧਰ ਘਰ ਅਮਰੰ ॥
ਅਮਰਰਿ ਥਰਕੇ ਲਹ ਕਰ ਸਮਰੰ ॥

ਰਾਮ ਜਿਹੜਾ ਸਰਬ ਕਲਾ ਸੰਪੂਰਨ ਸੀ । ਜਿਸ ਦਾ ਨਾਮ ਸੁਣ ਕੇ ਵਡੇ ਵਡੇ ਸੂਰਮੇ ਥਰਥਰਾ ਉਠਦੇ ਸਨ । ਜਿਸ ਨੂੰ ਦੇਖ ਕੇ ਦੇਵਤੇ ਤੇ ਮਨੁੱਖ ਖੁਸ਼ ਹੁੰਦੇ ਅਤੇ ਘਰ ਘਰ ਉਸ ਦੀ ਸੋਭਾ ਕਰਦੇ ਸਨ । ਜਿਸ ਦਾ ਨਾਮ ਲੈਂਦਿਆ ਹੀ ਯੋਧੇ ਕੰਬਦੇ ਸਨ ।

Rama, the incarnate, was the perfect one : The mighty and the valient trembled and shivered to name him. But gods and the earthly being rejoiced at him and sang his high glory.

280

ਤਬ ਚਿਤ ਆਪਨੇ ਭਰਥਰ ਮਾਨੀ ॥
ਰਣ ਰੰਗ ਰਾਤੇ ਰਘੁਬਰ ਮਾਨੀ ।
ਦਰ ਥਲ ਤਜ ਕਰ ਦਿਕਲੇ ਨਿਸਰੇ ॥
ਰਘੁਬਰ ਨਿਰਖੇ ਸਥ ਦਖ ਥਿਸਰੇ ॥

ਤਦ ਭਰਤ ਨੇ ਆਪਣੇ ਮਨ ਵਿਚ ਸੋਚਿਆ ਕਿ ਐਨੀ ਵਡੀ ਸੈਨਾਂ ਨੂੰ ਦੇਖ ਕੇ ਕਿਧਰੇ ਰਾਮ ਇਹ ਨਾ ਸੋਚਨ ਕਿ ਮੈਂ ਉਨਾਂ ਨਾਲ ਲੜਨ ਲਈ ਆਇਆ ਹਾਂ ਇਸ ਲਈ ਸੈਨਾ ਨੂੰ ਪਿਛੇ ਛੱਡ, ਭਰਤ ਇੱਕਲੇ ਅੱਗੇ ਗਏ । ਰਾਮ ਨੂੰ ਦੇਖਦਿਆ ਸਾਰ ਉਨਾਂ ਦੇ ਸਾਰੇ ਦੁਖ ਦੂਰ ਹੋ ਗਏ ।

Bharata thought to himself that Rama the incarnate, may not take his intentions to be wrong and evil-designed against him, when he reached him accompanied by a large troop consisting of arms and armaments. Having

Digitized by Panjab Digital Library | www.panjabdigilib.org

thus reflected, he left the army close to the ferry and went all alone to meet. On beholding the fair and moon like face of Rama, the incarnate, Bharata, was enraptured in love, and all his miseries and pains vanished away.

282

ਦ੍ਰਿਗ ਜਬ ਨਿਰਖੇ ਭਟ ਮਨ ਹਾਮੰ ॥
ਸਿਰ ਧਰ ਟੇਕਿਯੋ ਤਜ ਕਰ ਕਾਮੰ ॥
ਇਮ ਗਤਿ ਲਖ ਕਰ ਰਘੁਪਤਿ ਜਾਨੀ ॥
ਭਰਥਰ ਆਏ ਤਜ ਰਾਜਧਾਨੀ ॥

ਰਾਮ ਨੂੰ ਦੇਖਦਿਆਂ ਹੀ ਸਾਹੁੰ ਸੂਰਮਿਆਂ ਨੇ
ਧਰਤੀ ਉਤੇ ਸਿਰ ਰਖ ਕੇ ਨਿਸਕਾਮ ਪ੍ਰਨਾਮ ਕੀਤਾ । ਇਉਂ
ਰਾਮ ਨੂੰ ਪਤਾ ਲਗਾ ਕਿ ਭਰਤ ਉਨਾਂ ਦੇ ਭਗਤ ਬਨਕੇ, ਰਾਜ ਪਾਟ
ਛੱਡ ਕੇ ਉਥੇ ਆਏ ਹਨ

Beholding Rama the incarnate sitting before them, the soldiers and valient heroes bowed, their heads to the ground in reverence without a tinge of desire for themselves. It was then that Rama, became aware that Bharata his brother, had reached there as his devotee, leaving his Kingdom.

283

ਰਿਪਹਾ ਨਿਰਖੇ ਭਰਥਰ ਜਾਨੇ ॥
ਅਵਧਿ ਸਮੁਏ ਤਿਨ ਮਨ ਮਾਨੇ ॥
ਰਘਬਰ ਲਛਮਨ ਧਰ ਹਰ ਬਾਨੰ ॥
ਗਿਰ ਤਰ ਆਏ ਤਜ ਅਭਿਮਾਨੰ ॥

ਜਿਸ ਵੇਲੇ ਰਾਮ ਨੇ, ਭਰਥ ਅਤੇ ਸ਼ਤ੍ਰੁਘਨ ਨੂੰ ਦੇਖਿਆ ਅਤੇ
ਪਤਾ ਲਗਾ ਕਿ ਸਾਰੇ ਅਜੁਧਿਆਂ ਵਾਸੀ ਇੱਕਠੇ ਹੋ ਕੇ ਆਏ
ਹਨ ਤਾਂ ਰਾਮ ਅਤੇ ਲਛਮਨ ਤੀਰ ਅਤੇ ਕਮਾਨ ਦਾ
ਤਿਆਗ ਕਰ ਕੇ ਪਹਾੜ ਤੋਂ ਹੇਠਾਂ ਆਏ ।

Digitized by Panjab Digital Library | www.panjabdigilib.org

When Rama the incarnate, saw Bhatata and Shatrugana, along with all the people of the city, mothers, great sages, captains and ministers, he set aside his bow and arrows and came down to meet them from the hillock along with Lakshman.

284

ਦਲ ਬਲ ਤਜ ਕਰ ਮਿਲ ਗਲ ਰੋਏ ॥
ਦੁਖ ਦਸ ਬਿਧਿ ਦੀਆ ਸੁਖ ਸਭ ਖੋਏ ॥
ਅਬ ਘਰ ਚਲੀਏ ਰਘੁਬਰ ਮੋਰੇ ॥
ਤਜ ਹਠ ਲਾਗੇ ਸਭ ਪਗ ਮੋਰੇ ॥

ਸਾਰੀ ਸੈਨਾ ਨੂੰ ਪਿਛੇ ਛਡ ਕੇ ਭਰਤ ਅਤੇ ਸਤਰੂਘਨ, ਰਾਮ ਲਛਮਨ ਨੂੰ ਆ ਕੇ ਗਲੇ ਮਿਲੇ ਅਤੇ ਬੜੇ ਰੋਏ । ਉਹਨਾ ਨੇ ਸਭ ਗਲਾਂ ਕੀਤੀਆਂ ਜਿਨਾ ਨਾਲ ਉਨਾਂ ਨੂੰ ਦੁਖ ਪ੍ਰਾਪਤ ਹੋਏ ਸਨ ਅਤੇ ਸੁਖਾ ਦਾ ਨਾਸ ਹੋਇਆ ਸੀ । "ਹੁਣ ਹੇ ਰਘੁਬੀਰ ; ਘਰ ਚਲੋ, ਅਸੀਂ ਆਪ ਦੇ ਪੈਰੀਂ ਪੈਂਦੇ ਹਾਂ । ਹਠ ਦਾ ਤਿਆਗ ਕਰੋ, ਭਰਤ ਨੇ ਕਿਹਾ ।"

Leaving captains, ministers and others behind, Bharata and Shatrughna went forward and clasped the brothers to their bosom. Filled with utmost love they seated together and talked.

285

ਰਾਮ ਵਾਚ ਭਰਥ ਸੋਂ ॥ ਕੈਨ ਅਛੁਖਨ ਛੰਦ ॥

ਭਰਤ ਕੁਮਾਰ ਨ ਆਉ ਹਠਿ ਕੀਜੈ ॥
ਜਹਾ ਘਰੇ ਨਹਿ ਮੈਂ ਦੁਖ ਦੀਜੈ ॥
ਰਾਜ ਕਹਿਯੋ ਜੋ ਹਮੋ ਹਮ ਮਾਨੀ ॥
ਤ੍ਰਿਯੋਦਸ ਬਰਖ ਸ਼ਰੈ ਬਨ ਥਾਨੀ ॥

ਰਾਮ ਨੇ ਬੜੇ ਪਿਆਰ ਨਾਲ ਭਰਤ ਨੂੰ ਕਿਹਾ, "ਹੇ ਭਰਤ : ਹਠ ਨਾ ਕਰ । ਘਰ ਜਾਹ : ਮੈਨੂੰ ਔਖਾ ਨਾ ਕਰ, ਹਾਜ਼ੇ

Digitized by Panjab Digital Library | www.panjabdigilib.org

ਨੇ ਜੋ ਮੈਨੂੰ ਕਿਹਾ ਹੈ, ਉਹ ਮੈਂ ਮੰਨਿਆ ਹੈ । ਹੁਣ ਮੈਂ ਤੇਰਾਂ ਸਾਲ ਬਣਾ ਵਿੱਚ ਰਹਿਣ ਮਗਰੋਂ ਰਾਜਧਾਨੀ ਵਿੱਚ ਆਵਾਂਗਾ ।

Rama, the ocean of amiability addressed to Bharata, "O my brother dear : Return home, I pray. Do not insist. I am obeying the commands of the king in Heaven. I have said enough. I shall return to Avedh after thirteen years of toilsome forest life.

286

ਤ੍ਰਿਯੋਦਸ ਬਰਖ ਬੀਤੇ ਫਿਰ ਐ ਹੌਂ ॥
ਰਾਜ ਸਿੰਘਾਸਨ ਛਤ੍ਰ ਸੁਹੈ ਹੌਂ ॥
ਜਾਹੁ ਘਰੇ ਸਿਖ ਮਾਨ ਹਮਾਰੀ ॥
ਰੋਵਤ ਤੋਰ ਉਤੈ ਮਹਤਾਰੀ ॥

'ਜਦੋਂ ਤੇਰਾ ਸਾਲ ਬੀਤ ਜਣਗੇ ਤਾਂ ਮੈਂ ਆਵਾਂਗਾ । ਰਾਜ ਸਿੰਘਾਸਨ ਉਤੇ ਬੈਠ ਕੇ ਛਤ੍ਰ ਝੁਲਾਵਾਂ ਗਾ । ਹੁਣ ਤੂੰ ਘਰ ਜਾ, ਹੋ ਭਰਾ ਦੇਖ ਤੇਰੀ ਮਾਤਾ ਕਿਵੇਂ ਰੋ ਰਹੀ ਹੈ ।"

After thirteen years, I shall come,
Be the king, the soveriegn ruler, with
sceptre. I pray, brother you return. Look :
to mother Kaikey, how she is feeling, and
bewailing.

287

ਜਾਉ ਕਹਾਂ ਪਗ ਭੇਟ ਕਹਉ ਤੁਹ ॥
ਲਾਜ ਨ ਲਾਗਤ ਰਾਮ ਕਹੇ ਮੁਹ ॥
ਮੈਂ ਅਤਿ ਦੀਨ ਮਲੀਨ ਬਿਨਾਗਤ ॥
ਰਾਖ ਲੇ ਰਾਜ ਬਿਖੈ ਚਰਣਾ ਮਤਿ ॥

ਭਰਤ ਨੇ ਬੜੀ ਦੀਨਤਾ ਨਾਲ ਬੇਨਤੀ ਕੀਤੀ, "ਹੇ ਆਰੀਆ : ਕਿਧੇ ਜਾਵਾਂ ? ਮੈਂ ਆਪ ਦੇ ਪੈਰਾਂ ਤੇ ਸਿਰ ਰਖ ਕੇ

Digitized by Panjab Digital Library | www.panjabdigilib.org

ਬੇਨਤੀ ਕਰਦਾ ਹਾਂ । ਹੇ ਭਰਾਤਾ ! ਇਸ ਤਰ੍ਹਾਂ ਮੇਰੀ ਕੁਲ ਨੂੰ ਲਾ ਜ
ਲਗਦੀ ਹੈ । ਮੈਂ ਦੀਨਤਾ ਨਾਲ ਇਹ ਰਾਜ ਆਪ ਦੇ ਚਰਨਾਂ
ਵਿਚ ਭੇਟਾ ਕਰਦਾ ਹਾਂ, ਇਸ ਨੂੰ ਸਵੀਕਾਰ ਕਰੋ ।"

Most affectionately. humbly and generously Bharata implored Rama, "Arya : with folded hands and head placed on your holy feet, I pray, save the honour and glory of the Solar race, where should I return, O revered brother, I place the soveignity of Avadh at your feet and implore most humbly that though I am most polluted and impure, listen to my entreaties.

238

ਚੱਡ ਬਿਹੀਨ ਸੁਪੰਛ ਜਿੰਮਕਰ ॥
ਤਿਉਂ ਪ੍ਰਭੂ ਤੀਰ ਗਿਰਯੋ ਪਗ ਭਰਥਰ ॥
ਅੰਕ ਰਹੇ ਗਹ ਰਾਮ ਤਿਸੈ ਤਬ ॥
ਰੋਇ ਮਿਲੇ ਲਛ ਨਾਦ ਭਯਾ ਸਬ ॥

ਜਿਵੇਂ ਨੇਤ੍ਰ ਤੋਂ ਹੀਨ ਪੰਛੀ ਧਰਤੀ ਉਤੇ ਪਟਾਕ ਕਰ ਕੇ ਡਿਗ
ਪੈਂਦਾ ਹੈ ਤਿਵੇਂ ਪ੍ਰਭੂ ਦੇ ਪਵਿਤ੍ਰ ਚਰਨਾ ਉਤੇ ਭਰਤ ਡਿੱਗ
ਪਿਆ । ਪ੍ਰਭੂ ਨੈ ਉਸ ਨੂੰ ਚੁਕ ਕੇ ਗਲੇ ਲਾਇਆ, ਧੀਰਜ
ਦਿਤੀ । ਜਿਸ ਵੇਲੇ ਰੋਂਦੇ ਰੋਂਦੇ ਲਛਮਨ ਨੂੰ ਮਿਲੇ ਤਾਂ
ਉਹਨਾਂ ਦੇ ਰੋਣ ਨਾਲ ਬਣ ਗੂੰਜ ਉਠਿਆ ।

Over whelmed with emotion, affection, adoration and devotion Bharata fell on the holy feet of Rama, the incarnate like the sudden jerk of the fall of a blind bird The ocean of compassion, clasped him to his bosom honoured him with gracious words and seated him by his side. On meeting Lakshma Bharata again fainted with love and bewailed in distress, that the whole forest echoed with their lamentations.

Digitized by Panjab Digital Library | www.panjabdigilib.org

289

ਪਾਨ ਪੀਆਇ ਜਗਾਇ ਸੁ ਭਰਿਹ ॥
ਫੇਰ ਕਹਿਯੋ ਹਸ ਸ੍ਰੀ ਰਘਬੀਰਹਿ ॥
ਚੌਦਸ ਬਰਖ ਸਦੈ ਫਿਰ ਐ ਹੌਂ ॥
ਜਾਹੁ ਹਮੈਂ ਕਛੁ ਕਾਜ ਕਿਵੈਂ ਹੈਂ ॥

ਉਨ੍ਹਾਂ ਨੂੰ ਪਾਣੀ ਆਦਿ ਪਿਆ ਕੇ ਹੌਸ ਵਿਚ ਲਿਆਂਦਾ । ਫਿਰ ਰਘੁਬੀਰ ਹਸ ਕੇ ਕਹਿਣ ਲਗੇ, "ਮੈਂ ਤੇਰਾਂ ਸਾਲਾ ਮਗਰੋਂ ਆਵਾਂਗਾ, ਹੁਣ ਮੈਂ ਆਗਿਆ ਦੇਂਦਾ ਹਾਂ ਕਿ ਜਾਓ ਅਤੇ ਪਿਛੇ ਰਾਜ ਕਾਜ ਸੰਭਾਲੋ ।"

Each was under the spell of Bharta's devotion and eulogy. The ocean of compasion served them with special fruits of the forests and thus brought them out of the effect of the spell, and most cheerfully, he said in the august assembly of ministers chiefs, holy sages and mothers. "O brother Bharata, I shall come after thirteen years, after complying with the orders of my father and mother. I pray, return to look after the kingdom."

290

ਚੀਨ ਗਏ ਚਤਰਾ ਚਿਤ ਮੌ ਸਬ ॥
ਸ੍ਰੀ ਰਘੁਬੀਰ ਕਹੀ ਅਸ ਕੈ ਜਬ ॥
ਮਾਤ ਸਮੌਧ ਸੁਪਵਾਹਿ ਲੀਨੀ ॥
ਅਉਰ ਬਸੇ ਪੁਰ ਅਉਧਨ ਚੀਨੀ ॥

ਜਿਸ ਵੇਲੇ ਰਾਮ ਰਘੁਬੀਰ ਨੇ ਇਹ ਗੱਲ ਕਹੀ ਤਾ ਸਾਰੇ ਚਤਰ ਅਤੇ ਸਿਆਣੇ ਬਜ਼ੁਰਗਾਂ ਨੇ ਸਮਝ ਲਿਆ ਕਿ ਰਾਮ ਹਠ ਨਹੀਂ ਤਿਆਗਣ ਲਗੇ । ਇਹ ਧਰਮ ਦੇ ਮਾਰਗ ਤੋਂ ਨਹੀਂ ਟਲਣਗੇ । ਤਾਂ ਉਹਨਾ ਨੇ ਖੁਸ਼ੀ ਖੁਸ਼ੀ ਰਘੁਬੀਰ ਦੀਆਂ ਖੜਾਵਾ ਲੈ ਲਈਆਂ ਅਤੇ ਅਵਧ ਨੂੰ ਵਾਪਸ ਮੁੜ ਗਏ ।

Digitized by Panjab Digital Library | www.panjabdigilib.org

On hearing the speach of Raghubir, the whole assembly was lost and stuck dumb and understood that he was not going to cross over the customs of the Solar race, and leave the path of righteousness. Bharta was immensely compassioned and consoled to receive the momento of Lord's, wooden slippers. Satisfied and engrossed in devotion he returned to Avedh alongwith others.

291

ਸੀਸ ਜਟਾਨ ਕੋ ਜੂਟ ਧਰੇ ਬਰ ॥
ਰਾਜ ਸਮਾਜ ਦੀਯੋ ਪਉਵਾਪਰ ॥
ਰਾਜ ਕਰੇ ਦਿਨ ਹੋਤ ਉਜਿਯਾਰੈ ॥
ਰੈਨ ਭਏ ਰਘੁਰਾਜ ਸੰਭਾਰੈ ॥

ਅਯੋਧਿਆ ਵਿੱਚ ਆ ਕੇ ਭਰਤ ਨੇ ਜਟਾ ਧਾਰਨ ਕਰ ਲੀਤੀਆਂ ਰਾਜ ਗੱਦੀ ਉਤੇ ਖੜਾਵਾਂ ਰੱਖ ਦਿੱਤੀਆ । ਦਿਨ ਦੇ ਸਮੇਂ ਉਹ ਰਾਜ ਦਾ ਕੰਮ ਕਰਦੇ ਅਤੇ ਰਾਤ ਪੈਣ ਤੇ ਰਘੁਰਾਜ ਦੀ ਯਾਦ ਵਿਚ ਲੀਨ ਹੋ ਜਾਂਦੇ ।

Coming back to Ayodhya, Bharta, lived the life of a penance, thrilled with rapturous affection, the champion of righteousness lived in a hut, with his hair gathered up and tied in a knot on his head. During the day time he attended to his court duties and took orders from the sandals of the Lord, and at night he would practise austerities of religious life and engross in the remembrance of his Lord.

292

ਜਜਰ ਭਯੋ ਝੂਰ ਝੰਝਰ ਜਿਉ" ਤਨ ॥
ਰਾਖਤ ਸ੍ਰੀ ਰਘੁਰਾਜ ਬਿਖੇ ਮਨ ॥
ਬੈਰਨ ਕੋਰਨ ਬਿੰਦ ਨਿਕੰਦਤ ॥
ਭਾਸਤ ਕੰਠ ਕਰੂਖਨ ਛੰਦਤ ॥

Digitized by Panjab Digital Library | www.panjabdigilib.org

ਇਉਂ ਤੱਪ ਕਰਦਿਆਂ, ਭਰਤ ਦਾ ਪਰਬਤ ਵਰਗਾ ਸਰੀਰ
ਕੁਮਲਾ ਗਿਆ ਅਤੇ ਇਉਂ ਖੁਰ ਗਿਆ ਜਿਵੇਂ ਕੱਚਾ
ਘੜਾ ਪਾਣੀ ਦੇ ਪੈਣ ਨਾਲ ਹੌਲੀ ਹੌਲੀ ਖੁਰ ਜਾਂਦਾ ਹੈ।
ਜਿਹੜਾ ਸਰੀਰ ਸੁੰਦਰ ਗਹਿਣਿਆਂ ਨਾਲ ਸ਼ਸ਼ੋਭਤ ਅਤੇ ਸਜਿਆ
ਰਹਿੰਦਾ ਸੀ ਰਾਮ ਦੀ ਯਾਦ ਵਿੱਚ ਸੁਕ ਕੇ ਪਿੰਜਰ ਹੋ ਗਿਆ।

By and by, the body of Bharta, the devotee
grew thinner and thinner, like the earthen
pot. His mighty body and the brightness of
his glowing face dimmed. The splenderous, well
decorated and ornamented frame of Bharta turned into
a skeleton.

293

ਝੂਲਾ ਛੰਦ :

ਇਤੈ ਰਾਮ ਰਾਜੰ ॥ ਕਰੈ ਦੇਵ ਕਾਜੰ ॥
ਧਰੈ ਬਾਨ ਪਾਨੰ ॥ ਭਰੈ ਬੀਰ ਮਾਨੰ ॥

ਇਧਰ ਰਾਮ ਨੇ ਬਣਾਂ ਵਿਚ ਰਹਿੰਦਿਆਂ ਬੜੇ ਚੰਗੇ ਚੰਗੇ ਕੰਮ ਕੀਤੇ।
ਉਹ ਬੀਰਾਂ ਦੀ ਤਰ੍ਹਾਂ ਤੀਰ ਕਮਾਨ ਪਾਈ ਬਣਾਂ ਵਿਚ ਫਿਰਦੇ।

Hither Rama, the wayfarer lived in the
forest and performed many acts of
excellence. Like great and migbty warriors
with bow and quiver tied to his sides,
he went about.

294

ਜਹਾਂ ਸਾਲ ਭਾਰੇ ॥ ਦੁਮੰਤਾਲ ਨਿਯਾਰੇ ॥
ਛੁਏ ਸੁਰਗ ਲੋਕੰ ॥ ਹਰੇ ਜਾਰ ਸੋਕ ॥

ਇਉਂ ਫਿਰਦੇ ਫਿਰਾਂਦੇ ਰਾਮ ਇੱਕ ਸੁੰਦਰ ਤਾਲ, ਜਿਸ ਦੇ ਕੋਲ ਬੜੇ ਰਮਨੀਕ
ਸਾਲ ਦੇ ਰੁਖ ਸਨ, ਉਥੇ ਪੁਜੇ। ਉਹ ਜਗਾ ਦੀ ਸੁੰਦਰਤਾ ਸਵਰਗ ਲੋਕ ਨੂੰ
ਵੀ ਮਾਤ ਪਾਂਦੀ ਸੀ ਅਤੇ ਸਾਰੇ ਦੁਖਾਂ ਨੂੰ ਦੂਰ ਕਰਦੀ ਸੀ!

Digitized by Panjab Digital Library | www.panjabdigilib.org

In this manner, roaming about Rama, the incarnate, reached a place, near a pond, surrounded by tall sal trees. It was a treat to see the heaven like place, where all the worries and agonies disappeared.

295

ਤਹਾਂ ਰਾਮ ਪੈਠੇ ॥ ਮਹਾ ਬੀਰ ਅੈਠੇ ॥
ਲੀਏ ਸੰਗ ਸੀਤਾ ॥ ਮਹਾਂ ਸੁਭੂ ਗੀਤਾ ॥

ਜਿਥੇ ਵੀ ਰਾਮ ਗਏ। ਉਨਾਂ ਨੇ ਬੜੇ ਬੀਰਾ ਵਾਲ ਕੰਮ ਕੀਤੇ। ਉਨਾਂ ਦੇ ਨਾਲ ਗੀਤਾ ਦੀ ਤਰ੍ਹਾਂ ਪਵਿਤ੍ਰ ਸੀਤਾ ਸੀ।

Where ever Rama, the incarnate went, he was accompanied by the most pious like Holy Geeta, his wife Sita. He performed greats acts of valour and bravery.

296

ਬਿਧੰ ਬਾਕ ਬੈਣੀ ॥ ਮਿਗੀ ਰਾਜ ਨੈਣੀ ॥
ਕਟਿ ਛੀਨ ਦੇਸੀ ॥ ਪਰੀ ਪਦਮਨੀ ਸੀ ॥

ਮ੍ਰਿਗ ਦੇ ਨੈਣਾਂ ਵਾਲੀ ਸੀਤਾ ਜਿਸ ਦੇ ਬੋਲ ਹਿਰਦੇ ਨੂੰ ਵਿੰਨਦੇ ਜਾਦੇ, ਨਾਜ਼ਕ ਅਤੇ ਪਤਲੀ ਕਮਰ ਵਾਲੀ ਐਨੀ ਸੁੰਦਰ ਲਗਦੀ ਸੀ ਮਾਨੋਂ ਕੋਈ ਪਰੀ ਹੋਵੇ ਯਾਂ ਪਦਮਨੀ ਹੋਵੇ।

Sita the emblem of beauty, with fawn like eyes, slendr waist and charming face, appeared like a divine fairy or Padamini. Her honey words pierced the hearts.

297

ਝੂਲਨਾ ਛੰਦ ॥

ਚੜ੍ਹੇ ਪਾਨ ਬਾਨੀ ਧਰੇ ਸਾਨ ਮਾਨੰ
ਚਡਾ ਬਾਨ ਸੋਹੈ ਦੋਊ ਰਾਮ ਰਾਨੀ ॥

Digitized by Punjab Digital Library | www.panjabdigilib.org

ਫਿਰੇ ਖਿਆਲ ਸੋ ਏਕ ਹਵਾਲ ਸੇਤੀ
ਛੁਤੇ ਇੰਦ੍ਰ ਸੇਤੀ ਮਨੋ ਇੰਦ੍ਰ ਧਾਨੀ ॥
ਮਨੋ ਨਾਗ ਬਾਂਕੇ ਲਜੀਆ ਬਢਾਕੇ
ਰੰਗੇ ਰੰਗ ਸਾਹਾ ਬਸੋਂ ਰਾਮ ਬਾਢੇ ॥
ਮ੍ਰਿਗਾ ਦੇਖ ਮੋਹੇ ਲਖੇ ਮੀਨ ਰੋਹੇ
ਜਿਨੋ ਨੈਕ ਚੀਨੇ ਤਿਨੋ ਪ੍ਰਾਨ ਵਾਰੇ ॥

ਰਾਮ ਦੀ ਰਾਣੀ ਸੀਤਾ ਦੇ ਨੈਣ ਐਨੇ ਸੁੰਦਰ ਸਨ ਕਿ ਜਧਰ ਵੀ ਉਹ ਦੇਖਦੀ ਸੀ ਐਉਂ ਜਾਪਦਾ ਸੀ ਜਿਵੇਂ ਸਾਨ ਉਤੇ ਚੜ੍ਹਾ ਕੇ ਕੋਈ ਤਿਖੇ ਤੀਰ ਖੰਭੀ ਜਾਂਦੀ ਹੈ । ਕਿਸੇ ਵੇਲੇ ਤਾਂ ਇਹ ਜਾਪਦਾ ਸੀ ਕਿ ਇੰਦ੍ਰ ਦੇ ਅਖਾੜੇ ਤੋਂ ਕੋਈ ਅਪਛਰਾ ਆ ਗਈ ਹੋਵੇ । ਉਸ ਦੇ ਸੁੰਦਰ, ਕਾਲੇ ਨਾਗ ਵਾਂਗੂੰ ਦੇ ਕੇਸ ਦੇਖ, ਅਤਿ ਸੁੰਦਰ ਵੀ ਲਜਿਆ ਜਾਂਦੇ । ਉਸ ਦੇ ਹਿਰਣ ਵਰਗੇ ਨੈਣ ਜਿਹੜਾ ਵੀ ਦੇਖ ਲੈਂਦਾ ਉਹ ਮਛਲੀ ਵਾਂਗੂੰ ਤੜਫ ਪੈਂਦਾ ਅਤੇ ਉਸ ਦੀ ਸੁੰਦਰਤਾ ਤੋਂ ਸਦਕੇ ਹੁੰਦਾ ਜਾਂਦਾ । ਅਜਿਹੀ ਸੁੰਦਰੀ ਰਾਮ ਦੇ ਪ੍ਰਾਨਾਂ ਵਿਚ ਸਾਹਾ ਵਾਂਗੂੰ ਰਚੀ ਹੋਈ ਸੀ ।

Rama, the incranate's, bewitching beloved was extremely beautiful. With a charming glance of her fawn like eyes, she appeared like a fairy from god Indra's court, and bewitched the beauty of all. Her snake like hair surpassed the beauty of the most charming. One fluttered like a fish out of water, with a spell of her glance and was delighted to the extreme in adoration and admiration. She was the very breath of Rama the incarnate.

298

ਸੁਨੇ ਕੂਕ ਕੇ ਕੋਕਲਾ ਕੋਪ ਕੀਨੇ
ਮੁਖੰ ਦੇਖ ਕੈ ਚੰਦ ਦਾਰੇ ਰਖਾਈ ॥
ਜਬੈ ਨੈਨ ਬਾਂਕੇ ਮਨੋ ਮੀਨ ਮੋਹੇ
ਲਖੇ ਜਾਤ ਕੋ ਸੂਰ ਕੀ ਜੋਤ ਜਾਈ ॥

Digitized by Panjab Digital Library | www.panjabdigilib.org

ਮਨੋ ਫੂਲ ਫੂਲੇ ਲਗੇ ਨੈਣ ਝੂਲੇ
ਲਖੇ ਲੋਗ ਭੂਲੇ ਬਨੇ ਜੋਰ ਐਸੇ ॥
ਲਖੇ ਨੈਨ ਬਾਰੇ ਬਿਧੇ ਰਾਮ ਪਿਆਰੇ
ਰੰਗੇ ਰੰਗ ਸ਼ਾਰਾਬ ਸ਼ਾਹਾਬ ਜੈਸੇ ॥

ਉਸ ਦੇ ਬੋਲ ਕੋਇਲ ਦੇ ਬੋਲਾਂ ਨੂੰ ਵੀ ਮਾਤ ਪਾਂਦੇ ਸਨ। ਉਸ ਦਾ ਮੁਖ ਚੰਦ੍ਰਮਾ ਨੂੰ ਵੀ ਲਜਿਆਂਦਾ ਸੀ। ਉਸ ਦੇ ਨੈਣ ਮਛਲੀ ਦੇ ਵਾਂਗੂੰ ਤੜਫਾਂਦੇ ਸਨ। ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਉਸ ਦੀ ਆਭਾ ਸੀ। ਉਸ ਦੇ ਨੈਣ ਝੂਲਦੇ ਹੋਏ ਇਉਂ ਜਾਪਦੇ ਸਨ ਜਿਵੇਂ ਖਿੜੇ ਹੋਏ ਫੁਲ ਝੂੰਮਦੇ ਹੋਣ। ਉਸ ਦੀ ਸੁੰਦਰਤਾ ਦਾ ਅਜਿਹਾ ਪ੍ਰਭਾਵ ਸੀ, ਕਿ ਰਾਹੀ ਰਾਹ ਭੁਲ ਜਾਂਦੇ ਸਨ। ਉਸ ਦੇ ਸੁੰਦਰ ਨੈਣਾਂ ਨੂੰ ਦੇਖ ਰਾਮ ਵੀ ਮੱਸਤੀ ਦੇ ਰੰਗ ਵਿਚ ਰੰਗੇ ਗਏ !

Her words sweeter than the songs of cuckoo.
Her charming face fairer than the full moon.
He charming eyes bewitching and enchanting.
Bright like the sunshine, was the glory of her face. The delight in her eyes was like the full blosomed flowers. So complete and powerful was the influence of her exceeding beauty that wayfarer lost the way. Rama, the incarnate was immensely intoxicated.

299

ਰੰਗੇ ਰੰਗ ਰਾਤੇ ਮਯੇ ਮੱਤ ਮਾਤੇ
ਮਕਬੂਲ ਗੁਲਾਬ ਕੇ ਫੂਲ ਸੋਹੇ ॥
ਨਰਾਗੱਸ ਨੇ ਦੇਖ ਕੈ ਨਾਕ ਐਠਾ
ਮ੍ਰਿਗੀ ਰਾਜ ਕੇ ਦੇਖਤੇ ਮਾਨ ਮੋਹੇ ॥
ਸਬੇ ਰੋਜ ਮਰਾ ਬਨੇ ਸੋ ਰਲਾਯਾ
ਪੂਜਾ ਆਮ ਜਹਾਨ ਕੇ ਪੋਖ ਵਾਰੇ ॥
ਭਵਾਂ ਤਾਨ ਕਮਾਂਨ ਕੀ ਭਾਂਤ ਪਿਆਰੀ
ਨਿਕਮਾਨ ਹੀ ਨੈਨ ਕੇ ਬਾਨ ਮਾਰੇ ॥

Digitized by Panjab Digital Library | www.panjabdigilib.org

ਸੀਤਾ ਜੀ ਦੇ ਨੈਣ ਸ਼ਰਾਬ ਦੀ ਮਸਤੀ ਨਾਲ ਰਤੇ ਹੋਏ
ਇਉਂ ਲਗਦੇ ਸਨ ਜਿਵੇਂ ਗੁਲਾਬ ਦੇ ਫੁਲ ਖਿੜੇ ਹੋਏ ਹੋਣ ।
ਨਰਗਸ ਦੇ ਨੈਣ ਉਸ ਦੇ ਸਾਹਮਣੇ ਫਿਕੇ ਪੈ ਜਾਂਦੇ ਸਨ । ਹਿਰਣ
ਦੇ ਨੈਣਾਂ ਦੀ ਸੋਭਾ ਮਧਮ ਪੈ ਜਾਂਦੀ ਸੀ। ਜਿਹੜਾ ਉਨ੍ਹਾਂ ਦੇ
ਜਾਮ ਵਿਚੋਂ ਇਕੋ ਘੁਟ ਹੀ ਪੀ ਲੈਂਦਾ ਉਹ, ਉਸ ਤੋਂ ਕੁਰਬਾਨ
ਹੋ ਜਾਂਦਾ । ਉਨ੍ਹਾਂ ਦੀਆਂ ਭਵਾਂ ਕਮਾਨ ਦੀ ਤਰ੍ਹਾਂ ਸਨ । ਦੇਖਦਿਆਂ
ਹੀ ਉਹਨਾਂ ਦੇ ਨੈਣਾਂ ਦੇ ਤੀਰ ਕਤਲ ਕਰਦੇ ਜਾਂਦੇ ਸਨ ।

Like the full blosomed flowers, the eyes of the charming Sita, were full of intoxication and delight. Captivatingly beautiful, narcesses, appeared dull and the beauty of eyes of the fawn faded before her. With a glance from her captivating eyes one was exceedingly bewitched. Her bow like eye-brows enhanced the charm which captivated and charmed to the vast.

300

ਕਬਿਤ ॥

ਉਚੇ ਦੁਮ ਸਾਲ ਜਹਾਂ ਲਾਬੇ ਬਟ ਤਾਲ ਤਹਾਂ
ਐਸੀ ਠੌਰ ਤਪ ਕੋ ਪਧਾਰੇ ਐਸੋ ਕੌਨ ਹੈ ॥
ਜਾਕੀ ਛਬ ਦੇਖ ਦੁਤਿ ਖਾਡਵ ਕੀ ਫੀਕੀ ਲਾਗੈ
ਆਭਾ ਤਾਂਕੀ ਨੰਦਨ ਬਿਲੋਕ ਬਜੈ ਮੌਨ ਹੈ ॥
ਤਾਰਨ ਕੀ ਕਹਾਂ ਨੈਕ ਨਭ ਨ ਨਿਹਾਰਯੋ ਜਾਇ
ਸੂਰਜ ਕੀ ਜੋਤ ਤਹਾਂ ਚੰਦ੍ਰ ਕੀ ਨ ਜੌਨ ਹੈ ॥
ਦੇਵਨ ਨਿਹਾਰਯੋ ਚੌਹੂ ਦੇਵਨ ਬਿਹਾਰਯੋ ਤਹਾਂ
ਪੰਛੀ ਕੀ ਨ ਗੰਮ ਜਹਾਂ ਚੀਟੀ ਕੌਨ ਗੌਨ ਹੈ ॥

ਜਿਥੇ ਉਚੇ ਉਚੇ ਸਾਲ ਦੇ ਰੁਖ ਹਨ । ਕੋਲੋਂ ਦੀ ਇਕ ਮਾਰਗ ਛੰਭ ਦੇ
ਕਿਨਾਰੇ ਜਾ ਰਿਹਾ ਹੈ ਅਜਿਹੀ ਜਗ੍ਹਾ ਉਤੇ ਕੌਣ ਆਇਆ ਹੈ ?
ਜਿਸ ਜਗ੍ਹਾ ਦੀ ਆਭਾ ਦੇਖ ਕੇ ਯੋਧੇ ਵੀ ਕੰਬਦੇ ਹਨ ਅਤੇ ਜਿਸ ਦੀ

Digitized by Panjab Digital Library | www.panjabdigilib.org

ਸੱਭਾ ਇੰਦ੍ਰ ਦੇ ਨੰਦਨ ਉਪਵਨ ਦੇ ਸਮਾਨ ਹੈ । ਜਿਥੋਂ ਲੰਘਣਾ
ਤਾਂ ਇਕ ਪਾਸੇ ਰਿਹਾ, ਅਕਾਸ਼ ਵੀ ਦਿਖਾਈ ਨਹੀਂ ਦੇਂਦਾ ।
ਜਿਥੇ ਸੂਰਜ ਅਤੇ ਚੰਦ੍ਰਮਾ ਦੀ ਰੋਸ਼ਨੀ ਤੱਕ ਨਹੀਂ ਪੁੱਜ ਸਕਦੀ,
ਜਿਦੇ ਕੋਈ ਪੰਛੀ ਨਹੀਂ ਫੜਕ ਸਕਦਾ ਉਥੇ ਇਹ ਕੀ ਕੋਈ
ਦੇਵਤਾ ਹੈ ਯਾਂ ਬਦਕਿਸਮਤੀ ਦਾ ਮਾਰਿਆ ਕੋਈ ਭੁਲਿਆ ਭਟਕਿਆ
ਆ ਗਿਆ ਹੈ ।

Rama the incarnate then entered the mighty forest of Dandka. The whole place was shrewn over with sal trees, surrounding a beautiful pond and looked like Nandin Ban. The whole place was abounding with various kinds of wild animals. Tiger and bears roamed about freely. On arriving there Rama was confronted by a great and terrible Rakshasa, huge and mighty. That cannibal rushed at Rama, Lakshmna and Janaki and shouted from a distance and said, "Who are you puny creatures , why have you entered this forest which is infested with wild animals ; where the mighty and the most brave people tremble to enter. Where the sun rays find no way and, the rays of the moon are difficult to enter. Where the birds do not fly and where it is difficult to step. Tell me, are you a god or the most unfortunate, wayfarer ?"

301

ਅਪੂਰਬ ਛੰਦ ॥

ਲਖੀਏ ਅਲਖ ॥ ਤਕੀਏ ਸੁਭੱਛ ॥
ਧਾਇਯੋ ਬਿਰਾਧ ॥ ਬੰਕੜਿਯੋ ਬਿਬਾਦ ॥

ਰਾਮ ਲਛਮਨ ਅਤੇ ਸੀਤਾ ਨੂੰ ਦੇਖਦਿਆਂ ਹੀ ਬਿਆਧ
ਖਾਣ ਲਈ ਨਸਿਆ ਅਤੇ ਬਕਵਾਸ ਕਰਨ ਲਗਾ ।

Digitized by Panjab Digital Library | www.panjabdigilib.org

Immediately the cannibal rushed at Rama the incarnate, Lakshmna and Sita, he shouted aloud and talked nonsense.

302

ਲਖੀਅੰ ਅਵੱਧ ॥ ਸੰਬਹਿਯੰ ਸਾਨੱਧ ॥
ਸੰਮਲੇ ਹਥਿਆਰ ॥ ਓਰੜੇ ਲੁਝਾਰ ॥

ਰਾਮ ਨੇ ਉਸ ਦੇ ਹੱਥ ਵਿਚ ਸ਼ਸਤ੍ਰ ਦੇਖਦਿਆਂ ਸਾਰੇ ਹਥਿਆਰ ਸੰਭਾਲ ਲਏ ਅਤੇ ਉਸ ਦੇ ਨਾਲ ਉਲਝ ਗਏ ।

Beholding the cannibal, laden with arms, Rama the incarnate took up his bow and aimed at the monster.

303

ਚਿਤੜੀ ਚਾਵੰਡ ॥ ਸੰਮੂਹੇ ਸਾਵੰਤ ॥
ਸਜੀਏ ਸੁਬਾਹ ॥ ਅੱਡਰੇ ਉਛਾਹ ॥

ਇੱਲਾਂ ਚੀਕਨ ਲਗੀਆਂ । ਸੂਰਮੇ ਇਕਠੇ ਹੋ ਗਏ । ਸ਼ਸਤ੍ਰ ਧਾਰਨ ਕਰਨ ਲਗੇ । ਅਪਛਰਾਂ ਨੂੰ ਬੜੀ ਖੁਸ਼ੀ ਹੋਈ ।

The faleons screamed, the brave soldiers rushed up with arms. The nymphs in heaven rejoiced.

304

ਪਖੱਰੇ ਪਾਵੰਗ ॥ ਮੋਹਲੇ ਮਾਤੰਗ ॥
ਚਾਵੜੀ ਚਿੰਕਾਰ ॥ ਉਝਰੇ ਲੁਝਾਰ ॥

ਘੋੜਿਆਂ ਉਤੇ ਝੁੱਲ ਪਾਏ ਗਏ । ਮਸਤ ਹਾਥੀ ਗੱਜਨ ਲਗੇ । ਗਿੱਧਾਂ ਚੀਕਨ ਲਗੀਆਂ । ਸੂਰਮੇ ਲੜਨ ਲਗੇ ।

The horses were armoured, the elephants trumped, the vultures screached. The warriors fought.

Digitized by Panjab Digital Library | www.panjabdigilib.org

305

ਸਿੰਧਰੇ ਸੰਧੂਰ ॥ ਬੱਜਏ ਤੰਦੂਰ ॥
ਸਜੀਏ ਸੁਬਾਹ ॥ ਅੱਛਰੇ ਉਛਾਹ ॥

ਮਸਤ ਹਾਥੀ ਗੱਜੇ । ਨਗਾਰੇ ਵੱਜੇ । ਸੂਰਮਿਆਂ ਨੇ
ਸ਼ਸ਼ਤ੍ਰ ਪਹਿਣੇ । ਅਪਛਰਾਂ ਨੇ ਉਮਾਹ ਕੀਤਾ ।

The influriated elephants roared,
and thundered loudly, the trumpets
played. The soldiers picked up arms.
The nymphs rejoiced.

306

ਬਿਜੜੇ ਉਝਾੜ ॥ ਸੰਮਲੇ ਸੁਮਾਰ ॥
ਹਾਹਲੇ ਹੰਕਾਰ ॥ ਅੰਕੜੇ ਅੰਗਾਰ ॥

ਬੀਆ ਬਾਨ ਵਿੱਚ ਸਿਰ ਕਢ ਕੇ ਦੇਖਣ ਲਗੇ, ਬੜੇ ਹੰਕਾਰ
ਵਿਚ ਇੱਕਠੇ ਹੋ ਕੇ, ਕ੍ਰੋਧਵਾਨ ਹੋ ਕੇ ਬੋਲਣ ਲਗੇ ।

All the cannibals collected in that wild
forest and roared in rage and pride.

307

ਸੰਮਲੇ ਲੁਝਾਰ ॥ ਛੁਟੰਕੇ ਬਿਸਿਆਰ ॥
ਹਾਹਲੇ ਹੰਬੀਰ ॥ ਸੁਘਰੇ ਸਬੀਰ ॥

ਯੋਧੇ ਸੱਪਾਂ ਵਾਂਗ ਵਿਸਿਆਲੇ ਤੀਰ ਛਡਦੇ ਗਏ । ਹੰਕਾਰ
ਵਿੱਚ ਗਿੜ-ਗਿੜਾਂਨ ਲੱਗੇ ।

Venomous arrows like poisonous snakes
were released . The monsters laughed fiercely
in pride.

Digitized by Panjab Digital Library | www.panjabdigilib.org

308

ਅਨੂਪ ਨਰਾਜ ਛੰਦ ॥

ਗਜੈ ਗਜੇ ਹਯੇ ਹੱਲੇਹਲਾ ਹਲੀ ਹਲੋ ਹਲੰ ॥
ਬਬਜੱ ਸਿੰਧੁਰਸੁਰ ਛੁਟੰਤ ਬਾਣ ਕੇਵਲੰ ॥
ਪਪਕੱ ਪਕੱਰੇ ਤੁਰੇ ਭਭੱਖ ਘਾਇ ਨਿਰਮਲੰ ॥
ਪਲੁੱਥ ਲੁਥੱ ਬਿਥਰੀ ਅਮਥੱ ਜਥੱ ਉਬਲੰ ॥

ਹਾਥੀਆਂ ਵਾਂਗ ਗੱਜਨ ਲਗੇ । ਹਲੇ ਉਤੇ ਹੱਲਾ ਕਰਨ ਲਗੇ ।
ਨਗਾਰੇ ਦੇ ਵਜਦਿਆਂ ਹੀ, ਤੀਰ ਤੇ ਤੀਰਾਂ ਛੁਟੇ । ਘੋੜੇ ਮਾਰੇ ਗਏ । ਭਭਕ ਭ ਤੇ
ਖੂਨ ਨਿਕਲਣ ਲਗਾ । ਲੱਥ ਉਤੇ ਲੱਥ ਵਿਛ ਗਈ ।

The cannibals roared and thundered like elephants. With all types of weapons they attacked. There was scuffle and confusion. The horses were slain and wounded. The blood gushed out of their wounds. Arrows were shafted : Corpses were scattered all over.

309

ਅਜੁਬ ਲੁਥ ਬਿਥੁਰੀ ਮਿਲੰਤ ਹਥ ਬਧਯੰ ॥
ਅਘੁੰਮ ਘਾਇ ਘੰਮਏ ॥ ਬਬੱਕ ਬੀਰ ਦੁਧਰੰ ॥
ਕਿਲੰਕ ਰੱਤ ਝਪਰੀ ॥ ਪਿਪੰਤ ਸੋਣ ਪਾਣਯੰ ॥
ਹਹੱਕ ਭੇਰਵੰ ਸੁਤੰ ਉਠੰਤ ਜੁਧ ਜਾਲਯੰ ॥

ਲੱਥਾਂ ਹੀ ਲੱਥਾਂ ਖਿਲਰ ਗਈਆਂ । ਕਈ ਹੱਥ ਵਢੇ ਗਏ ।
ਕਈ ਲੜਦੇ ਹੋਏ ਜ਼ਖਮੀ ਹੋਏ । ਕਈ ਤਲਵਾਰਾਂ ਨਾਲ ਵਢੇ
ਗਏ । ਕਈਆਂ ਦੀਆਂ ਖੋਪਰੀਆਂ ਰਤ ਵਿਚ ਨਹਾਨ
ਲਗੀਆਂ । ਭਿਆਨਕ ਯੁਧ ਦੀ ਜੁਆਲਾ ਭੜਕੀ ।

Herds of demons were killed, corpse were scattered all over. Hands were pruned. Innumerous soldiers were slain, and innumerable got wounded, Many were violently

Digitized by Panjab Digital Library | www.panjabdigilib.org

slain with sabres with skulls lying in blood. Terrible and dreadful battle was waged.

310

ਫਿਰੰਤ ਛਿਕਰੀ ਫਿਰੰ ਰੜੰਤ ਗ੍ਰਿਧ ਬਿੱਧਣੰ ॥
ਡਾਹੱਕ ਡਾਮਰੀ ਉਠੰ ਬਕਾਰ ਬੀਰ ਬਤਲੰ ॥
ਖਹੰਤ ਖੱਗ ਖੱਡ੍ਹੰਯੰ ਖਿਮੰਣ ਧਾਰ ਉਜਲੰ ॥
ਘਣੰਕ ਜਾਣ ਸਾਵਣੰ ਲਸੇਤ ਬੇਗ ਬਿਜੁਲੰ ॥

ਗਿਦੜੀਆਂ ਫਿਰਨ ਲਗੀਆਂ । ਗਧਾਂ ਅਕਾਸ਼ ਵਿਚ ਉਡਨ ਲਗੀਆਂ । ਦੈਂਤ, ਮੰਤ੍ਰ-ਸ਼ਕਤੀਆਂ ਲੈ ਲੈ ਕੇ, ਉਛਲ ਉਛਲ ਕੇ, ਬੇਤਾਲ ਹੋ ਹੋ, ਗਰਜਨ ਲੱਗੇ । ਉਨ੍ਹਾਂ ਦੀਆਂ ਤਿਖੀਆਂ ਤਲਵਾਰਾਂ ਚਮਕਣ ਲਗੀਆਂ । ਇਉਂ ਜਾਪਦਾ ਸੀ ਜਿਵੇਂ ਸਾਵਣ ਦੇ ਘਣੇ ਬਦਲਾਂ ਵਿਚ ਬਿਜਲੀ ਲਿਸ਼ਕਦੀ ਹੋਵੇ ।

The foxes rambled, the vultures rolled, the demons, using magic arms, jumped about and thundered unharmoniously. Their sharp, ardent and fierce sabres in rapidity, emitted brilliance and light like the light of the thunder bolt of thick, dense clouds in the rainy month of sawana.

311

ਪਿਪੰਤ ਸ੍ਰੋਣ ਖੱਪਰੀ ਭਖੰਤ ਮਾਸ ਚਾਵਡੰ ॥
ਹਕਾਰ ਵੀਰ ਸੰਭਿਤੋ ਲੁਝਾਰ ਧਾਰ ਦੁਧਰੰ ॥
ਪੁਕਾਰ ਮਾਰ ਕੈ ਪਰੈ ਬੰਹੰਤ ਸਹੰਤ ਅਗ ਪਾਯੰ ॥
ਬਿਹਾਰ ਦੇਵ ਮੰਡਲੰ ਕਟੰਤ ਖਗੌ ਧਾਰਣੰ ॥

ਖ਼ੂਨ ਦੇ ਪਿਆਸੇ ਦੈਂਤਾਂ ਦੀਆਂ ਖੋਪਰੀਆਂ ਖ਼ੂਨ ਵਿਚ ਲੱਥ-ਪਥ ਹੋਈਆਂ ਪਈਆਂ ਸਨ । ਇਲਾਂ ਉਨ੍ਹਾਂ ਦਾ ਮਾਸ ਚੁੰਡਣ ਲਗੀਆਂ । ਹੰਕਾਰ ਵਿਚ ਉਚਾ ਉਚੀ ਗਰਜਦੇ ਹੋਏ ਯੋਧੇ ਆਪਸ ਵਿੱਚ ਭਿੜ ਪਏ । ਤਲਵਾਰਾਂ ਨਾਲ ਜੂਝਣ

Digitized by Panjab Digital Library | www.panjabdigilib.org

ਲੱਗੇ । ਅੱਗ ਦੀ ਤਰ੍ਹਾਂ ਮਾਰੋ ਮਾਰ ਪੁਕਾਰਨ ਲਗੇ । ਦੇਵਤਿਆ ਦਾ ਸਮੂਹ ਦਲ, ਤਲਵਾਰਧਾਰੀ ਦੈਂਤਾਂ ਨੂੰ ਬੁਰੀ ਤਰ੍ਹਾਂ ਕੱਟ ਕੱਟ ਕੇ ਨਾਸ ਕਰਨ ਲਗਾ ।

Violent with rage and fury the demons,
who hurled their weapons against Rama, the
incarnate, were destroyed and slaughtered.
There skulls were dipped in gore. The
vultures bit their flesh and enjoyed.
Thundering like bolt, the host of army of
demons rushed forward and combatted
with swords and sabres. As the fire
destroys and annihilates every thing, gods killed,
ruined and gored the demons.

312

ਪ੍ਰਚਾਰ ਵਾਰ ਪੈਜ ਕੈ ਖੁਮਾਰ ਘਾਇ ਘੁੰਮਹੀ ॥
ਤਪੀ ਮਨੋ ਅਧੋ ਸੁਖੇਸ ਧੂੰਮ ਆਗ ਧੂੰਮ ਹੀ ॥
ਤੁਟੰਤ ਅੰਗ ਭੰਗਯੰ ਬਹੰਤ ਅਸ੍ਰ ਧਾਰਣੰ ॥
ਉਠੰਤ ਛਿੱਛ ਇਛਯੰ ਪਿਪੰਤ ਮਾਸ ਹਾਰਯੰ ॥

ਜਿਸ ਵੇਲੇ ਰਾਮ ਦਾ ਵਾਰ ਪੈਂਦਾ ਸੀ ਤਾਂ ਦੁਸ਼ਮਨ ਘਾਓ ਖਾ ਕੇ ਇਉਂ ਡਿਗਦਾ ਸੀ ਜਿਵੇਂ ਕੋਈ ਨਸ਼ਈ ਡਿਗਦਾ ਹੈ । ਰਾਮ ਗੁਸੇ ਦੇ ਵਿੱਚ, ਅੱਗ ਦੀ ਤਰ੍ਹਾਂ ਘੁੰਮ ਰਹੇ ਸਨ । ਜਿਉਂ ਜਿਉਂ ਸਸ਼ਤ੍ਰ ਚਲਦੇ ਸਨ ਅੰਗਾਂ ਦੇ ਅੰਗ ਕਟੀਦੇ ਜਾ ਰਹੇ ਸਨ । ਮਾਸ ਖੱਰੇ ਜਾਨਵਰ, ਥੋੜੀ ਜਿੰਨੀ ਵੀ ਭੁਖ ਹੋਣ ਨਾਲ, ਮਾਸ ਖਾ ਖਾ ਕੇ ਅਤੇ ਲਹੂ ਪੀ ਪੀ ਕੇ ਰੱਜ ਰਹੇ ਸਨ ।

With one fierce blow of Rama the incarnate,
the demons fell down oscilliating as if
in intoxication. Like infuriated elephant
or burning fire he was moving in haste.
His arms were playing havoc and devastation.
The hounds were incited by flesh and blood
and satisfied their appetite to
their fill.

Digitized by Panjab Digital Library | www.panjabdigilib.org

313

ਅਘੋਰ ਘਾਇ ਆਘਏ ਕਟੇ ਪਾਰੇ ਸੁ ਪ੍ਰਾਸਨੰ ॥
ਘੁਮੰਤ ਜਾਣ ਰਾਵਲੰ ਲਗੇ ਸੁ ਸਿਧ ਆਸਣੰ ॥
ਪਰੰਤ ਅੰਗ ਭੰਗ ਹੈ ਬਕੰਤ ਮਾਰ ਮਾਰਯੰ ॥
ਬਦੰਤ ਜਾਣ ਬੰਦੀਯੰ ਸੁਕ੍ਰਿਤ ਕ੍ਰਿਤ ਅਪਾਰਯੰ ॥

ਗੁਸੀਲੇ ਅਤੇ ਭਿਆਨਕ ਦੈਂਤਾਂ ਨੂੰ ਗਹਿਰੇ ਘਾਵ ਲਗੇ ਅਤ ਉਹ ਕੱਟ ਕੱਟ ਕੇ ਮਾਸ ਖੱਰਿਆਂ ਦੇ ਅਹਾਰ ਲਈ ਸੁਟ ਦਿਤੇ ਗਏ। ਬੇਅੰਤ ਦੈਂਤਾਂ ਦੇ ਅੰਗ ਅੰਗ ਕਟੇ ਗਏ । ਅਨੰਤ ਦੈਂਤ ਅਜੇ ਵੀ ਮਾਰੋ ਮਾਰ ਕਰ ਰਹੇ ਸਨ । ਅਪਾਰ ਚੰਗਾ ਕੰਮ ਜਾਣ ਕੇ ਰਾਮ, ਗੁਸੀਲੇ ਦੈਂਤਾਂ ਨੂੰ ਵੱਢੀ ਟੁੱਕੀ ਜਾ ਰਹੇ ਸਨ ।

The furious and formidable demons
were deeply wounded and stained.
They were thrown to the hounds for their
food. Innumerable cannibals were cut into
pieces. Host of demons still flamed like
thunder bolt, Rama the incarnate wisely killed
the hateful, cruel and vicious demons.

314

ਬਜੰਤ ਤਾਲ ਤੁਬੁਰੰ ਬਿਸੇਖ ਬੀਨ ਬੇਣੰਯ ॥
ਮ੍ਰਿਦੰਗ ਝਾਲਨਾ ਫਿਰੰ ਸਨਾਇ ਭੇਰ ਭੈਕਰੰ ॥
ਉਠੰਤ ਨਾਦ ਨਿਰਮਲੰ ਤੁਟੰਤ ਤਾਲ ਤਬਯੰ ॥
ਬਦੰਤ ਕਿੱਤ ਬੰਦੀਅੰ ਕਵਿੰਦ੍ ਕਾਬਯ ਕੱਥਯੰ ॥

ਰਣ ਵਿਚ ਤੰਬੂਰੇ, ਵਿਸ਼ੇਸ਼ ਵੀਨਾਂ, ਬੰਸੁਰੀ ਮ੍ਰਿਦੰਗ ਅਤੇ ਭੇਰੀ ਆਦਿ ਸਾਜ਼, ਇਕੱਠੇ ਇਕੋ ਸੁਰ ਵਿਚ ਵਜਦੇ, ਤੇ ਬੜੀ ਚੰਗੀ ਸੁਰ ਨਿਕਲਦੀ । ਕਦੀ ਕਦੀ ਤੱਤ ਥਈ ਦਾ ਤਾਲ ਟੁਟਦਾ । ਸ਼ਿਰੋਮਣੀ ਕਵੀਆਂ ਨੇ ਇਸ ਜੰਗ ਦਾ ਹਾਲ ਬੜੀ ਸੁੰਦਰ ਕਵਿਤਾ ਵਿਚ ਲਿਖਿਆ ਹੈ ।

In the battle field, drums, lyre, flute,
Tambourine, harp and clarion played
in harmonious tune and the rhythem was never

Digitized by Panjab Digital Library | www.panjabdigilib.org

disturbed. The battle was so musical that poets of high rank recited its glory in verse.

315

ਢਲੰਤ ਖਾਲ ਮਾਲਯੰ ਖਹੰਤ ਧੱਗ ਖੇਤਯੰ ॥
ਚਲੰਤ ਬਾਣ ਤੀਛਣੰ ਅਨੰਤ ਅੰਤ ਕੰਕਰੰ ॥
ਸਮੱਟ ਸਾਂਗ ਸੁਕੱਤੜੇ ਟਸੱਕ ਸੂਲ ਸੇਲਯੰ ॥
ਰੁਲੰਤ ਰੁੰਡ ਮੁੰਡਯੰ ਭਲੰਤ ਝਾਲ ਅਝਲੰ ॥

ਢਾਲਾਂ ਖੜਕ ਰਹੀਆਂ ਸਨ । ਤਲਵਾਰਾਂ ਵਹਿ ਰਹੀਆਂ ਸਨ । ਤਿਖੇ ਬਾਣ ਚਲ ਰਹੇ ਸਨ । ਦੈਂਤਾਂ ਦੇ ਦਲ ਦੀ ਗਿਣਤੀ ਦਸ ਹਜ਼ਾਰ ਸੀ । ਜ਼ੋਰ ਨਾਲ ਬਰਛੀਆ ਵਾਹੀਆਂ ਜਾ ਰਹੀਆਂ ਸਨ । ਤਿਖੇ ਨੇਜੇ ਖੜਚ ਖੜਚ ਕਰ ਕੇ ਵਿੰਨੇ ਜਾ ਰਹੇ ਸਨ । ਅਨੰਤ ਲੱਥਾਂ ਸਿਰਾਂ ਤੋਂ ਬਿਨਾਂ ਰੁਲ ਰਹੀਆ ਸਨ । ਯੁਧ ਦੀ ਝਾਲ ਝੱਲੀ ਨਹੀਂ ਸੀ ਜਾਂਦੀ ।

The shields rattled, the sabres chincked, the arrows whizzled, the spears clanged. The demons, vast herd of ten thousand was being pierced with arrows and beheaded with swords. The skulls and corpses were mingled and thrown in dust. It was a terrible battle, a horrible blood shed.

316

ਬਚਿਤ੍ਰ ਚਿੱਤ੍ਰ ਤੈਸਰੰ ਬਹੰਤ ਦਾਰਣੰ ਰਣੰ ॥
ਦਲੰਤ ਦਾਲ ਅੱਦਲੰ ਢੁਲੰਤ ਚਾਰੁ ਚਾਮਰੰ ॥
ਦਲਤ ਨਿਰਦਲੰ ਦਲੰ ਪਪਾਤ ਭੂਤਲੰ ਦਿਤੰ ॥
ਉਠੰਤ ਗੱਦ ਸੱਦਯੰ ਨਿਨੱਚ ਨੱਚ ਦੁਭਰੰ ॥

ਬੜਾ ਬਚਿਤ੍ਰ ਚਿਤ੍ਰ ਬੱਝਾ ਹੋਇਆ ਸੀ । ਸਰਰ ਸਰਰ ਕਰ ਕੇ ਤੀਰ ਵਰ ਰਹੇ ਸਨ । ਭਿਆਨਕ ਸ਼ੋਰ ਹੋ ਰਿਹਾ ਸੀ । ਢਾਲਾਂ ਸਿਰਾਂ ਦੇ ਉਪਰ ਇਉਂ ਫੂਲ ਰਹੀਆਂ ਸਨ ਜਿਵੇਂ ਚਉਰ ਝੂਲ ਰਿਹਾ

Digitized by Panjab Digital Library | www.panjabdigilib.org

ਹੋਵੇ । ਦਲ ਕੁਚਲਿਆ ਜਾ ਰਿਹਾ ਸੀ ਅਤੇ ਚਕਨਾ ਚੂਰ ਹੋ ਰਿਹਾ ਸੀ । ਦੈਂਤ ਭਾਰੀ ਅਵਾਜ਼ ਨਾਲ ਧਰਤੀ ਉਤੇ ਡਿਗ ਰਹੇ ਸਨ । ਧੜੰਮ ਕਰਦੀ ਅਵਾਜ਼ ਆਉਂਦੀ ਅਤੇ ਭਿਆਨਕ ਦੈਂਤ ਧਰਤੀ ਉਤੇ ਡਿਗ ਪੈਂਦੇ ।

It was a fantastically grotesque scene. The arrows fell like rain drops, profusely. There was terrible noise. The shields were engaged in such a manner that they looked like flapper being fluttered over heads. The army was being trampled, squashed and crushed. With a bump, the heavy bodies of the formidable demons, fell on the ground.

317

ਭਰੰਤ ਪੱਤ੍ਰ ਚਉਸਠੀ ਕਿਲੰਕ ਖੇਚਰੀ ਕਰੰ ॥
ਫਿਰੰਤ ਹੂਰ ਪੂਰਯੰ ਥਰੰਤ ਦੁਧਰੰ ਨਰੰ ॥
ਸਨੱਧ ਬੱਧ ਗੋਧਯੰ ਸਸੋਭ ਅੰਗੁਲੰ ਤਿਣੰ ॥
ਡਾਕੰਤ ਡਾਕਣੀ ਭ੍ਰਮੰ ਭਖੱਤ ਆਮਿਖੰ ਰਣੰ ॥

ਰਾਮ ਚਉਸਠ ਤੀਰ ਇਕੋ ਵੇਰੀ ਭਰ ਕੇ ਛਡਦੇ, ਜਿਹੜੇ ਨਿਕਲਦੇ ਹੋਏ ਅਕਾਸ਼ ਵਿਚ ਖਿਲਰ ਜਾਂਦੇ । ਇਉਂ ਜਾਪਦਾ ਸੀ ਜਿਵੇਂ ਤੀਰ ਨਹੀਂ, ਹੂਰਾਂ ਆਕਾਸ਼ ਵਿਚ ਫਿਰਦੀਆਂ ਹੋਣ । ਇਹ ਹੂਰਾ ਦੋ-ਧਾਰੀਆਂ ਤਲਵਾਰਾਂ ਧਾਰਨ ਕੀਤੇ ਹੋਏ ਦੈਂਤਾਂ ਨੂੰ ਵਰੀ ਜਾਂਦੀਆਂ ਸਨ । ਸਨੱਧ ਬੱਧ ਯੋਧਿਆਂ ਦੀਆਂ ਉਂਗਲੀਆਂ ਵਿਚ ਉਂਗਲ-ਚ੍ਹਾਣ ਸ਼ੋਭਾ ਦੇ ਰਹੇ ਸਨ । ਚੁੜੈਲਾਂ ਮਾਸ ਖਾਣ ਲਈ ਫਿਰ ਰਹੀਆਂ ਸਨ ।

Rama the incarnate, filled sixty four arrows blazing with fire, at a time. With one shaft they spread in the blue sky like beautiful fairies and nymphs of heaven. They wedded the warriors with arms,

Digitized by Panjab Digital Library | www.panjabdigilib.org

and double edged swords and beautiful thimbles on their fingers. The hobgoblin rambled for flesh.

318

ਕਿਲਕ ਦੇਵੀਯੰ ਕਰੇ ਡਹੱਕ ਡਾਮਰੂ ਸੁਰੰ ॥
ਕੜੱਕ ਕੱਤੀਯੇ ਉਠੇ ਪਰੰਤ ਧੂਰ ਪੱਥਰੰ ॥
ਬਬੱਜ ਸਿੰਧੋਰੇ ਸੁਰੇ ਨਿਘਾਤ ਸੂਲ ਸੈਸਥੀਯੰ ॥
ਭਭੱਜ ਕਾਤਰੋ ਰਣੰ ਨਿਲੱਜ ਭੱਜ ਭੂਤਰੰ ॥

ਤਲਵਾਰਾਂ ਦੇ ਚਲਣ ਦੀ ਅਸਚਰਜ ਧੁਨੀ, ਡਮਰੂ ਦੀ ਸੁਰੀਲੀ ਅਵਾਜ ਨੂੰ ਵੀ ਮਾਤ ਪਾਂਦੀ ਸੀ । ਕੜੱਕ ਕਰਕੇ ਕਾਤੀਆਂ ਉਠਦੀਆਂ ਸਨ ਅਤੇ ਝੁਲਾਂ ਸਮੇਤ ਹਾਥੀਆਂ ਅਤੇ ਘੋੜਿਆਂ ਨੂੰ ਧੂੜੀ ਵਿਚ ਮਿਲਾਈ ਜਾਂਦੀਆ ਸਨ । ਵੀਰ ਰਸ ਦਾ ਸੰਧੂਰੀਆਂ ਰਾਗ ਵੱਜ ਰਿਹਾ ਸੀ, ਜਿਸ ਦੀ ਲੈ ਨਾਲ ਬਰਛੀਆਂ ਅਤੇ ਨੇਜਿਆਂ ਨੇ ਹਨੇਰੀ ਅਤੇ ਤੂਫਾਨ ਲੈ ਆਂਦਾ । ਬੁਜਦਿਲ ਅਤੇ ਕਾਤਿਰ ਜਿਹੜੇ ਧਰਤੀ ਦਾ ਬੋਝ ਸਨ ਰਣ ਵਿਚੋਂ ਭੱਜ ਉਠੇ ।

The rattling of the swords and sabres produced such a harmonious tune that it surpassed the symphony of the drum. With a terrible bump the sabres were raized and wielded, with a thud, the armoured elephants and horses were slain and thrown in the dust. The martial tune was played, and in harmony, it wrought havoc and blood shed like dreadful whirlwind with sabres and spears. The coward and pithless, took to their heels.

319

ਸੁਰਸ਼ਰ੍ ਅਰ੍ ਸੰਨਿਧੰ ਜੁਝੰਤ ਜੋਧਣੰ ਜੁਧੰ ॥
ਅਰੁਝ ਪੰਕ ਲੱਜ ਲੱਕਰੰ ਤਦੋਹ ਕੋਢਲੰ ॥
ਪਰੰਤ ਅੰਗ ਭੰਗ ਹ੍ਵੈ ਉਠੰਤ ਮਾਸ ਕਰਦਮੰ ॥
ਖਿਲੰਤ ਜਾਣ ਕੱਦਵੰ ਸਮਝ ਕਾਨ ਗੋਪਿਕੰ ॥

Digitized by Panjab Digital Library | www.panjabdigilib.org

ਸ਼ਸਤ੍ਰ ਅਸਤ੍ਰ ਵਿਦਿਆ ਵਿਚ ਪ੍ਰਪੱਕ ਯੋਧੇ ਜੂਝਦੇ ਹੋਏ ਆਪਸ
ਵਿਚ ਲੁਝ ਗਏ। ਉਹਨਾਂ ਦੇ ਪਾਪ ਕੱਬਣ ਲਗੇ। ਮਾਰਨਾ
ਹੀ ਉਹਨਾਂ ਲਈ ਯਕੀਨੀ ਤੌਰ ਤੇ ਠੀਕ ਸੀ। ਉਨ੍ਹਾਂ
ਦੇ ਅੰਗ ਤੋੜ ਤੋੜ ਕੇ ਉਨ੍ਹਾਂ ਨੂੰ ਚਿਕੜ ਵਿਚ ਸੁਟ ਦਿਤਾ।
ਰਾਮ, ਕਾਹਨ ਦੀ ਤਰ੍ਹਾਂ, ਦੁਸ਼ਮਨਾਂ ਨੂੰ ਗੋਪੀਆਂ ਸਮਝਦਾ ਹੋਇਆ
ਉਨ੍ਹਾਂ ਦੀਆਂ ਖਲਾਂ ਉਤਾਰ ਕੇ ਗੇਂਦ ਦੀ ਤਰ੍ਹਾਂ ਖੇਡ ਰਿਹਾ ਸੀ

The formidable demons, excellent in warfare and fully equipped with arms and armaments, clashed with Rama the incarnate. Their villiany was redemped and well rewarded by cutting their mighty bodies into pieces and throwing them into the mud. Rama the incarnate, like Lord Krishna, imagining the demons like Gopikas, desquaminated their skins and rolled them like balls.

320

ਡਰੱਕ ਡਉਰ ਡਾਕਣੰ ਝਲੰਤ ਝਾਲਰੋ ਸਰੰ ॥
ਨਿਨੱਦ ਨਾਦ ਨਾਫਰੋ ਬਜੰਤ ਭੇਰ ਭੀਖਣੰ ॥
ਘੁਰੰਤ ਘੋਰ ਦੁੰਦਭੀ ਕਰੰਤ ਕਾਨਰੋ ਸੁਰੰ ॥
ਕਰੰਤ ਝਾਝਰੋ ਝੜੰ ਬਜੰਤ ਬਾਂਸੁਰੀ ਬਰੰ ॥

ਡਉਰੂ ਉਚੀ ਉਚੀ ਵੱਜ ਰਹੇ ਸਨ। ਤੀਰ ਐਨੇ ਤੇਜੀ ਨਾਲ
ਬਰਸ ਰਹੇ ਸਨ ਕਿ ਉਨ੍ਹਾਂ ਦੀ ਝਾਲ ਝਲੀ ਨਹੀਂ ਸੀ ਜਾਂਦੀ।
ਸ਼ਹਿਨਾਈਆਂ, ਭੇਰੀਆਂ, ਨਗਾਰੇ ਐਨੇ ਜ਼ੋਰ ਜ਼ੋਰ ਦੀ ਵਜ ਰਹੇ
ਸਨ ਜਿਵੇਂ ਕਾਨੜੇ ਦੀ ਧੁਨੀ ਵੱਜ ਰਹੀ ਹੋਵੇ। ਯਾਂ ਝਾਂਜਰ
ਖੜਕ ਰਹੀ ਹੋਵੇ ਯਾਂ ਸੁਰੀਲੀ ਬੰਸਰੀ ਵੱਜ ਰਹੀ ਹੋਵੇ ॥

The drums beat furiously. The arrows whizzled and rained profusely. Clarion, bugle, drums and tamborine played simultaneously, so harmoniously as if Rag Kanara was being played, or it was the clincking of the cymbals, or a tune played on flute.

Digitized by Panjab Digital Library | www.panjabdigilib.org

321

ਨਾਚਤੰ ਬਾਜ ਤੀਛਣੰ ਚਲੰਤ ਚਾਂਚਰੀ ਕ੍ਰਿਤੰ ॥
ਲਿਖਤ ਲੀਕ ਉਰਬੀਅੰ ਸੁਭੰਤ ਕੁੰਡਲੀ ਕਰੰ ॥
ਉਡੰਤ ਧੂਰਿ ਭੂਰਿਯੰ ਖੁਰੀਨ ਨਿਰਦਲੀਂ ਨਭੰ ॥
ਪਰੰਤ ਭੁਰ ਭਉ ਰਣੰ ਸੁਭੰਰ ਠੇਰ ਜਿਉਂ ਜਲੰ ॥

ਸਾਰੇ ਵਾਜੇ ਬੜੇ ਤੀਖਣ ਗਤੀ ਨਾਲ ਵੱਜ ਰਹੇ ਸਨ । ਜਿਵੇਂ ਕੋਈ ਹੋਲੀ ਦਾ ਗੀਤ ਵੱਜ ਰਿਹਾ ਹੋਵੇ। ਭਕਦੀਰ ਦੀ ਰੇਖਾ ਜਿਵੇਂ ਨਚਾਂਦੀ ਹੈ ਤਿਵੇਂ ਕੋਈ ਭਿਖੇ ਤਾਲ ਨਚਦਾ ਹੈ । ਤਿਵੇ ਇਹ ਨਾਚ ਹੋ ਰਿਹਾ ਸੀ । ਰਾਕਸ਼ਾਂ ਦੇ ਦਲਾਂ ਦਾ ਚਕਨਾ-ਚੂਰ ਕੀਤਾ ਜਾ ਰਿਹਾ ਸੀ । ਚਾਰੋਂ ਪਾਸੇ ਘਟਾ ਹਾ ਘੱਟਾ ਪਸਰਿਆ ਹੋਇਆ ਸੀ । ਚਾਰੋਂ ਪਾਸੇ ਇਉਂ ਕਟਾ-ਵਢ ਹੋ ਰਹੀ ਸੀ ਜਿਵੇਂ ਸਭ ਕੁਝ ਜਲ ਰਿਹਾ ਹੋਵੇ ।

All the musical instruments played the martial tune at a high pitch and speed, like that of the Holi song. Man dances at the tune of the Destiny. Some times the destiney plays miracles so the cannibals were crushed and destructed. Duststorm of destruction and bloodshed was playing havoc and gore, it appeared as if everything was being devastated by wild fire.

322

ਭਜੰਤ ਧੀਰ ਬੀਰਣੰ ਚਲੰਤ ਮਾਨ ਪ੍ਰਾਨ ਲੈ ॥
ਦਲੰਤ ਪੰਤ ਦੰਤੀਯੰ ਭਜੰਤ ਹਾਰ ਮਾਨ ਕੈ ॥
ਮਿਲੰਤ ਦਾਂਤ ਘਾਸ ਲੈ ਰਰਛ ਸ਼ਬਦ ਉਚਰੰ ॥
ਬਿਰਾਧ ਦਾਨਵ ਜੁਝਿਯੋ ਸੁਹਥ ਰਾਮ ਨਿਰਮਲੰ ॥

ਸਾਰੇ ਸੂਰਮੇ ਧੀਰਜ ਛਡ ਕੇ ਜਾਨਾਂ ਬਚਾ ਕੇ ਨਸ ਗਏ । ਦੈਂਤਾ ਦਾ ਸ਼ਿਰੋਮਣੀ ਸੈਨਾਪਤੀ ਮਾਰਿਆ ਗਿਆ । ਬਾਕੀ ਦੇ ਦੈਂਤਾਂ ਨੇ ਹਾਰ ਮੰਨ ਲਈ । ਉਹ ਦੰਦਾਂ ਵਿਚ ਘਾਹ ਲੈ ਕੇ ਮਿਲੇ ਅਤੇ ਕਹਿਣ ਲਗੇ, "ਸਾਡੀ ਰਖਿਆ ਕਰੋ ।" ਇਉਂ ਬਿਰਾਧ ਦੈਂਤ, ਰਾਮ ਦੇ ਪਵਿਤ੍ਰ ਹਥਾਂ ਤੋਂ ਮਾਰਿਆ ਗਿਆ ।

Digitized by Panjab Digital Library | www.panjabdigilib.org

All the valient warriors exhausted their patience and endurance. The chief of the connibals having been ruthlessly killed, the remanants of the host of demons acknowledged defeat. They surrendered their arms, and sought protection of the mighty Rama. In this manner the cannibal Viradh died at the holy hands of Rama, the incarnate.

323

ਅਥ ਬਨ ਮੋ ਪ੍ਰਵੇਸ ਕਥਨੰ ॥ ਦੋਹਰਾ ॥

ਇਹ ਬਿਧਿ ਮਾਰ ਬਿਰਾਧ ਕਉ
ਬਨ ਮੈਂ ਧੱਸੇ ਨਿਸੰਗ ॥
ਸ੍ਰੀ ਕਵਿ ਸ੍ਰਯਾਮ ਇਹ ਬਿਧ ਕਹਯੋ
ਰਘੁਬਰ ਜੁੱਧ ਪ੍ਰਸੰਗ ॥

ਇਸ ਤਰ੍ਹਾਂ ਬਿਰਾਧ ਰਾਖਸ਼ ਨੂੰ ਮਾਰ ਕੇ ਨਿਧੜਕ ਹੋ ਕੇ ਰਾਮ ਅਗਲੇ ਬਣ ਵਿਚ ਗਏ । ਇਉਂ ਕਾਵਿ ਸਿਆਮ ਨੇ ਰਾਮ ਦਾ ਬਿਆਧ ਦੇ ਨਾਲ ਜੁਧ ਕਰਨ ਦਾ ਪ੍ਰਸੰਗ ਕਿਹਾ ।

In this manner after the distruction of the cannibal Viradh, Rama the incarnate advanced into the dense forest. This is how the poet Syam has narrated the battle between Rama and Viradh the demon.

324

ਸੁਖਦਾ ਛੰਦ ॥

ਰਿਖੀ ਅਗਸਤ ਧਾਮ ॥ ਗਏ ਰਾਜ ਰਾਮ ॥
ਪੁਜੰ ਧਰਮ ਧਾਮ ॥ ਸੀਯਾ ਸਹਿਤ ਬਾਮ ॥

Digitized by Panjab Digital Library | www.panjabdigilib.org

ਇਸ ਤੋਂ ਮਗਰੋਂ ਧਰਮ ਦੀ ਮੂਰਤ, ਰਾਮ, ਆਪਣੀ ਪਤਨੀ ਸੀਤਾ ਸਹਿਤ, ਰਿਸ਼ੀ ਅਗਸੱਤ ਦੇ ਆਸ਼ਰਮ ਵਿਚ ਗਏ ।

Then Rama, the excellent in rightcousness, along with his charming wife Sita, repaired towards the hermitage of Saint Agastya,

325

ਲਖ ਰਾਮ ਬੀਰ ॥ ਰਿਖ ਦੀਨ ਤੀਰ ॥
ਰਿਪ ਸਰਬ ਚੀਰ ॥ ਹਰਿ ਸਰਬ ਪੀਰ ॥

ਰਾਮ ਨੂੰ ਮਹਾਂ ਬਲੀ ਯੋਧਾ ਜਾਣ ਕੇ ਰਿਖੀ ਅਗਸਤ ਨੇ ਬੜੇ ਤੀਰ, ਤਰਕਸ, ਤਲਵਾਰਾ ਆਦਿ ਸਸਤ੍ਰ ਵਿਸ਼ਵਕਰਮਾ ਦੇ ਦਿਤੇ ਹੋਏ, ਰਾਮ ਦੀ ਭੇਟਾ ਕੀਤੇ ਤਾਂ ਕਿ ਦੁਸ਼ਮਣਾਂ ਅਤੇ ਰਾਖਸ਼ਾਂ ਨੂੰ ਮਾਰ ਕੇ ਧਰਤੀ ਦਾ ਦੁਖ ਦੂਰ ਕਰਨ ।

Taking Rama to be the incarnation of Vishnu, the effulgent, and a great warrior, Saint Agastya presented inexhaustible quiver full of arrows, flaming as fire and a golden scabord sword to conquer the demons.

326

ਰਿਖ ਬਿਦਾ ਕੀਨ ॥ ਅਸਿਖਾ ਦੀਨ ॥
ਦੁਤ ਰਾਮ ਚੀਨ ॥ ਮੁਨਿਮਨ ਪ੍ਰਬੀਨ ॥

ਰਾਮ ਨੂੰ ਧਰਮ ਅਵਤਾਰ ਅਤੇ ਮਹਾਂ ਬਲੀ ਜਾਣ ਕੇ ਰਿਖੀ ਬਹੁਤ ਪ੍ਰਸੰਨ ਹੋਇਆ । ਉਸ ਨੂੰ ਆਸ਼ੀਰਵਾਦ ਦਿਤੀ ਅਤੇ ਵਿਦਾ ਕੀਤਾ ।

The holy Sage Agastya was extremely pleased to see the high divine powers and excellence in the acts of bravery, of Rama, the incarnate. He bestowed his benediction, blessed them perfusely and bade them adieu.

Digitized by Panjab Digital Library | www.panjabdigilib.org

327

ਪ੍ਰਭੂ ਭ੍ਰਾਤ ਸੰਗ ॥ ਸੀਯ ਸੰਗ ਸੁਰੰਗ ॥
ਤਜ ਚਿੰਤ ਅੰਗ ॥ ਧਨ ਬਨ ਨਿਸੰਗ ॥

ਰਾਮ ਆਪਣੇ ਭਰਾਤਾ ਲਛਮਨ ਅਤੇ ਰੂਪਮਤੀ ਪਤਨੀ ਸੀਤਾ
ਦੇ ਸੰਗ ਨਿਸਚਿੰਤ ਹੋ ਕੇ ਜੰਗਲਾਂ ਵਿਚ ਧੱਸ ਗਏ ।

Rama, the effulgent, alongwith Lakshmna
his brother and charming wife Sita, then
repaired into the most dense and
secluded forest.

328

ਧਰ ਪਾਨ ਬਾਨ ॥ ਕਟਿ ਕੱਸਿ ਕ੍ਰਿਪਾਲ ॥
ਭੁਜ ਬਰ ਅਜਾਨ ॥ ਚਲ ਤਿਰਥ ਨਾਨ ॥

ਹਥਾਂ ਵਿਚ ਤੀਰ ਤੇ ਲੱਕ ਨਾਲ ਕ੍ਰਿਪਾਨ ਬੰਨ ਕੇ ਬਾਹਵਾਂ ਦੇ ਬਲ
ਨਾਲ ਤੀਰਥਾਂ ਦੀ ਯਾਤਰਾ ਤੇ ਚਲੇ ।

With arrows in hand and swords tied to their
waist, Rama the incarnate, most powerful, set
forth for the holy pilgrimage.

329

ਗੋਦਾਵਰੀ ਤੀਰ ॥ ਗਏ ਸਹਿਤ ਬੀਰ ॥
ਤਜ ਰਾਮ ਗੀਰ ॥ ਕੀਯ ਸੁਚ ਸਰੀਰ ॥

ਉਥੋਂ ਪਵਿਤ੍ਰ ਗੋਦਾਵਰੀ ਦੇ ਕਿਨਾਰੇ ਉਤੇ ਗਏ, ਬਸਤ੍ਰ ਉਤਾਰ
ਕੇ ਅਸ਼ਨਾਨ ਕੀਤਾ ਅਤੇ ਸਰੀਰ ਪਵਿਤ੍ਰ ਕੀਤਾ ।

From there they proceeded towards the banks
of holy river Godavari. Taking off their
clothes, they took the holy sanctimonious dip.

Digitized by Panjab Digital Library | www.panjabdigilib.org

330

ਲਖ ਰਾਮ ਰੂਪ ॥ ਅਰਿ ਕ੍ਰੂਰ ਅਨੂਪ ॥
ਜਹ ਹੁਤੀ ਸੂਪ ॥ ਤਹ ਗਏ ਕ੍ਰੂਪ ॥

ਰਾਮ ਦਾ ਸੁੰਦਰ ਸਰੂਪ ਦੇਖ ਕੇ, ਇੱਕ ਕ੍ਰੂਰ ਰੂਪ ਰਾਖਸ਼ਸ ਸੂਰਪਨਖਾ ਕੋਲ ਗਿਆ ।

Beholding the most elegant and graceful figure of Rama, the incarnate, an evil spirited demon went to Surpnakha.

331

ਕਹੀ ਤਾਹਿ ਧਾਤ ॥ ਸੂਨ ਸੂਪ ਬਾਤ ॥
ਦੋ ਅਬਿਤ ਨ੍ਰਾਤ ॥ ਲਹਿ ਅਨੂਪ ਗਾਤ ॥

ਉਸ ਨੇ ਜਾ ਕੇ ਕਿਹਾ, "ਹੇ ਸੂਰਪਨਖਾ ਸੁਣ, ਗੁਦਾਵਰੀ ਦੇ ਕਿਨਾਰੇ ਦੋ ਅੱਤਿਥੀ ਅਤਿ ਹੀ ਸੁੰਦਰ ਸਰੂਪ ਵਾਲੇ ਆਏ ਹਨ ।"

He told her, "Hearken O, Surpnakha, at the banks of river Godavari, most beautiful, two wayfarers, have arrived."

332

ਸੁੰਦ੍ਰੀ ਛੰਦ :

ਸੂਰੂਪਨਖਾ ਇਹ ਭਾਂਤ ਸੁਨੀ ਜਬ ॥
ਧਾਇ ਚਲੀ ਅਬਿਲੰਬ ਕ੍ਰਿਯਾ ਤਬ ॥
ਕਾਮ ਸਰੂਪ ਕਲੇਵਰ ਜਾਨੈ ॥
ਰੂਪ ਅਨੂਪ ਤਿਹੂੰ ਪੁਰ ਮਾਨੈ ॥

ਸੂਰਪਨਖਾ ਨੇ ਜਿਸ ਵੇਲੇ ਇਹ ਗੱਲ ਸੁਣੀ ਤਾਂ ਜਲਦੀ ਨਾਲ ਨੱਸ ਕੇ ਉਥੇ ਪੁਜੀ । ਰਾਮ ਦਾ ਸੁੰਦਰ ਸਰੂਪ ਦੇਖਦਿਆਂ ਹੀ ਉਹ

Digitized by Panjab Digital Library | www.panjabdigilib.org

ਮੋਹੀ ਗਈ । ਉਹਨੂੰ ਰਾਮ ਤਿੰਨਾਂ ਲੋਕਾਂ ਵਿਚੋਂ ਸੁੰਦਰ, ਕਾਮ ਦੇਵ
ਦਾ ਰੂਪ ਦਿਖਾਈ ਦਿਤੇ ।

Surpnakha rushed to the place, where
Rama the incarnate was and got excited
at the sight of the most beautiful one,
she said to herself, "I have searched
the three spheres but have not found a
man equal to the beauty of this man. He
appeared to be the incarnation of Cupid,
the very god of love."

333

ਧਾਇ ਕਹਯੋ ਰਘੁਰਾਇ ਭਏ ਤਿਹ ॥
ਜੋਸ ਨਿਰਲਾਜ ਕਹੈ ਨ ਕਿਉ ਕਿਹ ॥
ਹੌ ਅਟਕੀ ਤੁਮਰੀ ਛਬ ਕੈ ਬਰ ॥
ਰੰਗ ਰੰਗੀ ਰੰਗ ਏ ਦ੍ਰਿਗ ਚੂ ਪਰ ॥

ਰਾਮ ਨੂੰ ਦੇਖਦਿਆਂ ਹੀ ਸੂਰਪਨਖਾ ਉਨ੍ਹਾਂ ਕੋਲ ਗਈ, ਅਤੇ
ਔਨੀ ਨਿਰਲਜਤਾ ਨਾਲ ਕਹਿਣ ਲਗੀ ਜਿਵੇਂ ਕਦੀ ਕੋਈ
ਨਹੀਂ ਬੋਲ ਸਕਦਾ ਕਿ, "ਹੇ ਰਾਮ ਮੈਂ ਤੇਰਾ ਰੂਪ, ਤੇਰੇ
ਸੁੰਦਰ ਨੈਣ ਅਤੇ ਤੇਰੀ ਮਨਮੋਹਣੀ ਮੂਰਤ ਦੇਖ ਕੇ ਮੋਹੀ ਗਈ ਹਾ ।
ਤੂੰ ਮੈਨੂੰ ਆਪਣੀ ਇਸਤ੍ਰੀ ਬਣਾ ਲੈ ।"

Surpnakha approached, Rama the most
beautiful and spoke most immodestly
and indecently, "O most charming,
lotus eyed and bewitching, I am
enchanted by your charm, take me as
your wife."

334

ਸੁੰਦ੍ਰੀ ਛੋਦ ॥

ਜਾਹ ਤਹਾਂ ਜਹ ਭ੍ਰਾਤ ਹਮਾਰੇ ।
ਵੈ ਰਿਝਹੈ ਲਖ ਨੈਨ ਤਿਹਾਰੇ ॥

Digitized by Panjab Digital Library | www.panjabdigilib.org

ਸੰਗ ਸੀਆ ਅਵਿਲੋਕ ਕ੍ਰਿਸੋਦਰ ॥
ਕੈਸ ਕੈ ਰਾਖ ਸਕੋ ਤ੍ਰਿਅ ਕੋ ਘਰ ॥

ਰਾਮ ਨੇ ਸੂਰਪਨਖਾ ਨੂੰ ਕਿਹਾ, "ਜਾਹ ਜਿਥੇ ਮੇਰਾ ਭਰਾ ਲਛਮਨ ਹੈ, ਉਹ ਤੇਰਾ ਸੁੰਦਰ ਰੂਪ ਅਤੇ ਬਾਂਕੇ ਨੈਨ ਦੇਖ ਕੇ ਜ਼ਰੂਰ ਤੇਰੇ ਉਤੇ ਰੀਝ ਜਾਵੇਗਾ । ਮੇਰੇ ਨਾਲ ਤੇ ਦੇਖ ਲੈ ਮੇਰੀ ਪਤਨੀ ਸੀਤਾ ਹੈ ਇਸ ਲਈ ਮੈਂ ਤੈਨੂੰ ਕਿਸ ਤਰ੍ਹਾਂ ਆਪਣੀ ਪਤਨੀ ਬਣਾ ਸਕਦਾ ਹਾਂ ।"

Rama, the incarnate looked at Surpnakha and said in reply, "Go to my brother Lakshmna, he will surely appreciate your charming face and beautiful eyes. I am married and my wife Sita is with me. A co-wife will not be agreeable to me at all."

335

ਮਾਤ ਪਿਤਾ ਕਹ ਮੋਹਿ ਤਜਿਯੋ ਬਨ ॥
ਸੰਗ ਫਿਰੀ ਹਮਰੇ ਬਨ ਹੀ ਬਨ ॥
ਤਾਹ ਤਜੋਂ ਕਸ ਕੈ ਸਨ ਸੁੰਦ੍ ॥
ਜਾਹ ਤਹਾਂ ਜਹ ਭ੍ਰਾਤ ਕ੍ਰਿਸੋਦਰ ॥

ਰਾਮ ਨੇ ਸੂਰਪਨਖਾ ਨੂੰ ਕਿਹਾ, "ਹੇ ਸੁੰਦਰੀ ਮਾਤਾ ਪਿਤਾ ਦੇ ਕਹਿਣ ਉਤੇ ਮੈਂ ਮਹਿਲਾਂ ਦਾ ਤਿਆਗ ਕੀਤਾ ਹੈ । ਸੀਤਾ, ਮਾਰੀ ਮਾਰੀ ਮੇਰੇ ਨਾਲ ਬਨਾਂ ਵਿਚ ਫਿਰ ਰਹੀ ਹੈ । ਹੁਣ ਉਸ ਨੂੰ ਮੈਂ ਕਿਸ ਤਰ੍ਹਾਂ ਤਿਆਗ ਸਕਦਾ ਹਾਂ । ਜਾਹ ਮੇਰੇ ਭਰਾ ਲਛਮਨ ਕੋਲ ਚਲੀ ਜਾ ।"

Rama again said to Surpnakha, "O lady in obedience to the wishes of my reverend father and mother, I have foresaken the kingdom, and lived in the forest. My wife Sita is accompanying me from place to place in the forest. It is most formidable for me to foresake her, pray go to my valient brother Lakshmna."

Digitized by Panjab Digital Library | www.panjabdigilib.org

336

ਜਾਤ ਭਈ ਸੁਨ ਬੈਨ ਤ੍ਰਿਯਾ ਤਹ ॥
ਬੈਠਹੁਤੋ ਰਣ ਧੀਰ ਜਤੀ ਜਹ ॥
ਸੋ ਨ ਬਰੈ ਅਤਿ ਰੋਸ ਭਰੀ ਤਬ ॥
ਨਾਕ ਕਟਾਇ ਗਈ ਕ੍ਰਿਹ ਕੋ ਸਭ ॥

ਸੂਰਪਨਖਾ ਉਥੇ ਗਈ, ਜਿਥੇ, ਲਛਮਨ ਮਹਾਂ ਯੋਧਾ ਅਤੇ ਮਹਾਂ ਜਤੀ ਬੈਠਾ ਸੀ। ਜਿਸ ਵੇਲੇ ਉਸ ਨੇ ਵੀ ਚੁਆਬ ਦੇ ਦਿਤਾ ਤਾਂ ਉਹ ਗੁਸੇ ਵਿਚ ਲਾਲ ਪੀਲੀ ਹੋ ਗਈ। ਲਛਮਨ ਕੋਲੋਂ ਨੱਕ ਕਟਵਾ ਕੇ ਘਰ ਨੂੰ ਦੌੜ ਗਈ।

Surpnakha went to Lakshmna the most valient and highly pious ascetic. On being refused by him, she became furious and rushed towards him, where upon Lakshmna struck off her nose and crying aloud she ran home.

337

ਅਥ ਖਰ ਦੂਖਣ ਦਵੋਤ ਜੱਧ ਕਥਨੰ ॥ ਸੁੰਦ੍ਰੀ ਛੰਦ ॥

ਰਾਵਨ ਤੀਰ ਰੋਤ ਭਈ ਜਬ ॥
ਰੋਸ ਭਰੇ ਦਨ ਬੰਸ ਬਲੀ ਸਭ ॥
ਲੰਕਸ ਧੀਰ ਬਜੀਰ ਬੁਲਾਏ ॥
ਦੂਖਣ ਔਖਰ ਦਵੋਤ ਪਠਾਏ ॥

ਸੂਰਪਨਖਾ ਰੋਂਦੀ ਹੋਈ ਰਾਵਣ ਦੇ ਕੋਲ ਗਈ। ਰਾਖਸ਼ਾਂ ਨੂੰ ਬੜਾ ਰੋਹ ਚੜ੍ਹ ਗਿਆ। ਲੰਕਾ ਦੇ ਰਾਜੇ ਰਾਵਣ ਨੇ ਬੜੇ ਵੱਡੇ ਯੋਧੇ ਅਤੇ ਵਜ਼ੀਰਾਂ ਨੂੰ ਬੁਲਾਇਆ ਤੇ ਉਨ੍ਹਾਂ ਦੀ ਸਲਾਹ ਲਈ। ਫੈਸਲਾ ਹੋਇਆ ਕਿ ਖਰ ਅਤੇ ਦੂਖਣ ਨਾਮੀ ਦੈਂਤਾਂ ਨੂੰ ਲੜਨ ਲਈ ਭੇਜਿਆ ਜਾਏ।

Moaning and crying aloud she went to her brother, Ravana, the king of demons.

Digitized by Panjab Digital Library | www.panjabdigilib.org

Ravana was enraged and called all his brave and most courageous warriors alongwith ministers. They all decided to send big army under the command of great demon warriors Khara and Dushna.

338

ਸਾਜ ਸਨਾਹ ਸੁਬਾਹ ਦੁਰਜਤ ॥
ਬਾਜਤ ਬਾਜ ਚਲੇ ਗਜ ਗੰਜਤ ॥
ਮਾਰ ਹੀ ਮਾਰ ਦਸੋ ਦਿਸ ਕੂਕੈ ॥
ਸਾਵਨ ਕੀ ਘਟ ਜਿਯੋਂ ਘੁਰ ਚੂਕੈ ॥

ਖਰ ਅਤੇ ਦੂਖਨ ਸੈਨਾਂ ਦੇ ਕਟਕ ਨੂ ਨਾਲ ਲੈ, ਬੜੇ ਸਸ਼ਤ੍ਰ ਅਸ਼ਤ੍ਰ ਧਾਰਨ ਕਰ, ਘੋੜਿਆਂ ਉਤੇ ਅਤੇ ਹਾਥੀਆਂ ਉਤੇ ਚੜ ਕੇ ਇਉਂ ਆਏ ਜਿਵੇਂ ਸਾਵਣ ਦੀ ਕਾਲੀ ਬੋਲੀ ਘਟਾ ਚੜ ਆਉਂਦੀ ਹੈ । ਉਹ ਮਾਰ ਹੀ ਮਾਰ ਕੂਕਦੇ ਆ ਰਹੇ ਸਨ ।

Khara and Dushana, most hedious, demons with swarming multitude, fiends, armed with diverse weapons and armours, riding on horses and mighty elephants set forth like the death doomed dense clouds in the month Sawana. They shouted, they defied, they lept in the air and cried for the enemy.

339

ਗਜੱਤ ਹੈ ਰਣਬੀਰ ਮਹਾ ਮਨ ॥
ਤਜੱਤ ਹੈ ਨਹੀਂ ਭੂੰਮ ਅਯੋਧਨ ॥
ਛਾਜਤ ਹੈ ਚਖੁ ਸੋਣਤ ਸੋਸਰ ॥
ਨਾਦ ਕਰੇ ਕਿਲਕਾਰ ਭਯੰਕਰ ॥

ਰਾਮ ਬਣ ਵਿਚ ਖੂਬ ਗਜੇ । ਖੂਬ ਰਣ ਭੂੰਮੀ ਵਿਚ ਜੰਮੇ । ਉਨਾਂ ਦੇ ਤੀਰ ਦੁਸ਼ਮਨ ਦਾ ਲਹੂ ਰੱਜ ਰੱਜ ਕੇ ਪੀਨ ਲਗੇ । ਜਿਸ ਨਾਲ ਰਾਖਸ਼ ਬੜਾ ਭਿਆਨਕ ਸ਼ੋਰ ਕਰਨ ਲੱਗੇ ।

Digitized by Panjab Digital Library | www.panjabdigilib.org

On seeing the hostile force Rama, the incarnate, handled his massive bow and took up position and stood like a piller in the battle field. He strung his bow. His arrows pierced into the demons and squeezed their blood, where upon the demons, being hurt made hedious noise.

340

ਤਾਰਕਾ ਛੰਦ ॥

ਰਨ ਰਾਜ ਕੁਮਾਰ ਬਿਰੱਚਹਿਗੇ ॥
ਸਰ ਸੇਲ ਸਰਾਸਨ ਨੱਚਹਿਗੇ ॥
ਸ੍ਰੁ ਬਿਰੁੱਧ ਅਵੱਧਿਸੁ ਗਾਜਹਿਗੇ ॥
ਰੱਣ ਰੰਗਹਿ ਰਾਮ ਬਿਰਾਜਹਿਗੈ ॥

ਰਣ ਦੇ ਵਿਚ ਰਾਜ ਕੁਮਾਰ, ਰਾਮ ਅਤੇ ਲਛਮਨ ਖੂਬ ਨੈਜਿਆਂ, ਤੀਰਾਂ ਅਤੇ ਧਨੁਖ ਨਾਲ ਦੈਂਤਾ ਨਾਲ ਲੜਨਗੇ ।

Rama, the incarnate alongwith his mighty brother Lakshmna will fight fierecly with the demons with the formidable bow, arrows and sharp spears.

341

ਸਰ ਓਘ ਪ੍ਰਓਘ ਪ੍ਰਹਾਰੈਗੇ ॥
ਰਣ ਰੰਗ ਅਭੀਤ ਬਿਹਾਰੈਗੇ ॥
ਸਜ ਸ੍ਰੂਲ ਸਨਾਹਿਰਿ ਛੁਟੱਹਿਗੇ ॥
ਦਿਤਿ ਪੁਤ੍ਰ ਧਰਾ ਪਰ ਲੁੱਟੇਹਿਗੇ ॥

ਰਾਮ ਅਤੇ ਲਛਮਨ ਤਿਖੇ ਤਿਖੇ ਤੀਰਾਂ, ਦੇ ਇੱਕਠ ਨੂੰ ਪ੍ਰਯੋਗ ਵਿਚ ਕਰਕੇ, ਚਿਲੇ ਚੜਾਂਨਗੇ । ਰਣ ਵਿਚ ਨਿਡਰ ਹੋ ਕੇ ਫਿਰਨਗੇ । ਤੀਰ, ਨੈਜੇ ਅਤੇ ਤਿੱਖੀ ਖੜਗ ਚਲਾ ਕੇ ਦੈਂਤਾਂ ਦੇ ਸੰਜੋਅ ਵਿੰਨ ਸੁਟਣਗੇ । ਦਿਤੀ ਦੇ ਪੁਤ੍ਰ ਦੈਂਤ ਮਾਰੇ ਜਾਣਗੇ ਅਤੇ ਧਰਤੀ ਉਤੇ ਲੇਟਨਗੇ ।

Digitized by Panjab Digital Library | www.panjabdigilib.org

Rama the incarnate along with Lakshmna will shaft his bow and shower innumerable arrows instantaneously. Like a fearless furious lion he shall enter the battlefield and fight with sharpened arrows, dangerous spears and sharp daggers which will cut their armour and helmets through. The demons, sons of Diti will be mercilessly killed and thrown in the dust.

342

ਸਰ ਸੰਕ ਅਸੰਕਤ ਸਾਹਿ ਗੋ ॥
ਬਿਨ ਭੀਤ ਭਯਾ ਦਲ ਦਾਹਿਗੋ ॥
ਛਿਤਲੁਥ ਬਲੁੱਥ ਬਿਥਾਰਿਹਿਗੋ ॥
ਤਰੁ ਸਣੇ ਸੁ ਮੂਲ ਉਖਾਰਿਹਿਗੋ ॥

ਰਾਮ, ਡਰਨ ਵਾਲੇ ਅਤੇ ਅਡਰ ਸਾਰਿਆਂ ਦਾ ਨਾਸ਼ ਕਰਨਗੇ।
ਨਿਡਰ ਹੋ ਕੇ ਦਲ ਵਿਚ ਤਰਥਲੀ ਮਚਾ ਦੇਣਗੇ ।
ਧਰਤੀ ਉਤੇ ਲੱਥਾਂ ਹੀ ਲੱਥਾਂ ਖਿਲਰ ਜਾਣਗੀਆਂ । ਦਰਖਤਾਂ
ਨੂੰ ਸਣੇ ਜੜ੍ਹਾਂ ਉਖਾੜ ਦੇਣਗੇ ।

Rama, the incarnate will wroth havoc, kill the timid and fearless Like a wild tempest he will devastate and gore. There will be corpse lying all over the ground. He will distruct the mighty trees from the roots.

343

ਨਵ ਨਾਦਿ ਨਫੀਰ ਨ ਬਾਜਤ ਭੇ ॥
ਗਲ ਗੱਜ ਹਠੀ ਰਣ ਰੰਗ ਫਿਰੇ ॥
ਲਗ ਬਾਨ ਸਨਾਹ ਦੁਸਾਰ ਕਢੇ ॥
ਸੂਅ ਤਡਕ ਕੇ ਜਨ ਰੂਪ ਮਢੇ ॥

Digitized by Panjab Digital Library | www.panjabdigilib.org

ਢੱਲ ਆਦਿ ਨਵਾਂ ਹੀ ਨਾਦ ਵਜਾਣਗੇ । ਹਠੀ ਰਾਮ ਰੱਣ ਵਿਚ
ਗਜਣਗੇ । ਤੀਰ ਅਤੇ ਨੇਜ਼ੇ ਦੁਸ਼ਮਨ ਨੂੰ ਦੁਸਾਰ ਪਾਰ ਕਰ ਜਾਣਗੇ ।
ਰਾਮ ਉਨਾਂ ਦਾ ਰੰਦ ਰੰਦ ਕੇ ਨਵਾਂ ਰੂਪ ਘੜਣਗੇ ।

The drums will play fresh tunes, wh e
upon the valient and sturdy Rama, th
incarnate, will thunder and roar in the
battlefield. His mighty and venomous arrows
and sharp spears will pierce the enemies.
He will spoke and shave the demons, to
smooth and to create a new figure.

344

ਬਿਨ ਸੰਕ ਸਨਾਹ ਰਿਝਾਰਤ ਹੈਂ ॥
ਰਨ ਬੀਰਨ ਬੀਰ ਪ੍ਰਚਾਰਤ ਹੈਂ ॥
ਸਰ ਸੁੱਧ ਸਿਲਾ ਸਿਤ ਤੋਰਤ ਹੈਂ ॥
ਜੀਅ ਰੋਸਹ ਲਾਹ ਲਘੋਰਤ ਹੈਂ ॥

ਬੇਖੌਫ਼ ਅਤੇ ਨਿਧੜਕ ਹੋ ਕੇ ਖੜਗ ਨੂੰ ਚਲਾਣਗੇ । ਰਣ ਵਿਚ
ਬੀਰ ਰਾਮ, ਰਣ ਦੇ ਧਨੀ, ਭਿਆਨਕ ਜੁਧ ਕਰਨਗੇ । ਸਿਲ ਦੇ
ਉਤੇ ਤੇਜ਼ ਕੀਤੇ ਹੋਏ ਚਿਟੇ ਤੀਰ ਚਲਾਣਗੇ । ਜੀਅ ਭਰ ਕੇ, ਰਜ ਕੇ,
ਭਿਆਨਕ ਜੋਸ਼ ਨਾਲ ਜੁੱਧ ਕਰਨਗੇ ।

Fearlessly, and frightfully Rama the,
incarnate will wield the sabre. Excellent in
the archery he will wroght havoc, utter
distruction and terrible battle. Sharpen on a
stone he will shower razor like white arrows.
With firy enthusiusm horrible rage, and to his
entire satisfaction Rama will wage the war.

345

ਰਣਧੀਰ ਅਜੋਧਨ ਲੁਝੱਤ ਹੈਂ ॥
ਰਦ ਪੀਸ ਭਲੇ ਕਰ ਜੁਝੱਤ ਹੈਂ ॥

Digitized by Panjab Digital Library | www.panjabdigilib.org

ਰਣ ਦੇਵ ਅਦੇਵ ਨਿਹਾਰਤ ਹੈਂ ॥
ਜੈ ਸੱਚ ਨਿੱਨਦ ਪੁਕਾਰਤ ਹੈਂ ॥

Sita was immensely upset and distressed when she saw her Lord lying inert and seneless. She bitterly lamented that her Lord who was skilled and expert in the knowledge of four types of ashtras, was lying inert and sensless under the influence of Naga pasha. She would be happy only when both her Lord and Lakshmna would get out of the ties of Naga pasha.

478

ਸੀਅ ਗਈ ਜਹੇ ਅੰਗਦਾਇ ਰਾਮ ॥
ਦਲ ਸਹਿਤ ਭ੍ਰਾਤ ਜੁ ਧਰਮ ਧਾਮ ॥
ਖੰਜੇ ਸੁਨਾਦ ਗੱਜੇ ਸੁ ਬੀਰ ॥
ਸੱਜੇ ਹਥਿਆਰ ਭੁਜੇ ਅਧੀਰ ॥

ਸੀਤਾ ਉਥੇ ਗਈ ਜਿਥੇ ਅੰਗਦ ਬੈਠਾ ਸੀ, ਉਸ ਨੂੰ ਰਾਮ ਅਤੇ
ਲਛਮਨ ਦਾ ਸਾਰਾ ਹਾਲ ਦਸਿਆ । ਕਿ ਕਿਵੇਂ ਉਹ ਦਲ ਸਨੇ ਨਾਗ ਪਾਸ
ਵਿਚ ਬੱਝੇ ਪਏ ਹਨ । ਉਸੇ ਵੇਲੇ, ਅੰਗਦ ਨੇ ਨਗਾਰੇ ਉਤੇ ਚੋਟ ਲਗਾਈ,
ਅਤੇ ਗਰਜਨਾ ਕਰਦੇ ਹੋਏ ਹਥਿਆਰ ਸਜਾ ਕੇ, ਕਾਹਲੀ ਕਾਹਲੀ ਉਧਰ
ਆਏ, ਜਿਥੇ ਰਾਮ ਅਤੇ ਲਛਮਨ ਸਨ ।

Sita arrived at the place where Angada was sitting. She narrated to him, the whole incident, how Rama. the incarnate and Lakshmna were lying senseless, over come by the subtle strategy of the Rakshasi magic, nagapasha. Immediately Angada stroke the drum, equipped hiemself with arms and proceeded towards Rama, roaring and thundering in anger and fury.

Digitized by Panjab Digital Library | www.panjabdigilib.org

479

ਸੰਮੁਲੇ ਸੂਰ ਸਰਬਰਖ ਚੁੱਧ ॥
ਹਨਮਾਲ ਝਾਲ ਬਿਕ੍ਰਾਲ ਕ੍ਰੁਧ ॥

ਤਜ ਚੁੱਧ ਸੁੱਧ ਸੁਰਮੇਘ ਧਰਣ ॥
ਬਲ ਗਿਯੋਨ ਕੁੰਭਲਾ ਹੋਮ ਕਰੰਣ ॥

ਉਨਾ ਨੇ ਇਕਤ ਹੋ ਕੇ ਤੀਰਾਂ ਦੀ ਬਰਖਾ ਕਰਨੀ ਆਰੰਭ ਕੀਤੀ । ਹਨੁਮਾਨ ਦੇ ਕ੍ਰੋਧ ਨੇ ਬਿਕ੍ਰਾਲ ਰੂਪ ਧਾਰਨ ਕਰ ਲਿਆ । ਉਸ ਨੇ ਸਾਲ ਦੇ ਅਤੇ ਤਾਲ ਦੇ ਸਿਹੜ ਵੀ ਰੁਖ ਹੱਥ ਆਏ, ਪੱਟ ਕੇ ਯੁਧ ਕਰਨ ਲਗਾ । ਜਿਸ ਨਾਲ ਮੇਘ ਨਾਦ ਦੀ ਸੁਧ ਬੁੱਧ ਭੁਲਾ ਦਿਤੀ। ਉਹ ਕੁੰਭਕਰਨ ਦੇ ਪੁਤ੍ਰ, ਕੁੰਭ ਨੂੰ ਨਾਲ ਲੈ ਕੇ, ਹੋਮ ਕਰਨ ਲਈ ਚਲਾ ਗਿਆ ।

Maddened with terrible fury. they got together and showered arrows. In a fit of frenzy Hanumana plucked the trees, and hurled them upon the demons in such a way that Meghnad was altogether confused. Taking Kubha, the son of Kumbhkarna alongwith him. Megh Nad went to prepare for a sacrifice.

480

ਲਘੁਬੀਰ ਤੀਰ ਲੰਕੇਸ ਆਨ ॥
ਇਮ ਕਹੈ ਬੈਣ ਤਜ ਭ੍ਰਾਤ ਕਾਨ ॥
ਆਇ ਹੈ ਸ਼ੱਤ੍ਰੂ ਇਹ ਘਾਤ ਹਾਥ ॥
ਇੰਦ੍ਰਹਿ ਬੀਰ ਅਰਿ ਬਰਿ ਪ੍ਰਮਾਥ ॥

ਤਦ ਲੰਕਾ ਦੇ ਰਾਜੇ ਰਾਵਨ ਦੇ ਭਰਾ, ਵਭੀਸ਼ਨ ਨੇ ਰਾਮ ਦੇ ਛੋਟੇ ਭਰਾ, ਲਛਮਨ ਦੇ ਕੰਨ ਵਿਚ ਇਹ ਗਲ ਕਹੀ ਕਿ ਬਹਾਦਰ ਮੇਘਨਾਥ (ਇੰਦ੍ਰਜੀਤ) ਐਸ ਵੇਲੇ ਸ਼ਤ੍ਰੂ ਉਤੇ ਜਿਤ ਪ੍ਰਾਪਤ ਕਰਨ ਲਈ ਹੋਮ ਕਰਨ ਗਿਆ ਹੈ। ਇਸ ਨੂੰ ਹੁਣ ਹੀ ਕਾਬੂ ਕਰਨਾ ਚਾਹੀਦਾ ਹੈ ਅਤੇ ਮਾਰ ਦੇਨਾ ਚਾਹੀਦਾ ਹੈ ।

Digitized by Panjab Digital Library | www.panjabdigilib.org

On learning the news, Vabhishna, younger brother of Ravana, the demon king of Lanka went to Lakshmna, the younger brother of Rama, the incarnate and told him in confidence that Megh Nad (Inderjit) was engaged in sacrifice, to be victorious in the battle.
That was the opportune moment to cut his life short.

481

ਨਿਜ ਮਾਸ ਕਾਟ ਕਰ ਕਰਤ ਹੋਮ ॥
ਥਰ ਹਰਤ ਭੂਮ ਅਰ ਚਕਿਤ ਬਯੋਮ ॥
ਤਹ ਗਯੋ ਰਾਮ ਭ੍ਰਾਤਾ ਨਿਸੰਕ ॥
ਕਰ ਧਰੇ ਧਨੁਖ ਕਟ ਕਸ ਨਿਖੰਗ ॥

ਮੇਘਨਾਦ ਵਿਸੇਸ਼ ਪ੍ਰਕਾਰ ਦਾ ਮਾਸ ਕੱਟ ਕੱਟ ਕੇ ਹੋਮ ਕਰਨ ਲਗਾ । ਜਿਸ ਨੂੰ ਦੇਖ ਕੇ ਧਰਤੀ ਕੰਬਣ ਲਗੀ ; ਅਕਾਸ਼ ਦੀਆ ਹੂਰਾਂ ਚਕ੍ਰਿਤ ਹੋ ਗਈਆ । ਉਥੇ ਨਿਰਭੈ ਹੋ ਕੇ ਰਾਮ ਦਾ ਛੋਟਾ ਭਰਾ ਲਛਮਨ ਗਿਆ । ਉਸ ਨੇ ਹੱਥ ਵਿਚ ਧਨੁਖ ਅਤੇ ਕਮਰ ਨਾਲ ਤਲਵਾਰ ਬੰਨੀ ਹੋਈ ਸੀ ।

Megh Nad began to gratify the supernatural spirits with special flesh. The earth shook to see the ghastly scene. The nymphs started and vexed. Lakshmna, the youngnr brother of Rama, the incarnate, arrived there undauntedly with a formidable bow in hand and a sword tied to his waist.

482

ਚਿੰਤੀ ਸੁਚਿੰਤ ਦੇਵੀ ਪ੍ਰਚੰਤ ॥
ਅਰਿ ਹਨਿਯੋ ਬਾਣ ਕੀਨੋ ਦੁਖੰਤ ॥
ਰਿਪ ਫਿਰੇ ਮਾਰ ਦੁਦੰਭ ਬਜਾਇ ॥
ਉੱਤ ਭਜੇ ਦਈਤ ਦਲ ਪੰਤਿ ਜੁਝਾਇ ॥

ਲਛਮਨ ਨੇ ਸ਼ਕਤੀ ਦੇਵੀ ਦੀ ਅਰਾਧਨਾ ਕਰ ਕੇ ਦੇਵੀ ਨੂੰ ਪ੍ਰਚੰਡ ਕੀਤਾ ਅਤੇ ਅਜਿਹਾ ਤੀਰ ਚਲਾਇਆ ਕਿ ਮੇਘਨਾਦ ਦੇ ਦੋ ਟੁਕੜੇ

Digitized by Panjab Digital Library | www.panjabdigilib.org

ਕਰ ਦਿਤੇ । ਇਉਂ ਧੋਖੇ ਨਾਲ ਮੇਘਨਾਦ ਨੂੰ ਮਾਰ ਕੇ ਨਗਾਰੇ ਵਜਾਉਣ ਲਗੇ । ਜਦੋਂ ਮੇਘਨਾਦ ਮਰ ਗਿਆ ਤਾਂ ਬਾਕੀ ਦੈਂਤ ਨਸ ਉਠੇ ।

With all the physical and divine powers at his command, Lakshmna, stretched his bow and discharged dreadful sharp arrows which severed Megh nad's head and his body fell in dust. Thus treacherously killing Meghnad, the Vanaras played trempts of victory. After the fall of Inderjit the demon host took to heals.

(ਇਤੀ ਸ੍ਰੀ ਇੰਦ੍ਰਜੀਤ ਬਧਹ ਧਿਆਇ ਸਮਾਪਤ ਮਸਤ)

483

ਅਥ [illegible] ਦਈਤ ਜੁੱਧ ਕਥਨੰ ॥

ਸੰਗੀਤ ਪੱਧਸਤਕ ਛੰਦ ॥

ਕਾਗੜ ਦੰਗ ਕੋਪ ਕੈ ਦਈਤ ਰਾਜ ॥
ਜਾਗੜ ਦੰਗ ਜੁਧ ਕੋ ਸਜਿਯੋ ਸਾਜ ॥
ਬਾਗੜ ਦੰਗ ਬੀਰ ਬੁੱਲੇ ਅਨੰਤ ॥
ਰਾਗੜ ਦੰਗ ਰੋਸ ਰੋਹੇ ਦੁਰੰਤ ॥

ਜਦੋਂ ਦੈਂਤਾਂ ਦੇ ਰਾਜੇ ਰਾਵਣ ਨੇ ਸੁਨਿਆ ਤਾਂ ਉਸ ਨੂੰ ਬੜਾ ਕਰੋਧ ਆਇਆ, ਉਸ ਨੇ ਜੰਗ ਕਰਨ ਦੀ ਤਿਆਰੀ ਕੀਤੀ । ਬੜੇ ਬੀਰ ਇੱਕਠੇ ਕੀਤੇ ਉਹ ਬੜੇ ਰੋਹ ਵਿਚ ਭਿਆਨਕ ਲੜਾਈ ਕਰਨ ਲਈ ਆਏ ।

When the demon king Ravana, heard the news, he was distressed and infuriated. He ordered for resumption of war. Chieftains and warriors of high order were collected. They all set forth in dreadful fit of anger.

Digitized by Panjab Digital Library | www.panjabdigilib.org

484

ਪਾਗੜ ਦੰਗ ਪਰਮ ਬਾਜੀ ਬੁਲੰਤ ॥
ਚਾਗੜ ਦੰਗ ਚਤ੍ਰ ਨਟ ਜਯੰ ਕੁਦੰਤ ॥
ਕਾਗੜ ਦੰਗ ਕ੍ਰੂਰ ਕੱਢੇ ਹਥਿਆਰ ॥
ਆਗੜ ਦੰਗ ਆਨ ਬੱਜੇ ਜੁਝਾਰ ॥

ਦੈਂਤਾਂ ਦੀ ਫੌਜ ਬੜੇ ਚੰਗੇ ਘੋੜਿਆ ਉਤੇ ਗਰਜਨਾ ਕਰਦੀ ਹੋਈ ਇਉਂ ਆਈ, ਜਿਵੇਂ ਚਤ੍ਰ ਨੱਟ ਕੁੱਦਦੇ ਆਉਂਦੇ ਹਨ । ਉਹਨਾਂ ਨੇ ਬੜੇ ਭਿਆਨਕ ਹਥਿਆਰ ਲਿਆਂਦੇ ਅਤੇ ਆਨ ਕੇ ਜੰਗ ਕਰਨ ਲਗੇ । ਮਾਰੂ ਰਾਗ ਵੱਜਨ ਲੱਗਾ ।

The demon's vast host approached riding on steeds and chargers, jumping and thundering like wicked acrobats. They were equipped with dreadful weapons and rushed forward and fought fiercely with revenge, the kettle drums played dreadful martial tunes.

485

ਰਾਗੜ ਦੰਗ ਰਾਮ ਸੈਨਾ ਸਕ੍ਰੁਧ ॥

ਜਾਗੜ ਦੰਗ ਜ੍ਞਾਨ ਜੁਥੰਭ ਜੁਧ ॥
ਨਾਗੜ ਦੰਗ ਨਿਸਾਨ ਨਵਸੈਨ ਸਾਜ ॥
ਮਾਗੜ ਦੰਗ ਮੂਢ ਮਕਰਾਛ ਗਾਜ ॥

ਰਾਮ ਦੀ ਸੈਨਾ ਵੀ ਕਰੋਧ ਵਿਚ ਖੜੀ ਸੀ । ਸੈਨਾ ਨੂੰ ਨਵੇਂ ਢੰਗ ਨਾਲ ਤਿਆਰ ਕਰ ਕੇ ਨਵੇਂ ਨਿਸ਼ਾਨ ਗੱਡ ਕੇ, ਮੂਰਖ ਮਕਰਾਛ ਦੈਂਤ ਨਾਲ, ਲੜਨ ਲਗੇ ।

Rama's army was also infuriated. They applied fresh logistics, fluttered their flags and set forth to figth t with foolish Makrachh, demon.

Digitized by Panjab Digital Library | www.panjabdigilib.org

486

ਆਗੜ ਦੰਗ ਏਕ ਅਤਕਾਇ ਬੀਰ ॥
ਗਾਗੜ ਦੰਗ ਰੋਸ ਦੀਨੇ ਗਹੀਰ ॥
ਆਗੜ ਦੰਗ ਏਕ ਹੁੰਕੇ ਅਨੇਕ ॥
ਸਾਗੜ ਦੰਗ ਸਿੰਧ ਬੇਲਾ ਬਿਬੇਕ ॥

ਇਕ ਹੋਰ ਦੈਂਤ ਆਤਕਾਇ ਨਾਮ ਦਾ ਬੜਾ ਸੂਰਮਾ ਸੀ । ਉਹਨੂੰ ਵੀ ਬੜਾ ਗੁਸਾ ਆਇਆ । ਉਸ ਨੇ ਫੈਸਲਾ ਕੀਤਾ ਕਿ ਉਹ ਰਣ ਭੂੰਮੀ ਵਿੱਚ ਨਹੀਂ, ਸਗੋਂ ਸਮੁੰਦ੍ਰ ਦੇ ਕਿਨਾਰੇ ਵਲੋਂ ਰਾਮ ਦੀ ਸੈਨਾ ਨਾਲ ਲੱਤੇਗਾ । ਉਹ ਬੜ੍ਹਕਦਾ ਹੋਇਆ, ਭਾਰੀ ਗਰੱਜਨਾ ਕਰਦਾ ਅਤੇ ਲਲਕਾਰਦਾ ਹੋਇਆ ਆਇਆ ।

Another mighty demon, named Atkaya being greatly enraged, decided to attack from the sea shore side. A[illegible] and [illegible]ited he roared, gaged and challenged the heroes and advanced forth to fight.

487

ਤਾਗੜ ਦੰਗ ਤੀਰ ਛੁੱਟੇ ਅਪਾਰ ॥
ਬਾਗੜ ਦੰਗ ਬੂੰਦ ਬਨ ਦਲ ਅਨੁਸਾਰ ॥
ਆਗੜ ਦੰਗ ਅਰਬ ਟੀਡੀ ਪ੍ਰਮਾਨ ॥
ਚਾਗੜ ਦੰਗ ਚਾਰ ਚੀਟੀ ਸਮਾਨ ॥

ਬੜੇ ਤੀਰ ਛੁੱਟੇ, ਪਰ ਉਹ ਅਡੇ ਵੱਡੇ ਦਲ ਦੇ ਸਾਹਮਣੇ ਬੂੰਦ ਦੇ ਸਮਾਨ ਸਨ । ਅੰਨਾ ਵਿਸਾਲ ਦਲ ਸੀ ਜਿਵੇਂ ਟਿਡੀ ਦੱਲ ਯਾਂ ਕੀੜੀ ਦਲ ਹੁੰਦਾ ਹੈ ।

They showered down, arrows in perfusion but they appeared like a drop, in the vast ocean-like-troops of the demons. It was a vast multitude host, like swarms of locust or unending train of ants.

Digitized by Panjab Digital Library | www.panjabdigilib.org

488

ਬਾਗੜ ਦੰਗ ਬੀਰ ਬਾਹੁੜੇ ਨੇਖ ॥
ਜਾਗੜ ਦੰਗ ਜੁਧ ਅਤਕਾਇ ਦੇਖ ॥
ਚਾਗੜ ਦੰਗ ਦੇਵ ਜੈ ਜੈ ਕਹੰਤ ॥
ਭਾਗੜ ਦੰਗ ਭੂਪ ਧਨ ਧਨ ਭਨੰਤ ॥

ਬਹੁਤ ਸਾਰੇ, ਸੂਰਬੀਰ, ਚੰਗੀ ਤਰ੍ਹਾਂ ਸ਼ਸ਼ਤ੍ਰ ਚਲਾ ਸੱਕਣ ਵਾਲੇ, ਅਤਕਾਇ ਨਾਲ ਯੁਧ ਕਰਨ ਲਈ ਆਏ । ਜਿਨ੍ਹਾਂ ਦਾ ਯੁਧ ਕੌਸ਼ਲ ਦੇਖ ਕੇ ਅਤਕਾਇ ਪ੍ਰਸ਼ੰਸਾ ਕਰਨ ਲੱਗਾ । ਦੇਵਤੇ ਜੈ ਜੈ ਕਾਰ ਕਰਨ ਲਗੇ । ਰਾਜੇ ਧੰਨ ਧੰਨ ਕਹਿਣ ਲਗੇ ।

Many warriors wellversed in the art of archery, proceeded to pitch the battle against Atakya, the mighty demon. Having seen their dexterity, skill and strategy, Atakya praised them and called them worthy warriors. Gods felt immensely delighted and cheered them. The kings blessed and glorified them.

489

ਕਾਗੜ ਦੰਗ ਕਹੱਕ ਕਾਲੀ ਕਰਾਲ ॥
ਜਾਗੜ ਦੰਗ ਜੂਹ ਜੁੱਗਣ ਬਿਸਾਲ ॥
ਭਾਗੜ ਦੰਗ ਭੂਤ ਭੈਰੋ ਅਨੰਦ ॥
ਸਾਗੜ ਦੰਗ ਸੁੱਣ ਪਾਣੰ ਕਰੰਤ ॥

ਇਕ ਭਿਆਨਿਕ ਤੋਪ ਚਲਾਈ, ਜਿਹੜੀ ਕਹੱਕੇ ਮਾਰ ਮਾਰ ਕੇ ਦੱਗੀ । ਜਿਸ ਨਾਲ ਵਿਸ਼ਾਲ ਸਮੁੰਦਰ ਦੇ ਕਿਨਾਰੇ ਖੜੇਤੀ ਫੌਜ ਯੋਗੀਆਂ ਵਾਗੂੰ ਸਮਾਧੀਆਂ ਲਾ ਬੈਠੀ । ਭੈਰੋਂ ਭੂਤ ਨੱਚਣ ਲਗੇ, ਖੁਸ਼ੀ ਮਨਾਨ ਲੱਗੇ । ਲਹੂ ਨੂੰ ਪਾਣੀ ਸਮਝ ਪੀਣ ਲਗੇ ।

A dreadful cannon roared fearfully, and a vast host of demons at the sea shore, lay inert and dead like ascetics in meditation. The ghosts, goblins and evil spirits danced about and rejoiced. They took blood like water, from the bloodshed.

Digitized by Panjab Digital Library | www.panjabdigilib.org

490

ਡਾਗੜ ਦੰਗ ਡਉਰ ਡਾਕਣ ਢਹੱਕ ॥
ਕਾਗੜ ਦੰਗ ਕ੍ਰੂਰ ਕਾਕੰ ਕਹੱਕ ॥

ਚਾਗੜ ਦੰਗ ਚਤ੍ਰ ਚਾਵਡੀ ਚਿੰਕਾਰ ॥
ਭਾਗੜ ਦੰਗ ਭੂਤ ਡਾਰਤ ਧਮਾਰ ॥

ਚੁੜੈਲਾਂ ਨੱਚਣ ਲਗੀਆਂ । ਕਾਂ ਭਿਆਨਕ ਕਾਂ ਕਾਂ ਕਰਨ ਲਗੇ ।
ਗਿੱਧਾਂ ਚੀਕਣ ਲਗੀਆਂ । ਭੂਤ ਭਿਆਨਕ ਸ਼ੋਰ ਕਰਨ ਲਗੇ ।

The goblins shrieked. The crow, cried aloud dreadfully. The vultures screamed. Ghosts and evll spirits howled fiercely.

491

ਹੋਹਾ ਛੰਦ ॥

ਟੂਟੇ ਪਰੇ ॥ ਨਵੇ ਮੁਰੇ ॥
ਅਸੰਧਰੇ ॥ ਰਿਸੰਭਰੇ ॥

ਅਜਿਹੇ ਝੱਪਟ ਕੇ ਪਏ ਕਿ ਜਿਹੜਾ ਆਇਆ ਉਹਨੂੰ ਵਾਪਸ ਪਰਤਨ ਜੋਗਾ ਨਾ ਛਡਿਆ । ਜੋਸ਼ ਵਿਚ ਭਰ ਕੇ ਗੁੱਸੇ ਨਾਲ ਤਲਵਾਰਾਂ ਚਲਾਣ ਲੱਗੇ ।

They pounced upon the enemy so fiercely that they wounded him fatally, and did not let him return. Infuriated in rage they attacked with rapiers furiousl.y

492

ਫੂਟੇ ਸ਼ਰੰ ॥ ਚਕਿਯੋ ਹਰੰ ॥
ਰੁਕੀ ਦਿਸੰ ॥ ਚਪੇ ਕਿਸੰ ॥

Digitized by Panjab Digital Library | www.panjabdigilib.org

ਜਿਨ ਵਲੇ ਬਾਂਦਰਾਂ ਦੀ ਸੈਨਾ ਨੇ ਕ੍ਰੋਧ ਵਿਚ ਆ ਕੇ ਧਨੁਖ ਦੀ ਟੁੰਨਕਾਰ ਕੀਤੀ ਤਾਂ ਤੀਰਾਂ ਦੀ ਬਰਖਾ ਵੇਖ ਕੇ, ਸਾਰੇ ਚਕ੍ਰਿਤ ਹੋ ਗਏ । ਚਾਰੇ ਦਿਸ਼ਾਵਾਂ ਚੁੱਕ ਗਈਆਂ ।

When the bow was fiercely twanged, and the arrows wers showered, by the infuriated Kapi Dal, the enemies got alarmed in amazement. All the four regions were dreadfully startled.

493

ਛੁਟੇ ਸਰੰ ॥ ਰਿਸੰ ਭਰੰ ॥
ਗਿਰੇ ਭਟੰ ॥ ਜਿਮੰ ਅਟੰ ॥

ਗੁਸੇ ਵਿਚ ਭਰੇ ਪੀਤਿਆਂ ਨੇ ਅਜਿਹੇ ਬਾਣ ਛੱਡੇ, ਕਿ ਵਡੇ ਵਡੇ ਯੱਧੇ, ਇਉਂ ਧਰਤੀ ਉਤੇ ਡਿਗੇ ਜਿਵੇਂ ਉਚੀਆਂ ਉਚੀਆਂ ਅਟਾਰੀਆਂ ਡਿਗਦੀਆਂ ਹਨ ।

Maddened with fury, they poured forth such venomous arrows, that the mighty warriors and wellknown chieftains fell on the ground like lofty pinnacles.

494

ਖੰਮੰ ਅਯ ॥ ਭਰੰ ਭਯੰ ॥
ਚਪੰ ਚਲੇ ॥ ਭਟੰ ਭਲੇ ॥

ਜਦੋਂ ਚੰਗੇ ਚੰਗੇ ਸੂਰਮੇ ਮੁਕਾਬਲਾ ਕਰਦੇ ਕਰਦੇ ਮਾਰੇ ਗਏ, ਅਤੇ ਜ਼ਖਮੀ ਹੋ ਹੋ ਕੇ ਡਿਗ ਪਏ, ਤਾਂ ਸਾਰੀ ਫੌਜ ਵਿਚ ਭੈ-ਦਾਇਕ ਭਾਜੜ ਪੈ ਗਈ ।

When famous and invincible heroes and highly skilled warriors fell down dead, in the dreadful encounter or got fatally wounded, the demons got baffled and clamoured in fear and pain.

Digitized by Panjab Digital Library | www.panjabdigilib.org

495

ਰਟੈ ਹਰੰ ॥ ਰਿਸੰ ਜਿਰੰ ॥
ਰੁਪੈ ਰਣੰ ॥ ਧੁਮੇ ਬ੍ਰਣੰ ॥

ਕ੍ਰੋਧ ਦੇ ਵਿੱਚ ਕਵੱਚ ਆਦਿ ਤੋੜ ਸੁਟੇ । ਵਰੁਣਾਸਤ੍ਰ ਚਲਾ ਕੇ ਸਾਰੀ ਸੈਨਾ ਨੂੰ ਵਿਆਕੁਲ ਕਰ ਦਿਤਾ । ਕਾਲ ਦਾ ਭਿਆਨਕ ਰੂਪ ਵੇਖ ਕੇ ਸਾਰੀ ਸੈਨਾ ਪੁਕਾਰ ਪੁਕਾਰ ਕਰ ਉਠੀ ।

Engagd in a furious combat, they tore off their armours in rage. There upon terrible varunashtra was aimed, which created havoc, disaster and slaughter. Confronted with death, the demon host was confounded, baffled, shaken and bewildered. They screamed and shouted in pain.

496

ਗਿਰੈਂ ਧਰੰ ॥ ਹੁਲੇ ਨਰੰ ॥
ਸਰੰ ਤਛੇ ॥ ਕਛੰ ਕਛੇ ॥

ਐਨੇ ਤਿਖੇ ਤੀਰ ਚਲਾਏ ਕਿ ਦੈਂਤਾਂ ਦੀ ਸੈਨਾ ਭੈ ਭੀਤ ਹੋ ਗਈ । ਸਭ ਡਰ ਗਏ, ਹੌਲ ਪੈਣ ਲਗਾ, ਦੈਂਤ ਇਉਂ ਧਰਤੀ ਉਤੇ ਡਿਗਣ ਲੱਗੇ ਜਿਵੇਂ ਕੋਈ ਦਾਤੀ ਨਾਲ ਕੱਟ ਕੱਟ ਕੇ ਸੁਟੀ ਜਾਂਦਾ ਹੈ ।

Terrible and dreadful arrows were showered, where upon the demon vast host was terrified, alarmed and frightened. They dropped on the earth as if cut with a sharp sickle.

497

ਘੁਮੇ ਬਣੰ ॥ ਝੁਮੇ ਰਣੰ ॥
ਲੱਸੈ ਫਸੇ ॥ ਕਟੰ ਕਸੇ ॥

Digitized by Panjab Digital Library | www.panjabdigilib.org

ਉਹਨਾਂ ਦੇ ਸਿਰ ਚਕਰਾ ਗਏ, ਉਹ ਉਚੀ ਉਚੀ ਪੁਕਾਰਨ
ਲਗੇ। ਲੜਾਈ ਨੇ ਉਹਨਾਂ ਨੂੰ ਭਰਮਾ ਦਿਤਾ। ਉਹ ਤਾਂ ਵੀ ਲਜਿਆ
ਦੇ ਮਾਰੇ ਕਮਰ ਕੱਸ ਕੇ ਲੜਨ ਲਈ ਤਿਆਰ ਹੋਏ।

Perplexed and bewildered they clamoured
in fear and pain, Confused and puzzled by
the fierce battle they felt dishonoured.
Still ignominiously they equipped themselves
with weapons and started fighting.

498

ਧਕੇ ਧਕ ॥ ਚੁਕੇ ਚਕੰ ॥
ਛੁਟੇ ਸਰੰ ॥ ਕੁਟੈ ਅਰੰ ॥

ਧੌਂਸੇ ਅਤੇ ਨਗਾਰੇ ਉਤੇ ਚੋਟ ਕਰਦੇ ਹੋਏ ਨੇੜੇ ਆਏ।
ਤੀਰਾਂ ਦੀ ਬਰਖਾ ਕੀਤੀ ਅਤੇ ਦੁਸ਼ਮਨਾਂ ਦੇ ਆਹੂ ਲਾਹਣ ਲਗੇ।

Tattooing the kettledrums and
tomtom they readvanced in the
battlefield and showered arrows on
the enemy and played havoc and destruction.

499

ਛਪੈ ਛੰਦ ॥

ਇੱਕ ਇੱਕ ਆਰੁਹੇ ਇੱਕ ਇੱਕ ਨਕਹਤ ਹੈਂ ॥
ਇੱਕ ਇੱਕ ਲੈ ਜਲੇ ਇੱਕ ਕਹ ਇੱਕ ਉਚੱਕੈਂ ॥
ਇੱਕ ਇੱਕ ਸਰ ਬਰਖ ਇੱਕ ਧਨ ਕਰਖ ਰੋਸ ਭਰ ॥
ਇੱਕ ਇੱਕ ਤਰਫੰਤ ਇੱਕ ਭਵ ਸਿਧ ਗਏ ਤਰ ॥
ਰਣ ਇੱਕ ਇੱਕ ਸਾਵੰਤ ਭਿੜੈਂ ਇੱਕ ਇੱਕ ਹੈ ਬਿਝੜੇ ॥
ਨਰ ਇੱਕ ਅਨਿਕ ਸਸਤ੍ਰਣ ਭਿੜੇ ਇੱਕ ਇੱਕ ਅਵਝੜ ਝੜੈਂ ॥

Digitized by Panjab Digital Library | www.panjabdigilib.org

ਇੱਕ ਇੱਕ ਜਣਾ, ਇੱਕ ਇੱਕ ਉਤੇ ਜਾ ਝਪਟਿਆ, ਉਸ ਨੂੰ ਕੁੱਟ ਕੁੱਟ ਕੇ ਮਲੀਦਾ ਕਰ ਦਿਤਾ । ਇੱਕ ਇੱਕ ਜਣਾ, ਇੱਕ ਇੱਕ ਨੂੰ ਚੁੱਕ ਚੁੱਕ ਕੇ ਪਟਕਾ ਪਟਕਾ ਮਾਰਨ ਲਗਾ । ਇੱਕ ਇੱਕ ਜਣਾ ਧਨੁਖ ਚੀ ਭਿਆਨਕ ਟੰਨਕਾਰ ਕਰਕੇ ਤੀਰਾਂ ਦੀ ਵਰਖਾ ਕਰਨ ਲਗਾ । ਇਕ ਤਾਂ ਯੁੱਧ ਭੂਮੀ ਵਿਚ ਤੜਫਨ ਲਗੇ, ਇੱਕ ਸਵਰਗ ਪਰੀ ਸਿਧਾਰ ਗਏ । ਇੱਕ ਇੱਕ ਯੋਧਾ ਇੱਕ ਇੱਕ ਨਾਲ ਲੜਿਆ ਤੇ ਇਕ ਨੂੰ ਮਾਰ ਕੇ ਹੀ ਛਡਿਆ । ਇੱਕ ਇੱਕ ਆਦਮੀ ਉਤੇ ਕਈ ਕਈ ਸਸਤ੍ਰ ਚਲਾਏ ਅਤੇ ਅਜਿੱਤ ਯੋਧਿਆਂ ਨੂੰ ਮਾਰ ਮੁਕਾਇਆ ।

Each one encountered and pounced upon each other, and bitterly thrashed him. Each one lifted and carried each other and smashed him. Each one twanged his bow terribly and showered arrows. Some writhed and fluttered in pain, some were directly sent to heaven. Each one grappled with each other and did not leave till the other was rendered to pieces. Many weapons were used on mighty and invicible warriors to smash them dead.

500

ਇੱਕ ਜੂਝ ਬਟਿ ਗਿਰੈਂ ਇੱਕ ਬਬਕੰਤ ਮੱਧਰਣ ॥
ਇੱਕ ਦੇਵ ਪੁਰਖਿਸੈ ਇੱਕ ਭੱਜ ਚਲਤ ਖਾਇ ਬ੍ਰਣ ॥
ਇੱਕ ਇੱਕ ਜੂਝ ਉਝੜੇ ਇੱਕ ਵਿਝੜੇ ਝਾੜ ਅਸ ॥
ਇੱਕ ਅਨਿਕ ਬ੍ਰਣ ਝਲੈ ਇੱਕ ਮੁਕਤੰਤ ਬਾਣ ਕਸ ॥
ਰਣ ਕੁੰਮ ਘੂਮ ਸਾਵੰਤ ਮਡੈ ਦੀਰਘ ਕਾਇ ਲਛਮਨ ਬਲ ॥
ਥਿਰ ਰਹੇ ਬਿਛ ਉਪਬਨ ਕਿਧੋ ਜਣ ਉਤ੍ਰ ਦਿਸ ਦੁਐ ਅਚਲ ॥

ਇੱਕ ਤਾ ਲੜ ਲੜ ਕੇ ਡਿੱਗ ਪਏ, ਇੱਕ ਰਣ ਭੂਮੀ ਵਿਚ ਅਜੇ ਵੀ ਝਡਕਾ ਮਾਰ ਰਹੇ ਸਨ । ਇੱਕ ਤਾ ਵਰੁਣਾਸਤ੍ਰ ਦਾ ਵਾਰ ਖਾਂਦਿਆ ਹੀ ਦੇਵ ਪੁਰੀ ਸਿਧਾਰ ਗਏ । ਇਕ ਜੂਝ ਜੂਝ ਕੇ ਅਜਿਤ ਸ਼ਸਤ੍ਰਾਂ ਨੂੰ ਅਧ ਵਿਚਕਾਰੋਂ ਹੀ ਕੱਟ ਕੱਟ ਕੇ ਸੁਟਣ ਲੱਗੇ । ਇੱਕ ਵਰੁਣਾਸਤ੍ਰ ਚਲਾ ਰਹੇ ਸਨ । ਇਕ ਮੰਤ੍ਰਿਤ ਬਾਣ ਚਲਾ ਰਹੇ ਸਨ ।

Digitized by Panjab Digital Library | www.panjabdigilib.org

ਇਉਂ ਬਲਵਾਨ ਯੋਧਾ ਘੁੰਮਦਾ ਹੋਇਆ ਡਿਗਿਆ ਅਤੇ ਲਛਮਨ ਬਲੀ ਦੇ ਹਥੋਂ ਮਾਰਿਆ ਗਿਆ । ਪ੍ਰੰਤੂ ਉਤ੍ਰ ਦਿਸ਼ਾ ਵਿਚ ਕਈ ਦੈਂਤ ਖੜੇ ਅਜੇ ਇਉਂ ਜਾਪਦੇ ਸਨ ਜਿਵੇਂ ਬਾਗ ਵਿਚ ਰੁੱਖ ਖਲੋਤੇ ਹੋਣ ।

Some lay inert and dead in the battlefield,
Still others roared, thundered, and challenged.
Some soar high to Heaven, immediately
attacked by terrible Varunastra. The others
cut off and destroyed the venomous weapons in
between. Some hurled Varunashtra and the others
discharged arrows spelled and enchanted with Mantras.
In this manner a mighty and invincible demon
was struck down, by the heroic feet of
Lakshmna. Still on the northen side, the
demons stood like huge trees in a
garden.

501

ਅਜਬਾ ਛੰਦ ॥

ਜੁਟੇ ਬੀਰੰ ॥ ਛੁਟੇ ਤੀਰੰ ॥
ਢੁੱਕੀ ਢਾਲੰ ॥ ਕ੍ਰੂਹੇ ਕਾਲੰ ॥

ਫੇਰ ਉਤ੍ਰ ਦਿਸ਼ਾ ਦੇ ਯੋਧਿਆਂ ਨਾਲ ਲੜਾਈ ਹੋਈ, ਢਾਲਾਂ ਖੜਕੀਆਂ ਅਤੇ ਤੀਰ ਛਡੇ ਗਏ । ਦ੍ਰੋਧ ਵਿਚ, ਕਾਲ ਰੂਪ ਵਾਂਗੂੰ ਮਾਰਨ ਲਗੇ ।

The shield rattled, arrows were
showered and fight in the northern
region started fiercely and dreadfully.

502

ਦੰਕੇ ਦੱਲੰ ॥ ਧੰਕੇ ਧੱਲੰ ॥
ਕੱਡੇ ਸ਼ਸਤ੍ਰੰ ॥ ਅੱਡੇ ਅਸਤ੍ਰੰ ॥

Digitized by Panjab Digital Library | www.panjabdigilib.org

ਢੱਲ ਖੜਕਨ ਲੱਗੇ ਅਤੇ ਉਚੀ ਉਚੀ ਨਾਦ ਕਰਨ ਲਗੇ ।
ਯੋਧਿਆਂ ਦੇ ਸ਼ਸ਼ਤ੍ਰ ਕੱਟੇ ਗਏ, ਅਤ੍ਰ ਖੋਹ ਲਏ ਗਏ।

Kettledrums were tattooed. They produced terrible din. The weapons of the warriors were shattered into pieces. The armours were snatched away.

503

ਕ੍ਰੋਧੰ ਗਲਤੰ ॥ ਬੋਧੰ ਦਲਤੰ ॥
ਗਜੈ ਬੀਰੰ ॥ ਤਜੈ ਤੀਰੰ ॥

ਕ੍ਰੋਧ ਵਿਚ ਗਲਤਾਨ ਹੋਏ ਹੋਏ ਯੋਧਿਆਂ ਦੀ ਬੁਧੀ ਕੁਚਲੀ ਗਈ । ਉਹ ਉਚੀ ਉਚੀ ਗਰਜਨਾ ਕਰਦੇ ਹੋਏ ਐਵੇ ਤੀਰ ਚਲਾਣ ਲਗੇ ।

Infuriated in rage the mighty warriors were perplexed and vexed. They roared and shouted and discharged arrows aimlessly.

504

ਰੱਤੇ ਨੈਣੰ ॥ ਅੱਤੇ ਬੈਣੰ ॥
ਲੁਝੇ ਸੂਰੇ ॥ ਸੁੱਝੈ ਹੂਰੰ ॥

ਕ੍ਰੋਧ ਵਿਚ ਰਤੀਆਂ ਲਾਲ ਲਾਲ ਅਖਾਂ ਕੱਢ ਕੇ ਬਕਬਾਦ ਕਰਨ ਲਗੇ । ਜੰਗ ਵਿਚ ਜੂਝੇ ਹੋਏ ਸੂਰਮੇ ਇਉਂ ਜਾਪਦੇ ਸਨ , ਜਿਵੇਂ ਹੂਰਾਂ ਚੁੰਦੀਆਂ ਹਨ ।

With eyes red in fury, they shouted and raved. The warriors laid down dead in the field, appeared like nymphs of heaven.

505

ਲਗੈ ਤੀਰੰ ॥ ਭੱਜੈ ਭੀਰੰ ॥
ਰੋਸੰ ਰੁੱਝੇ ॥ ਅਸ਼ਤ੍ਰੰ ਜੂਝੇ ॥

Digitized by Panjab Digital Library | www.panjabdigilib.org

ਤਿਖੇ ਤੀਰਾਂ ਦੇ ਲਗਦਿਆਂ ਹੀ ਬੁਜਦਿਲ ਦੌੜਨ ਲਗੇ ।
ਬੀਰ ਗੁਸੇ ਵਿਚ ਸ਼ਸਤ੍ਰਾਂ ਨਾਲ ਲੜਨ ਲਗੇ ।

The cowards took to their heels, being aimed at with arrows. The brave one fought furiously with armours.

506

ਝੂੰਮੇ ਸੂਰੰ ॥ ਘੂੰਮੇ ਚੂਰੰ ॥
ਚੱਕੈਂ ਚਾਰੰ ॥ ਬੱਕੈਂ ਮਾਰੰ ॥

ਸੂਰਮੇਂ ਝੂੰਮ ਝੂੰਮ ਕੇ ਡਿੱਗਣ ਲਗੇ । ਤੀਰ, ਚੂਰਾਂ ਦੀ ਤਰ੍ਹਾਂ ਅਕਾਸ ਵਿੱਚ ਫਿਰਨ ਲਗੇ । ਚਾਰੇਂ ਪਾਸਿਓਂ 'ਮਾਰ ਦਿਓ, ਮਾਰ ਦਿਓ' ਦੀ ਅਵਾਜ਼ ਕਰਨ ਲਗੇ।

The warriors reeled and fell. The arrows discharged in the sky, looked like nymphs in heavens. From all sides, shouts of 'Kill him, catch him, and thrash him,' were heard.

507

ਭਿੱਚੇ ਭਰਮੰ ॥ ਛਿੱਦੇ ਚਰਮੰ ॥
ਤੁਟੇ ਖੰਗੰ ॥ ਉੱਟੇ ਅੰਗੰ ॥

ਜਿਸ ਵੇਲੇ ਤਲਵਾਰਾਂ ਖੜਕੀਆਂ ਤਾਂ ਉਨਾਂ ਵਿਚੋਂ ਅੱਗ ਨਿਕਲੀ । ਤੀਰਾਂ ਦੀ ਬੁਛਾੜ ਨਾਲ ਸਰੀਰ ਛਿੱਦ ਗਏ । ਸਦਾ ਲਈ ਘੂੰਮਣਾ ਫਿਰਨਾ ਖਤਮ ਹੋ ਗਿਆ ।

When the rapiers struggled, sparks of fire were emitted. The bodies were badly pierced with arrows and the great heroes were rendered inert for ever and ever.

Digitized by Panjab Digital Library | www.panjabdigilib.org

508

ਨੱਚੇ ਤਾਜ਼ੀ ॥ ਗੱਜੇ ਗਾਜ਼ੀ ॥
ਡਿਗੇ ਬੀਰੰ ॥ ਤੱਜੇ ਤੀਰੰ ॥

ਘੱਤੇ ਹਿਣਕਣ ਲਗੇ, ਹਾਥੀ ਗਰਜਨ ਲਗੇ । ਤੀਰਾਂ ਦੇ ਲਗਨ ਨਾਲ, ਬੀਰ ਡਿੱਗਨ ਲਗੇ ।

The horses neighed. The elephants roared. The warriors fell pierced with sharp arrows.

509

ਝੂੰਮੇ ਸੂਰੰ ॥ ਘੂੰਮੇ ਹੂਰੰ ॥
ਕਛੇ ਬਾਣੰ ॥ ਮੱਤੇ ਮਾਣੰ ॥

ਸੂਰਮੇ ਜ਼ਖਮੀ ਹੋ ਕੇ ਝੂੰਮਣ ਲਗੇ । ਅਕਾਸ਼ ਵਿਚ ਤੀਰ ਹੂਰਾਂ ਦੀ ਤਰ੍ਹਾਂ ਘੂੰਮਣ ਲਗੇ । ਹਠੀ ਅਤੇ ਸ਼ਕਤੀ ਸ਼ਾਲੀ ਯੋਧਿਆਂ ਨੇ ਬਾਣ ਕੱਟ ਕੇ ਰੱਖ ਦਿਤੇ ।

The chieftains reeled with fatal wounds. The arrows spread in the sky like nymphs. The mighty and powerful warriors cut into pieces, the arrows of the enemy.

510

ਪਾਧੜੀ ਛੰਦ ॥

ਤਹ ਭਯੋ ਘੋਰ ਆਹਵ ਅਪਾਰ ॥
ਰਣ ਭੂਮਿ ਝੂੰਮ ਜੂਝੇ ਜੁਝਾਰ ॥
ਇਤ ਰਾਮ ਕ੍ਰਾਤ ਆਤਕਾਇ ਉਤੱ ॥
ਰਿਸ ਜੂਥ ਉਝੱਰੇ ਰਾਜ ਪੁੱਤ ॥

Digitized by Panjab Digital Library | www.panjabdigilib.org

ਬੜਾ ਭਿਆਨਕ ਅਤੇ ਘੋਰ ਯੁਧ ਹੋਇਆ । ਲੜਦਾ ਹੋਇਆ ਯੋਧਾ ਡਿੱਗ ਪਿਆ । ਇਉਂ ਰਾਮ ਦੇ ਭਰਾ ਲਛਮਨ, ਆਤਕਾਇ ਨਾਲ ਗੁਥਮ-ਗੁਥਾ ਹੋ ਗਏ । ਪ੍ਰੰਤੂ ਨਿਰਸੰਦੇਹ ਰਾਵਨ ਦਾ ਪੁਤ੍ਰ ਆਤਕਾਇ। ਵਡੀ ਬਹਾਦਰੀ ਨਾਲ ਲੜਿਆ । ਅਤੇ ਨਿਰ-ਬੰਧ ਹੋਇਆ ।

It was a terrible and dreadful and impregnable battle. The mighty hero fell down while fighting. In this manner, Rama, the incarnate's younger brotaer, Lakshmna grappled Atakaya. Surely surely Atakaya, displayed great, dexterity and skill, while fighting. He fought most formidable battle, and was set free after death.

511

ਤਬ ਰਾਮ ਭ੍ਰਾਤ ਅਤਿ ਦੀਨ ਰੋਸ ॥
ਜਿਮ ਪਰਤ ਅਗਨ ਘ੍ਰਿਤ ਕਰਤ ਜੋਸ ॥
ਗਹ ਬਾਣ ਪਾਣ ਤੱਜੇ ਅਨੰਤ ॥
ਜਿਮ ਜੇਠ ਸੂਰ ਕਿਰਣੈ ਦੁਰੰਤ ॥

ਤਦ ਰਾਮ ਦੇ ਭਰਾ ਲਛਮਨ ਦਾ ਗੁਸਾ ਅਤੇ ਜੋਸ਼ ਇਉਂ ਭੜਕਿਆ, ਜਿਵੇਂ ਅਗਨੀ, ਘਿਉ ਪਾਣ ਨਾਲ ਭੜਕ ਉਠਦੀ ਹੈ। ਉਹਨੇ ਅਜਿਹੇ ਤਿਖੇ ਤੀਰ ਛਡੇ ਜਿਵੇਂ ਜੇਠ ਦੀ ਤਿਖੀ ਧੁਪ ਪੈਂਦੀ ਹੈ ।

Then heroic Lakshmna, younger brother of Rama the incarnate, got furiously enraged, he burst forth in flameous wroth, as fire is blown up in flames when ghee is put on it. He discharged sovere, ardent and sharp arrows in harshness, like the acutely warm and piercing rays of hot sun in the month of Jeth.

Digitized by Panjab Digital Library | www.panjabdigilib.org

512

ਬ੍ਰਣ ਆਪ ਮੱਧ ਬਾਹਤ ਅਨੇਕ ॥
ਬਰਣੇ ਨ ਜਾਹਿ ਕਹਿ ਏਕ ਏਕ ॥
ਉਝੱਰੇ ਬੀਰ ਜੁਝਣ ਜੁਝਾਰ ॥
ਜੈ ਸ਼ਬਦ ਦੇਵ ਭਾਖਤ ਪੁਕਾਰ ॥

ਉਨਾ ਨੇ ਵਾਰੁਣਾਸ਼ਤ੍ਰ ਆਦਿ ਅੰਨੇ ਚਲਾਏ, ਕਿ ਕੱਲੇ ਕੱਲੇ ਦਾ ਵਰਨਣ ਕਰਨਾ ਕਠਿਨ ਹੈ । ਦੇਵੇਂ ਬੀਰ ਇਨੀ ਬਹਾਦਰੀ ਨਾਲ ਲੜੇ ਕਿ ਦੇਵਤੇ ਜੈ ਜੈ ਕਾਰ ਕਰਨ ਲਗੇ ।

They fought with so many varieties of Varanuashtres, that it is difficult to narrate about each, separately. But they fought with such a dexterity and skill, that the gods burst out in cheers and admiration.

513

ਰਿਪ ਕਰਯੋ ਸਸਤ੍ਰ ਅਸਤ੍ਰੰ ਬਿਹੀਨ ॥
ਬਹੁ ਸਸਤ੍ਰ ਸਾਸਤ੍ਰ ਬਿਦਿਆ ਪ੍ਰਬੀਨ ॥
ਹਯ ਮੁਕਟ ਸੂਤ ਬਿਨ ਭਯੋ ਗਵਾਰ ॥
ਕਢ ਚਲੇ ਚੋਰ ਜਿਮ ਬਲ ਸੰਭਾਰ ॥

ਤਦ ਲਛਮਨ ਨੇ, ਸਸਤ, ਅਸਤ੍ਰ ਵਿਦਿਆ ਵਿੱਚ ਪ੍ਰਬੀਨ ਆਤਕਾਇ ਦੈਂਤ ਦੇ ਸਸਤ੍ਰ ਤੋੜ ਸੁੱਟੇ। ਉਸ ਨੂੰ ਨਿਹੱਥਾ ਕਰ ਦਿਤਾ । ਉਸ ਦਾ ਘੋੜਾ ਮਾਰ ਦਿਤਾ । ਰਥਵਾਹੀ ਭੇਗ ਦਿਤਾ, ਮੁਕਟ ਮਿੱਟੀ ਵਿੱਚ ਰੋਲ ਸੁਟਿਆ, ਉਹ ਗੰਵਾਰ, ਹੁਣ ਕੁਝ ਦੇਰ, ਚੋਰਾਂ ਦੀ ਭਾਂਤੀ ਆਪਣੇ ਆਪ ਨੂੰ ਸੰਭਾਲਨ ਲਗਾ ।

There upon Lakshmna, with his terrible weapons aimed fatally against heroic Atkaya, so skilled and excellent in archery.
His horse was killed, his chariteer fell down and his precious crown mingled with dust.
His arms were cut through, his weapon pierced

Digitized by Panjab Digital Library | www.panjabdigilib.org

and ruined. He was rendered unarmed. For a moment that demon fool, felt perplexed, spiritless, tamed and powerless like a thief.

514

ਰਿਪ ਹਣੇ ਬਾਣ ਬਜੱਵ ਘਾਤ ॥
ਸਮ ਚਲੇ ਕਾਲਕੀ ਜੁਆਲ ਡਾਤ ॥
ਤਬ ਕੁਪਿਜੇ ਬੀਰ ਅਤਕਾਇ ਐਸ ॥
ਜਨ ਪ੍ਰਲੈ ਕਾਲ ਕੇ ਮੇਘ ਜੈਸ ॥

ਤਦ ਲਛਮਨ ਨੇ ਬੜੇ ਘਾਤਕੀ ਅਤੇ ਵਿਸਿਆਲੇ ਬਾਣ ਚਲਾਏ ਜਿਹੜੇ ਅੱਗ ਵਗੁਾਉਣ ਲੱਗੇ । ਇਹ ਵੇਖ ਕੇ ਆਤੁਕਾਇ ਨੂੰ ਅੰਨਾ ਗੱਸਾ ਆਇਆ ਕਿ ਪ੍ਰਲੈ ਕਾਲ ਦੇ ਮੇਘ ਦੀ ਤਰ੍ਹਾਂ ਗਰਜਣ ਕਰਨ ਲੱਗਾ ।

Then Lakshmna fixed fatal Brahma weapon to his bow and hurled it against Atikaya. The weapon rained fire and wrought havoc. Thereupon Atikaya was infuriated in furious rage, he howled and roared like the dooms-day dense clouds.

515

ਇਮ ਕਰਨ ਲਾਗ ਲਪਟੈਂ ਲਬਾਰ ।
ਜਿਮ ਜਬਣ ਹੀਣ ਲੰਪਟਾਇ ਨਾਰ ॥
ਜਿਮ ਦੰਤ ਰਹਤ ਗਹ ਸਵਾਨ ਸਸਕ ॥
ਜਿਮ ਗਏ ਬੈਸ ਬਲ ਬੀਰਜ ਰਸਕ ॥

ਆਤਕਾਇ ਇਉਂ ਤਟਪਨ ਲੱਗਾ ਜਿਵੇਂ ਕੋਈ ਸ਼ੇਖੀ ਖੋਰ ਹੋਵੇ । ਯਾ ਇਉਂ ਕਹੋ ਜਿਵੇਂ ਜੋਬਨ ਹੀਣ ਪੁਰਸ਼ ਨਾਰੀ ਨਾਲ ਲਿਪਟੇ, ਯਾ ਫੇਰ, ਜਿਵੇਂ ਦੰਦਾਂ ਤੋਂ ਬਿਨਾ ਕੁਤਾ ਸਹੇ ਨੂੰ ਪਕੜਨ ਦਾ ਯਤਨ ਕਰੇ, ਯਾ ਜਿਵੇਂ ਉਮਰ ਹੰਡਾ ਚੁਕੇ ਪੁਰਸ਼ ਦੇ ਵੀਰਜ ਵਿੱਚ ਬਲ ਨਾ ਰਿਹਾ ਹੋਵੇ ।

Digitized by Panjab Digital Library | www.panjabdigilib.org

Atikaya bragged like a stumper or bounced like a man past youth, clinged to a woman in lust, or as a teeth-less dog cought hare or like an aged man lost power or strength of sperm.

516

ਜਿਮ ਦਰਬ ਹੀਣ ਕਛ ਕਰ ਬਪਾਰ ॥
ਜਿਮ ਸਸਤ੍ਰ ਹੀਣ ਰਖੇ ਜੁਝਾਰ ॥
ਜਿਮ ਰੂਪ ਹੀਨ ਬੰਛਿਯਾ ਪ੍ਰਭਾਵ ॥
ਜਿਮ ਬਾਜ ਹੀਣ ਰੱਥ ਕੋ ਚਲਾਣ ॥

ਜਿਵੇਂ ਕੋਈ ਧਨ ਤੋਂ ਬਿਨਾ ਵਿਉਪਾਰ ਕਰੇ ਯਾ ਸ਼ਸ਼ਤ੍ਰ ਤੋਂ ਬਿਨਾ ਲੜੇ, ਯਾ ਰੂਪ ਹੀਨ ਵੰਸ਼ਵਾ ਲੁਭਾਇਮਾਨ ਕਰੇ, ਯਾ ਜਿਵੇਂ ਕੋਈ ਘੋੜੇ ਤੋਂ ਬਿਨਾ ਰੱਥ ਨੂੰ ਚਲਾਏ ।

Atikaya acted like a man who did business without money, or who fought without arms, or who enticed without charm, or who drive the chariot without a horse.

517

ਤਬ ਤਮਕ ਤੇਗ ਲਛਮਨ ਉਦਾਰ ॥
ਤਹ ਹਣਿਯੋ ਸੀਸ ਕਿੰਨੇ ਦੁਫਾਰ ॥
ਤਬ ਗਿਰਿਯੋ ਬੀਰ ਅਤਕਾਇ ਏਕ ।
ਲਖ ਤਾਹਿ ਸੂਰ ਭਜੇ ਅਨੇਕ ॥

ਤਦ ਤਮਕ ਖਾ ਕੇ ਲਛਮਨ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਆਤਕਾਇ ਦੈਂਤ ਦਾ ਸਿਰ ਦੋ ਫਾੜ ਕਰ ਦਿਤਾ । ਆਤਕਾਇ ਧਰਤੀ ਉਤੇ ਡਿੱਗ ਪਿਆ । ਇਹ ਦੇਖਦਿਆ ਹੀ ਬਾਕੀ ਦੇ ਯੋਧੇ ਭੱਜ ਗਏ ।

There upon, infuriated in rage Lakshmna, assaulted Atikaya with his sharp rapier. With one fatal blow he cut his head into two pieces. Atikaya fell on the ground. The remaing warriors took to their heels.

Digitized by Panjab Digital Library | www.panjabdigilib.org

518

ਅਥ ਮਕਰਾਛ ਜੁਧ ਕਥਨੰ ॥ ਪਾਧੜੀ ਛੰਦ ॥

ਤਬ ਰੁਕੀਯੋ ਸੈਨ ਮਕਰਾਛ ਆਨ ।
ਕਹ ਜਾਹ ਰਾਮ ਨਹੀਂ ਪੈ ਹੌ ਜਾਨ ॥
ਜਿਨ ਹਿਤਯੋ ਤਾਤ ਰਣ ਮੋ ਅਖੰਡ ॥
ਸੋ ਲਰੌਂ ਆਨ ਮੋ ਸੋ ਪ੍ਰਚੰਡ ॥

ਤਦ ਖਰ ਦੈਂਤ ਦਾ ਪੁਤ੍ਰ ਮਕਰਾਛ ਲੜਨ ਲਈ ਆਇਆ । ਉਸ ਨੇ ਰਾਮ ਨੂੰ ਕਿਹਾ, "ਤੂੰ ਮੇਰੇ ਪਿਤਾ ਨੂੰ ਲੜਾਈ ਵਿਚ ਮਾਰ ਦਿਤਾ ਸੀ, ਸੋ ਹੁਣ ਮੇਰੇ ਨਾਲ ਆ ਕੇ ਲੜ, ਮੈਂ ਤੈਨੂੰ ਜੀਉਂਦਿਆਂ ਨਹੀਂ ਜਾਣ ਦਿਆਂਗਾ ।'

In the meantime Makaraksha, son of demon Khara entered the battlefield. He broke forth in anger to Rama the incarnate, "You killed my father in a battle, your sight has kindled my wrath. Come, I shall fight a dual with you, and will not let you repair alive."

519

ਇਮ ਸੁਣਤ ਬੈਣ ਰਾਮਾ ਅਵਤਾਰ ॥
ਗਹਿ ਸਸਤ੍ਰ ਅਸਤ੍ਰ ਕੋਪਿਯੋ ਜੁਝਾਰ ॥
ਬਹੁ ਤਾਣ ਬਾਣ ਤਿਹ ਹਣੇ ਅੰਗ ॥
ਮਕਰਾਛ ਮਾਰ ਡਾਰਿਯੋ ਨਿਸੰਗ ॥

ਇਹ ਸੁਣ ਕੇ ਰਾਮ ਨੇ ਸ਼ਸਤ੍ਰ ਅਸਤ੍ਰ ਪਕੜੇ ਅਤੇ ਬੜੇ ਕ੍ਰੋਧ ਵਿਚ ਤਣ ਕੇ ਤੀਰ ਮਾਰੇ ਜਿਸ ਨਾਲ ਮਕਰਾਛ ਦੇ ਅੰਗ ਅੰਗ ਕੱਟੇ ਗਏ ਅਤੇ ਉਹ ਮਰ ਕੇ ਧਰਤੀ ਉਤੇ ਡਿਗ ਪਿਆ ।

Hearing the garrulous words of Makaraksha, Rama took up his terrible arms and weapons. In great fury, he discharged volleys of arrows,

Digitized by Panjab Digital Library | www.panjabdigilib.org

which pierced the body of the demon and severed his parts. Thereupon the demon Makaraksha fell dead on the ground.

520

ਜਬ ਹਤੇ ਬੀਰ ਅਰਹਣੀ ਸੈਨ ॥
ਤਬ ਭਜੇ ਸੂਰ ਹ੍ਵੈ ਕਰਨਿ ਚੈਨ ॥
ਕੁੰਭ ਔਰ ਅਨਕੁੰਭ ਆਨ ॥
ਦਲ ਫੂਕਯੋ ਰਾਮ ਕੋ ਤਜਾਗ ਕਾਨ ॥

ਜਦੋਂ ਵਡੇ ਵਡੇ ਯੋਧਿਆਂ ਨੂੰ ਮਾਰ ਦਿਤਾ ਅਤੇ ਸੈਨਾ ਨੂੰ ਤਬਾਹ ਕਰ ਦਿਤਾ ਤਾਂ ਸੂਰਮੇ ਅਰਾਮ ਕਰਨ ਲਈ ਚਲੇ । ਇਨੇ ਨੂੰ ਕੁੰਭ ਅਤੇ ਅਨਕੁੰਭ, ਕੁੰਭਕਰਨ ਦੇ ਦੋਵੇਂ ਪੁਤ੍ਰ ਲੜਨ ਲਈ ਆ ਪੁਜੇ । ਰਾਮ ਦੇ ਕਹਿਣ ਉਤੇ ਸਾਰਾ ਦਲ ਫੇਰ ਵਾਪਸ ਆ ਗਿਆ ।

After killing and putting to death, many of the valient warriors, the heroes repaired for rest. In the meantime Kumbha and Nikumbha, sons of Kumbh Karna appeared in the battlefield. At the call of Rama, the incarnate, all the vanaras collected together again.

521
ਅਜਬਾ ਛੰਦ ॥

ਝੁੰਪੈ ਤਾਜੀ ॥ ਗੱਜੇ ਗਾਜੀ ॥
ਸਜੇ ਸਸਤ੍ਰੰ ॥ ਕੱਛੇ ਅਸਤ੍ਰੰ ॥

ਘੋੜੇ ਟਪਣ ਲਗੇ । ਹਾਥੀ ਗਜਨ ਲਗੇ । ਯੋਧਿਆਂ ਨੇ ਸ਼ਸਤ੍ਰ ਸਜਾਏ । ਅਸਤ੍ਰਾਂ ਨੂੰ ਲੱਕ ਨਾਲ ਬੰਨਿਆਂ ।

The heroes sprang in excitement. The elephents roared. The warriors decorated their arms and tied weapons round their waists.

Digitized by Panjab Digital Library | www.panjabdigilib.org

522

ਤੁੱਟੇ ਤ੍ਰੂਣੰ ॥ ਛੁੱਟੇ ਬਾਣੰ ॥
ਰੁੱਪੇ ਬੀਰੰ ॥ ਬੁਠੈ ਤੀਰੰ ॥

ਕ੍ਰੋਧ ਵਿਚ ਆ ਕੇ ਯੱਧੇ ਖਿੱਚ ਖਿੱਚ ਕੇ ਤੀਰ ਮਾਰਨ ਲਗੇ ।
ਤੀਰਾਂ ਦਾ ਮੀਂਹ ਵਰ੍ਹ ਪਿਆ ।

Infuriated in rage the great warriors twanged their bows and discharged volleys of arrows.

523

ਘੁੰਮੇ ਘਾਯੰ ॥ ਝੁਮੇ ਚਾਯੰ ॥
ਰੱਜੇ ਰੋਸੰ ॥ ਤਜੇ ਹੋਸੰ ॥

ਘਾਇਲ ਹੋ ਹੋ ਕੇ ਸੂਰਮੇ ਘੁੰਮਦੇ ਹੋਰ ਡਿਗ ਪਏ । ਜਿਉਂ ਜਿਉਂ ਘਾਓ ਲਗੇ ਤਿਉਂ ਤਿਉਂ ਜੋਸ਼ ਵਧਿਆ । ਕ੍ਰੋਧ ਦੇ ਵੇਗ ਵਿਚ ਉਹਨਾਂ ਨੂੰ ਸੁਧ ਬੁਧ ਭੁਲ ਗਈ ।

The wounded warriors reeled and fell down. The more wounds they got, the more they flared up. In the fit of martial frenzy they lost consciousness.

524

ਕੰਜੇ ਸੰਜੰ ॥ ਪੂਰੇ ਪੰਜੰ ॥
ਜੂਝੇ ਖੇਤੇ ॥ ਡਿੱਗੇ ਚੇਤੰ ॥

ਸੰਜੋਆ ਤੋੜ ਸੁਟੀਆ । ਪੂਰੇ ਪੰਜ ਸੂਰਮੇਂ ਰਣ-ਖੇਤ ਵਿਚ ਜੂਝਦੇ ਹੋਏ ਮਾਰੇ ਗਏ ਅਤੇ ਡਿਗ ਪਏ ।

Digitized by Panjab Digital Library | www.panjabdigilib.org

The armours were smashed. All the five warriors died fighting heroically in the battle and fell down.

525

ਘਰੀ ਲੰਕੰ ॥ ਬੀਰੰ ਬੰਕੰ ॥
ਭਜੀ ਸੇਣੰ ॥ ਲੱਜੀ ਨੈਣੰ ॥

ਬਾਂਕੇ ਬੀਰਾਂ ਨੇ ਲੰਕਾ ਨੂੰ ਘੇਰਾ ਪਾ ਲਿਆ। ਰਾਵਣ ਦੀ ਸਾਰੀ ਸੈਨਾ, ਲਜਿਆ ਦੀ ਮਾਰੀ ਭੱਜ ਗਈ।

The brave warriors besieged Lanka. The whole demon host took to heels in bashfulness.

526

ਡਿਗੇ ਸੂਰੰ ॥ ਭਿਗੇ ਨੂਰੰ ॥
ਬਿਯਾਹੈਂ ਹੂਰੰ ॥ ਕਾਮੰ ਪੂਰੰ ॥

ਲਹੂ ਲੁਹਾਨ ਹੋ ਕੇ ਯੋਧੇ ਧਰਤੀ ਉਤੇ ਡਿੱਗ ਪਏ। ਅਕਾਸ਼ ਦੀਆਂ ਹੂਰਾਂ ਨੇ ਉਨਾਂ ਨੂੰ ਵਿਆਹ ਕੇ ਉਨਾਂ ਦੀ ਕਾਮਨਾ ਪੂਰਨ ਕੀਤੀ।

Besmirched with blood, the warriors fell on the ground. The nymphs in air, fulfilled their desires by overpowering their log wedding.

(ਇਤੀ ਮਕਰਾਤ ਕੁੰਭ, ਅਨਕੁੰਭ ਬਧਹਿ
ਅਧਿਆਇ ਸਮਾਪਤ ਮਸਤੁ)

Digitized by Panjab Digital Library | www.panjabdigilib.org

527

ਅਥ ਰਾਵਨ ਜੁਧ ਕਥਨੰ ॥ ਹੋਹਾ ਛੰਦ ॥

ਸੁਣਿਯੋ ਇਸੰ ॥ ਜਿਣਿਯੋ ਕਿਸੰ ॥
ਚਯਿਯੋ ਚਿਤੰ ॥ ਬੁਲਿਯੋ ਬਿਤੰ ॥

ਜਦੋਂ ਲਕਾ ਦੇ ਰਾਜੇ, ਰਾਵਨ ਨੇ ਇਹ ਸੁਣਿਆ, ਕਿ ਬਾਂਦਰਾ ਦੀ ਜਿੱਤ ਹੋਈ ਹੈ, ਤਾਂ ਦਿਲ ਵਿਚ ਬੜਾ ਕ੍ਰੋਧਿਤ ਹੋਇਆ ਤੇ ਉਹ ਵੇਦਵੇਤਾ ਬਕਵਾਦ ਕਰਨ ਲਗਾ ।

When Ravan, the king of Lanka, heard that the Vanaras have been succesful, he got flared up in rage and the scholar of four Vedas began to brag.

528

ਘਿਰਯੋ ਗਢੰ ॥ ਰਿਸੰ ਬਢੰ ॥
ਭਜੀ ਤ੍ਰਿਯੰ ॥ ਭਮੀ ਭਯੰ ॥

ਲੰਕਾ ਦੇ ਕਿਲ੍ਹੇ ਨੂੰ ਘਿਰਿਆ ਹੋਇਆ ਵੇਖ ਕੇ ਉਸ ਨੂੰ ਬੜਾ ਕ੍ਰੋਧ ਆਇਆ । ਭੈ ਦੀਆਂ ਮਾਰੀਆਂ ਸਾਰੀਆਂ ਇਸਤ੍ਰੀਆਂ ਰਾਣੀਆਂ ਆਈਆਂ ।

Having come to know that the fort of Lanka has been besieged, Ravana raved in anger. Enveloped in fear, all the women-folk rushed forth to Ravana.

529

ਭਮੀ ਤਰੰ ॥ ਭਜੀ ਸਬੈ ॥
ਤ੍ਰਿਯੰ ਇਸੰ ॥ ਗਹਿਯੋ ਕਿਸੰ ॥

ਇਨੇ ਨੂੰ ਇਕ ਬਾਂਦਰ ਨੇ ਰਾਵਣ ਦੀ ਮਹਾਰਾਣੀ ਨੂੰ ਫੜ ਲਿਆ । ਡਰਦੀਆਂ ਮਾਰੀਆਂ ਬਾਕੀ ਦੀਆਂ ਇਸਤ੍ਰੀਆਂ ਦੌੜ ਗਈਆਂ ।

Digitized by Panjab Digital Library | www.panjabdigilib.org

In the meantime a vanara captured the queen of the demon king Ravana. The remanent women fled away most frightened.

530

ਕਰੈ ਹਯੰ ॥ ਅਹੋ ਦਯੰ ॥
ਕਰੋ ਗਈ ॥ ਛਮੋ ਭਈ ॥

ਉਹ ਰਾਣੀ । ਹਾਇ ਹਾਇ, ਕਰਨ ਲਗੀ । ਕਹਿਣ ਲਗੀ "ਮੇਰੇ ਉਤੇ ਦਇਆ ਕਰੋ । ਜੋ ਕੁਝ ਭੁਲ ਹੋ ਗਈ ਹੋਵੇ ਤਾਂ ਖਿਮਾ ਕਰੋ ।"

The queen cried piteously and requested, "Take pity on me, O mercyful : Pardon me, my faults."

531

ਸੁਨੀ ਸੂੜੰ ॥ ਧੁਣੰ ਉਤੰ ॥
ਕੁਭਯ ਹਠੀ ॥ ਜਿਮੰ ਭਠੀ ॥

ਆਪਣੇ ਮਹਿਲਾਂ ਵਿਚ ਬੈਠੇ ਹੋਏ ਰਾਵਣ ਨੇ ਜਿਸ ਵੇਲੇ ਇਹ ਅਵਾਜ਼ ਸੁਨੀ ਤਾਂ ਗੁਸੇ ਵਿਚ ਇਉਂ ਲਾਲ ਪੀਲਾ ਹੋਇਆ, ਜਿਵੇਂ ਭੱਠੀ ਤੱਪ ਜਾਂਦੀ ਹੈ ।

On hearing the piteous cries, Ravana the king of Lanka, became extremely enraged like hot furnace.

532

ਕਢਿਯੋ ਨਰੰ ॥ ਤਜੇ ਸਰੰ ॥
ਹਣੇ ਕਿਸੰ ॥ ਰੁੱਕੀ ਦਿਸੰ ॥

ਰਾਵਣ ਨੇ ਤੀਰ ਮਾਰਨੇ ਆਰੰਭ ਕੀਤੇ । ਕਈ ਬਾਂਦਰਾਂ ਨੂੰ ਮਾਰ ਦਿਤਾ । ਕਈ ਸੂਰਬੀਰਾਂ ਨੂੰ ਕੱਟ ਸੁਟਿਆ । ਚਾਰੇ ਦਿਸ਼ਾਵਾਂ ਭੀ ਭੀਤ ਹੋ ਗਈਆਂ ।

Digitized by Panjab Digital Library | www.panjabdigilib.org

Ravana discharged volleys, of arrows,
killed innumerable vanaras and crushed
brave warriors. All the four regions got
frightened and alarmed.

533

ਤ੍ਰਿਣਟਿਣ ਛੰਦ ॥

ਤ੍ਰਿਣਟਿਣ ਤੀਰੰ ॥ ਬ੍ਰਿਣਟਿਣ ਬੀਰੰ ।
ਢ੍ਰਣਟਣ ਢਾਲੰ ॥ ਜਣਟਣ ਜਵਾਲੰ ॥

ਓਹ, ਤੀਰ ਛੁੱਟੇ, ਉਹ, ਬੀਰ ਵਿੰਨੇ ਗਏ, ਉਹ, ਢਾਲਾਂ
ਖੜਕੀਆਂ ਉਹ ਓਹਨਾਂ ਵਿਚੋਂ ਚੰਗਿਆੜੀਆਂ ਨਿਕਲੀਆਂ ।

The arrows were released ; innu nerable warriors, were
pierced, the shields banged and
emitted sparks.

534

ਧ੍ਰਣਟਣ ਘੋਲੰ ॥ ਘ੍ਰਣਟਣ ਬੋਲੰ ॥
ਕ੍ਰਣਟਣ ਰੋਸੰ ॥ ਜ੍ਰਣਟਣ ਜੋਸੰ ॥

ਸੰਜੋਆਂ ਖੜਕੀਆਂ । ਯੋਧੇ ਰੌਂ ਅਤੇ ਗੁਸੇ ਨਾਲ
ਗਰਜਣ ਲਗੇ ।

The armours rattled, the warriors raved
roared and howled.

535

ਘ੍ਰਣਟਣ ਬਾਜੀ ॥ ਤ੍ਰਿਣਟਣ ਤਾਜੀ ॥
ਜ੍ਰਣਟਣ ਜੂਝੇ ॥ ਲ੍ਰਣਟਣ ਲੂਝੇ ॥

Digitized by Panjab Digital Library | www.panjabdigilib.org

ਘੋੜੇ ਹਿਣਕੇ, ਭਾਜੀ ਟਪੇ, ਜੋਧੇ ਜੂਝੇ, ਅਤੇ
ਜੁਧਮ ਜੁਧਾ ਹੋ ਗਏ ।

The chargers neighed. The steeds felt restless. The warriors fought, and were engaged in duel.

536

ਹਰਣਣ ਹਾਥੀ ॥ ਸਰਣਣ ਸਾਥੀ ॥
ਭਰਣਣ ਭਾਜੇ ॥ ਲਰਣਣ ਲਾਜੇ ॥

ਹਾਥੀ ਮੱਸਤ ਗਏ । ਸਾਥੀ ਭੱਜ ਉਠੇ । ਲੱਜਾ ਦੇ
ਮਾਰੇ ਸਾਂਹਵੇਂ ਨਾ ਅੜ ਸੱਕੇ ।

The elephants ran wild, the companions fled. Possessed with bashfulness they could not face.

537

ਚਰਣਣ ਚਰਮੰ ॥ ਧਰਣਣ ਬਰਮੰ ॥
ਕਰਣਣ ਕਾਟੇ ॥ ਬਰਣਣ ਬਾਟੇ ॥

ਸਰੀਰ ਇਉਂ ਛਾਨਣੀ ਹੋ ਗਏ ਜਿਉਂ ਵਰਮੀ ਨਾਲ ਛੇਦੇ ਹੋਣ ।
ਸੰਜੋਆ ਕਟੀਆਂ ਗਈਆ । ਢਾਲਾਂ ਟੁੱਟ ਗਈਆਂ ।

The bodies were strained, as if with auger. The armours were smashed. The shields were broken.

538

ਮਰਣਣ ਮਾਰੇ ॥ ਤਰਣਣ ਤਾਰੇ ॥
ਜਰਣਣ ਜੀਤ ॥ ਸਰਣਣ ਸੀਤਾ ॥

Digitized by Panjab Digital Library | www.panjabdigilib.org

ਬੜੇ ਬੀਰ ਮਾਰੇ । ਬੜੇ ਯੋਧਿਆਂ ਨੂੰ ਪਾਰ ਬੁਲਾਇਆ । ਰਾਵਨ ਨੇ ਸੋਚਿਆ ਕਿ ਜੰਗ ਜਿਤ ਕੇ ਸੀਤਾ ਨੂੰ ਸ਼ਰਨ ਵਿੱਚ ਕਰ ਲਵਾਂਗਾ ।

Many heroes were killed. Innumerable warriors were destroyed. Ravana, the demon king thought, after winning the victory he would take Sita under his protection.

539

ਗਰਣਣ ਗੈਣੰ ॥ ਅਰਣਣ ਐਣੰ ॥
ਹਰਣਣ ਹੂਰੰ ॥ ਪਰਣਣ ਪੂਰੰ ॥

ਸਾਰਾ ਅਕਾਸ਼ ਮੰਡਲ ਹੂਰਾਂ ਨਾਲ ਐਣ ਭਰਪੂਰ ਹੋ ਗਿਆ ।

The heavenly sphere was entirely filled and congested with nymphs and celestial beings.

540

ਬਰਣਣ ਬਾਜੇ ॥ ਗਰਣਣ ਗਾਜੇ ॥
ਸਰਣਣ ਸੂੰਝੇ ॥ ਜਰਣਣ ਜੂਝੇ ॥

ਜੰਗ ਦੇ ਨਗਾਰੇ ਵੱਜੇ । ਯੋਧੇ ਗੱਜਣ ਲੱਗੇ । ਕਿਸੇ ਨੂੰ ਆਪਣਾ ਬਚਾਉ ਨਹੀ ਸੀ ਸੁੱਝਦਾ । ਸਭ ਲੜ ਲੜ ਕੇ ਜੂਝੀ ਗਏ ।

The trumpets played martial tunes. The warriors and chieftains howled and growled. Every one fought fiercely and fell down and got no protection.

Digitized by Panjab Digital Library | www.panjabdigilib.org

541

ਤ੍ਰਿਭਦਾ ਛੰਦ ॥

ਤੱਤੱ ਤੀਰੰ ॥ ਬੱਬੱ ਬੀਰੰ ॥
ਦੱਦੱ ਢਾਲੰ ॥ ਜੱਜੱ ਜ੍ਵਾਲੰ ॥

ਤਿੱਖੇ ਤਿਖੇ ਤੀਰਾਂ ਦੀ ਬਰਖਾ ਹੋਈ । ਬੀਰ ਚੰਘਾੜਦੇ ਹੋਏ ਤਿੱਗੇ । ਢਾਲਾਂ ਖੜਕੀਆਂ । ਉਨ੍ਹਾਂ ਵਿਚੋਂ ਚਿਨਗਾੜੀਆਂ ਨਿਕਲੀਆਂ ।

Volleys of arrows were showered. The warriors reeled, roared and screamed in terror and pain. The shields rattled and emitted sparks of fire.

542

ਤੱਤੱ ਤਾਜੀ ॥ ਗੱਗੱ ਗਾਜੀ ॥
ਮੱਮੱ ਮਾਰੇ ॥ ਤੱਤੱ ਤਾਰੇ ॥

ਤਾਜ਼ੀ ਘੋੜੇ ਮਾਰ ਦਿਤੇ । ਵੱਡੇ ਵੱਡੇ ਹਾਥੀ ਵਢ ਸੁਟੇ ।

The Arabic steeds were killed, the huge and mighty elephants were slain.

543

ਜੱਜੱ ਜੀਤੇ ॥ ਲੱਲੱ ਲੀਤੇ ॥
ਤੱਤ ਤੋਰੇ ॥ ਛੱਡੱ ਛੋਰੇ ॥

ਬੜੇ ਬੜੇ ਤਗੜੇ ਯੋਧਿਆਂ ਨੂੰ ਲਲਕਾਰ ਲਲਕਾਰ ਕੇ ਮਾਰਿਆ । ਹਨੇਰੀ ਦੇ ਸਮਾਨ ਤੀਰਾਂ ਦੀ ਬੁਛਾੜ ਕੀਤੀ ।

Digitized by Panjab Digital Library | www.panjabdigilib.org

The mighty and invincible warriors were challenged for combat and duel, and in this manner, they were crushed. The volleys of arrows were released like wind storm.

544

ਕੱਚੱ ਤਾਮੀ ॥ ਤੱਤੱ ਤਾਂਤੀ ॥
ਧੱਧੱ ਧਾਯੰ ॥ ਚੱਚੱ ਚਾਯੰ ॥

ਕਤਾਰਾਂ ਦੀਆਂ ਕਤਾਰਾ, ਹੋਰ ਯੋਧਿਆ ਦੀਆ, ਨਵੇ ਸੈਨਾ ਪਤੀਆ ਹੋਠਾ, ਜੋਸ਼ ਨਾਲ਼ ਅੱਗੇ ਵਧੀਆਂ ।

Innumerable regiments of warriors, surged forth in rows, under the command of new generals enthused with spirit and vigour.

545

ਭੱਭੱ ਭਿੱਜ ॥ ਝੱਝੱ ਝਿੱਲੰ ॥
ਸੱਸੱ ਸੂਟੰ ॥ ਤੱਤੱ ਤੁਟੰ ॥

ਜਿਸ ਵੇਲੇ ਤਬੇ ਵਿਚੋਂ ਕੱਢ ਕੱਢ ਕੇ ਤੀਰ ਮਾਰੇ ਤਾ ਲਹੂ ਲੁਹਾਨ ਹੋਏ ਹੋਏ ਸੂਰਮੇ ਚਿੰਘਾੜਦੇ ਹੋਏ ਡਿਗ ਪਏ ।

Taking out of the quivers, when arrows were poured forth in anger, the warriors streamed in blood. Sore smitten they reeled and fell on the ground.

546

ਸੱਸੱ ਸਾਧੰ ॥ ਬੱਬੱ ਬਾਧੰ ॥
ਅੱਅੱ ਅੰਗੰ ॥ ਜੱਜੱ ਜੰਗੰ ॥

Digitized by Panjab Digital Library | www.panjabdigilib.org

ਸ਼ਸਤ੍ਰ ਵਿਦਿਆ ਵਿੱਚ ਨਿਪੁੰਨ, ਵੱਡੇ ਵੱਡੇ ਯੋਧਿਆਂ ਨੂੰ
ਪਾਰ ਬੁਲਾਇਆ, ਮੰਨੇ ਹੋਏ ਸੂਰਮਿਆਂ ਦੇ ਅੰਗ ਕੱਟ ਸੁਟੇ ।

Those skilled in the art of archery,
were slashed. Celebrated warriors were
smashed and thrown on the ground.

547

ਕੱਕ ਕ੍ਰੋਧੰ ॥ ਜੱਜੰ ਜੋਧੰ ॥
ਘੱਘੰ ਘਾਇ ॥ ਧੱਧੰ ਧਾਏ ॥

ਕ੍ਰੋਧ ਵਿੱਚ ਲਾਲ ਪੀਲੇ ਹੋ ਕੇ, ਜਿਸ ਵੇਲੇ ਸੂਰਮਿਆਂ ਨੇ
ਬਾਣ ਮਾਰੇ ਤਾਂ ਵੱਡੇ ਵੱਡੇ ਯੋਧੇ ਘਾਇਲ ਹੋ ਗਏ ।

In the fit of frenzy when arrows were
poured forth, the mighty and skilled
warriors fell wounded.

548

ਹੱਹੰ ਹੂਰੰ ॥ ਪੱਪੰ ਪੂਰੰ ॥
ਗੱਗੰ ਗੰਣੰ ॥ ਅੱਅੰ ਅੰਣੰ ॥

ਸਾਰਾ ਗਗਨ ਮੰਡਲ ਹੂਰਾਂ ਨਾਲ ਭਰ
ਗਿਆ ।

The entire firmament was filled and
covered by nymphs of heavens.

549

ਬੱਬੰ ਬਾਣੰ ॥ ਤੱਤੰ ਤਾਣੰ ॥
ਛੱਛੰ ਛੋਰੰ ॥ ਜੱਜੰ ਜੋਰੰ ॥

ਬੜੇ ਜ਼ੋਰ ਨਾਲ ਯੋਧਿਆਂ ਨੇ ਤਣ ਤਣ ਕ
ਤੀਰ ਮਾਰੇ ।

Digitized by Panjab Digital Library | www.panjabdigilib.org

With all the physical vigour and might,
the brave heroes released arrows,
streching the formidable bows with
awful twang.

550

ਬੱਬੋ ਬਾਜੈ ॥ ਗੱਗੋ ਗਾਜੈ ॥
ਝੱਝੋ ਝੂਮੰ ॥ ਝੱਝੋ ਝੂਮੰ ॥

ਚੰਗੇ ਚੰਗੇ ਘੋੜੇ, ਉੱਚੇ ਉੱਚੇ ਹਾਥੀ, ਝੂੰਮ ਝੂੰਮ ਕ
ਧਰਤੀ ਉਤੇ ਡਿਗੇ ।

Steeds of good breed, huge and
mighty elephants, reeled, oscillated
and fell on the ground.

551

ਅਨਾਦ ਛੰਦ ॥

ਚਲੇ ਧੌਣ ਰੁਕੇ ਗੋਣ ॥
ਖੱਤੇ ਸਰ ਰੱਤੇ ਨੈਣ ॥
ਢੱਕੇ ਢੋਲ ਢੁਕੀ ਢਾਲ ॥
ਛੁੱਟੇ ਬਾਣ ਉਠੇ ਜੁਾਲ ॥

ਜਿਸ ਵੇਲੇ ਸੂਰਮਿਆਂ ਨੇ ਕ੍ਰੋਧ ਵਿੱਚ ਪਾਗਲ ਹੋ ਕੇ ਕੱਸ
ਕੱਸ ਕੇ ਤੀਰ ਛੱਡੇ ਤਾਂ ਅਕਾਸ਼ ਮੰਡਲ ਦੀ ਗਤੀ ਰੁੱਕ ਗਈ ।
ਰਣ ਨਗਾਰੇ ਵਜੇ । ਢਾਲਾਂ ਖੜਕੀਆਂ । ਤੀਰ ਅਗਨੀ ਦੀ
ਭਾਂਤੀ ਪਸਰ ਗਏ ।

Maddened in fury when the brave warriors
discharged the copiour shower of arrows the
entire hemisphere stood still in fright. The
trumpets played, the shields rattled. The
arrows spread like wild fire.

Digitized by Panjab Digital Library | www.panjabdigilib.org

552

ਕਿਤੇ ਸੰਦ ਭਿਰੇ ਪੁਰ ॥
ਝੂੰਮ ਝੂੰਮੀ ਘੂੰਮੀ ਹੁਰ ॥
ਬੰਝ ਸਬਦ ਸੰਦੇ ਕਰੱ ॥
ਤਾਲੇ ਸੰਖ ਭਰੀ ਨਦੱ ॥

ਜੋਧੇ ਲਹੂ-ਲੁਹਾਨ ਹੋ ਕੇ, ਨਰਤਕੀ ਵਾਂਗੂ ਘੂੰਮ ਘੂੰਮ ਕੇ,
ਝੂੰਮ ਝੂੰਮ ਕੇ ਧਰਤੀ ਉਤੇ ਜਿਤੇ । ਉਨਾ ਦੀਆਂ ਚੀਕਾਂ ਅਤੇ
ਚੰਘਾੜਾਂ ਦੀ ਅਵਾਜ ਸੰਖ ਅਤੇ ਦੰਮੀ ਵਾਜੂ ਪ੍ਰਤੀਤ ਨੰ ਹਤੀ ਸੀ।

Streaming with gore, they whirled and
waggled like a dancer, Their screams and
cries sounded like the awful din produced
by the beating of kettledrum and bugle.

553

ਤੁੱਟੇ ਤ੍ਰਾਣ ਫੁੱਟੇ ਅੰਗ ॥
ਸੂੱਟੇ ਬੀਰ ਰੁੱਝੇ ਜੰਗ ॥
ਮੱਚ ਸੂਰ ਨਚੀ ਹੂਰ ॥
ਮੱਤੀ ਧੂੰਮ ਭੂੰਮੀ ਪੂਰ ।

ਉਨਾ ਦੇ ਤ੍ਰਾਣ ਟੁਟ ਗਏ । ਅੰਗ ਫਟ ਗਏ । ਸਿਰ ਵੱਢੇ ਗਏ
ਜੰਗ ਵਿਚ ਮੱਚੇ ਤਾ ਨਰਤਕੀ ਵਾਂਗੂ ਨਚਣ ਲਗੇ । ਧਰਤੀ ਉਤੇ ਉਨਾਂ
ਦੇ ਜੰਗ ਦੀ ਧੂੰਮ ਮੱਚ ਗਈ ।

Their valour was subdued. The bodies
were smashed. Warriors maddened in the
martial frenzy, reeled and froliced like a
dancer. Great tumult and uproar of the
furious, fierceful battle was created
on the earth.

Digitized by Panjab Digital Library | www.panjabdigilib.org

554

ਉਠੇ ਅੱਧ ਬੱਧ ਕਮੱਧ ॥
ਪਖਰੇ ਰਾਗ ਖੱਲ ਸਨੱਧ ॥
ਛੱਕੇ ਛੱਕ ਛੁਟੇ ਕੋਸ ॥
ਸੰਘਰ ਸੂਰ ਸਿੰਘਨ ਭਸ ॥

ਸਿਰ ਕਟੀਆ ਦੇਹਾਂ, ਦੱਧਰ ਢੁੱਧਰ ਭੱਜਣ ਲਗੀਆਂ । ਘੋੜਿਆ ਦੇ ਝੁੱਲ ਟੁੱਟ ਗਏ । ਯੋਧਿਆ ਦੇ ਲੋਹੇ ਦੇ ਦਸਤਾਨੇ, ਕੱਵਚ ਅਤੇ ਟੋਪ ਲਥ ਗਏ । ਯੁਧ ਦੇ ਨਿਯਮਠ ਢੰਗਾਂ ਦੁਆਰਾ ਜੂਝਨ ਦੀ ਜਗ੍ਹਾ, ਸੂਰਮੇ ਸੇਰਾ ਵਾਂਗੂ ਸਭਾ ਮਾਰ, ਇਕ ਦੂਸਰੇ ਉਤੇ ਪ੍ਰਹਾਰ ਕਰਨ ਲਗੇ ।

The headless trunks rushed wildly about. The armours of the horses were broken. Iron gloves of the warriors were chopped. The armours and helmets were torn and pulled apart. Abandoning all the martial tactics and strategy the warriors grappled like tigers and furiously attacked, each other.

555

ਟੁਟੱਰ ਟੀਕ ਟੁੱਟੇ ਟੋਪ ॥
ਭੱਗੇ ਭੂਪ ਭੂਠੀ ਧੱਪ ॥
ਘੁੰਮੇ ਘਾਇ ਝੂੰਮੀ ਭੂੰਮ ॥
ਅਉੜਭ ਝਾੜ ਧੂੰਮੰ ਧੂੰਮ ॥

ਲੋਹੇ ਦੇ ਸਿਰ ਟੋਪ ਟੂਟ ਗਏ । ਖੂਨ ਦੀ ਤਭੀਹਰੀ ਵੱਗ ਤੁਰੀ । ਜਿਸ ਵੇਲੇ, ਤੋਪ ਦੱਗੀ ਤਾਂ ਵਡੇ ਵਡੇ ਯੋਧੇ ਉਡ ਗਏ । ਅਜਿੱਤ ਸੂਰਮੇ ਘਾਇਲ ਹੋ ਹੋ ਕੇ ਝੂੰਮ ਝੂੰਮ ਕੇ ਧਰਤੀ ਉਤੇ ਡਿੱਗੇ । ਕੋਲਾਹਲ ਮੱਚ ਗਿਆ ।

Digitized by Panjab Digital Library | www.panjabdigilib.org

The helmets were blown off. Blood streamed out with gore. When the cannon were fired, the mighty warriors were shattered and swept away. The invincible chieftains were fatally wounded, they reeled in pain and fell on the ground. It was a scene of uproar, clamour and tumult.

556

ਬੱਜੇ ਨਾਦ ਬਾਦ ਅਪਾਰ ॥
ਸੱਜੇ ਸੂਰ ਬੀਰ ਜੁਝਾਰ ॥
ਜੂਝੇ ਟੂਕ ਟੂਕ ਹੁਐ ਖੇਤ ॥
ਮੱਤੇ ਮੱਦ ਜਾਣ ਅਚੇਤ ॥

ਰਣ-ਨਾਦ ਘਣਘੋਰ ਗਰਜਨਾ ਕਰਨ ਲਗੇ । ਸੂਰਬੀਰ ਸਸਤ੍ਰਾਂ ਨਾਲ ਸੱਜ ਧੱਜ ਕੇ ਜੂਝਨ ਲਈ ਆਏ । ਟੁਕੜੇ ਟੁਕੜੇ ਹੋ ਕੇ ਰਣ-ਖੇਤ ਵਿਚ ਡਿਗ ਪਏ । ਕਈ ਇਉਂ ਅਚੇਤ ਪਏ ਸਨ ਜਿਵੇਂ ਮਧੁ ਵਿਚ ਮਤੇ ਹੋਣ ।

There was terrible and fearful din of the martial songs. The battle field was filled with tremendous noise by clashing of the antagonistic arms. The warriors and highly armoured heroes were smothered and crushed. They lay senseless in the battle-field, like the highly intoxicated persons.

ਛੁੱਟੇ ਸ਼ਸਤ੍ਰ ਅਸਤ੍ਰ ਅਨੰਤ ॥
ਰੰਗੇ ਰੰਗ ਭੂੰਮ ਦੁਰੰਤ ॥
ਖੁੱਲੇ ਅੰਧ ਧੁੰਦ ਹਥਿਆਰ ॥
ਬੱਕੇ ਸੂਰ ਬੀਰ ਬਿਕ੍ਰਾਂ ॥

Digitized by Panjab Digital Library | www.panjabdigilib.org

ਬੇਅੰਤ ਅਸ਼ਤ੍ਰ ਸ਼ਸਤ੍ਰ ਚਲਾਏ । ਰਣ ਭੂੰਮੀ ਵਿਚ ਭਿਆਨਕ ਰੰਗ ਰੰਗੇ । ਅੰਧਾ ਧੁੰਧ ਹਥਿਆਰ ਚਲਾਂਦਿਆਂ ਹੋਇਆਂ ਸੂਰਮਿਆਂ ਨੇ ਬਿਕਰਾਲ ਰੂਪ ਧਾਰਨ ਕੀਤੇ ।

Innumerable arms and weapons were used. The battle field appeared a scene of disaster, ruin and havoc. The arms were fired, shot and hit most blindly, excessively and unreasonably. Wild in fury the warriors transfigured hedious and horrible appearance.

558

ਬਿਥੁਰੀ ਲੁੱਥ ਜੁੱਥ ਅਨੇਕ ॥
ਮੱਚੇ ਕੋਟ ਭੱਗ ਅਨੇਕ ॥
ਹੱਸੇ ਭੂਤ ਪ੍ਰੇਤ ਮਸਾਣ ॥
ਲੱਝੇ ਜੁੱਝ ਰੁੱਝ ਕ੍ਰਿਪਾਣ ॥

ਅਨੰਤ ਸੂਰਮੇ ਸ਼ਿਵਜੀ ਦਾ ਰੂਪ ਧਾਰ, ਜੰਗ ਵਿਚ ਲੜੇ । ਲੱਥਾਂ ਤੇ ਲੱਥਾਂ ਖਿੰਡ ਗਈਆਂ । ਕ੍ਰਿਪਾਣਾਂ ਨਾਲ ਜੂਝ ਕੇ ਬੇਅੰਤ ਜੱਧੇ ਮਾਰੇ ਗਏ । ਭੂਤ ਪ੍ਰੇਤ ਮੁਰਦਿਆ ਨੂੰ ਵੇਖ ਵੇਖ ਖੁਸ਼ ਹੋਣ ਲਗੇ ।

Innmerable warriors fought furiously like the mighty Shiva. Dead bodies spread all over. Many of the warriors fought terribly with rapiers and sabres and fell inert on the ground. The imps, goblins and vampires felt happy and delighted.

559

ਬਹਾਤਾ ਛੰਦ ॥

ਅਧਿਕ ਰੋਸ ਕਰ ਰਾਜ ਪਖਰੀਆ ਧਾਵਹੀ ॥
ਰਾਮ ਰਾਮ ਬਿਨ ਸੰਕ ਪੁਕਾਰਤ ਆਵਹੀ ॥

Digitized by Panjab Digital Library | www.panjabdigilib.org

ਹੁੱਝ ਝੱਝ ਝੜ ਪੜਤ ਭਯਾਨਕ ਭੂਮ ਪਰ ॥
ਰਾਮ ਚਦ੍ਰ ਕੇ ਹਾਥ ਗਏ ਭਵ ਸਿੰਧ ਤਰ ॥

ਰਾਵਣ ਦੀ ਸਨਾ ਗੜੇ-ਕ੍ਰੋਧ ਵਿਚ ਝੁੱਲਾ ਨਾਲ ਸੱਜੇ ਹੋਏ ਘੋੜਿਆ ਰਾਹੇ ਰਥ ਉਤੇ ਸਵਾਰ ਹੋ ਕੇ, ਰਾਮ ਵੰਨੇ ਹਨੇਰੀ ਵਾਂਗ ਵਹੀ । ਪ੍ਰਭੂ ਜਿਸ ਪਾਸੇ ਉਨਾ ਨੇ ਤਕਿਆ ਉਨਾਂ ਨੂੰ ਰਾਮ ਹੀ ਰਾਮ ਨਜ਼ਰ ਆਇਆ, ਡਰ ਦੀ ਮਾਰੀ, ਚਾਘਾਂ ਮਾਰਦੀ ਹੋਈ ਸੈਨਾ ਭਜ ਉਠੀ । ਭਿਆਨਕ ਜੰਗ ਹੋਇਆ । ਵਢ ਵਢ ਕੇ, ਖੰਮ ਖੰਮ ਕੇ ਸੈਨਾ ਧਰਤੀ ਉਤੇ ਡਿਗੀ । ਇਉਂ ਰਾਮ ਚੰਦ੍ਰ ਦਾ ਹਥੀਂ ਉਨਾਂ ਦੀ ਕਲਿਆਣ ਹੋਈ ।

Full of fury the demon host rushed forth, like wind storm, seated on chariots, driven by armoured horses. Frightened to see Rama, the incarnate present every where, they horribly screamed. Dreadful battle ensued, they fought furiously, reeled and fell on the ground. Lucky enough, they were, thus, beneficted by the arms of Rama, the incarnate.

560

ਸਿਮਟ ਸਾਗ ਸੰਗ੍ਰਹੈ, ਸਮੂਹ ਹ੍ਵੈ ਜੁਝਹੀ ॥
ਟੂਕ ਟੂਕ ਹ੍ਵੈ ਅੈ, ਗਿਰਤ ਨ ਘਰ ਕਹੁ ਬੂਝਹੀ ॥
ਖੜ ਖੜ ਹ੍ਵੈ ਅੈ ਗਿਰਤ ਖੰਡ ਧਨ ਖੰਡ ਰਨ ॥
ਝਲਕ ਝਲਕ ਲਗ ਜਾਹਿ ਅਸਨ ਕੀ ਧਾਰਤਨ ॥

ਸਾਰੇ ਅਤੇ ਬਹਾਦਰਾਂ ਨੇ ਕੱਠੇ ਹੋਂਤਾ ਦਾ ਸਮੂਹ ਭਿਆਨਕ ਲੜਾਈ ਲੜਨ ਲਗਾ । ਰਾਮ ਦੇ ਤੀਰਾ ਨਾਲ ਉਹ ਟੁਕੜੇ ਟੁਕੜੇ ਹੋ ਕੇ ਡਿਗ ਪਏ । ਕਿਸੇ ਨੂੰ ਸਰੀਰ ਦੀ ਸੁਧ ਨ ਰਹੀ । ਰਨ ਭੂੰਮੀ ਵਿਚ ਉਨਾਂ ਦੇ ਸਰੀਰ ਦੇ ਟੁੱਟੇ ਟੋਟੇ ਹੋ ਗਏ । ਰਾਮ ਦੇ ਤਿਖੇ ਖੜ੍ਹੇ ਤੀਰ ਦੇ ਛੁਹਣ ਨਾਲ ਉਨਾਂ ਦੇ ਸਰੀਰ ਵਿਚੋਂ ਲਹੂ ਦੀ ਧਾਰਾ ਵਹਿ ਪੈਂਦੀ ।

Digitized by Panjab Digital Library | www.panjabdigilib.org

Equipped with spears and darts, the
demon vast host ensued fierce battle. Rama,
the incarnate, cut them into pieces and
they fell inert, on the ground. Their bodie
were pierced and crushed even with a soft
touch of the arrow from Rama's honoured hands.

561

ਸੰਗੀਤ ਬਹਾੜਾ ਛੰਦ ॥

ਸਾਗੜ ਦੀ ਸਗ ਸੰਗ੍ਰਹੈ ਤਾਗੜ ਦੀ ਰਣ ਤੁਰੀ ਨਚਾਵਹਿ ॥
ਭਾਗੜ ਦੀ ਝੁਮ ਗਿਰ ਭੂਮਿ ਸਾਗੜ ਦੀ ਸੁਰ ਪੁਰ ਸਿਧਾਵਹ ॥
ਆਂਗੜ ਦੀ ਅੰਗ ਹੈ ਭੰਗ ਆਗੜ ਦੀ ਆਹਵ ਮਹਿ ਡਿਗਹੀ ॥
ਹੋ ਬਾਗੜ ਦੀ ਬੀਰ ਬਿਕੁੰਰ ਸਾਗੜ ਦੀ ਸੁੰਣਤ ਤਨ ਭਿਗਹੀ ॥

ਹੋਰ ਬਹੁਤ ਸਾਰੀ ਸੈਨਾ ਇਕਠੀ ਹੋ ਕੇ ਘੋੜੀਆਂ ਨੂੰ ਨਚਾਂਦੀ ਹੋਈ ਰਣ-
ਸਥੱਲ ਵਿਚ ਆਈ । ਰਾਮ ਦੀ ਸੈਨਾ ਨੇ ਉਹਨਾਂ ਦੇ ਅੰਗ ਅੰਗ ਤੋੜ ਦਿਤੇ ।
ਉਹ ਝੂੰਮਦੀ ਹੋਈ ਸੈਨਾ, ਯੁਧ ਭੂੰਮੀ ਵਿਚ ਡਿਗ ਪਈ ਅਤੇ ਸੁਰਗ ਪੁਰੀ
ਨੂੰ ਗਈ । ਲਹੂ ਨਾਲ ਭਿੱਜੇ ਹੋਏ ਸੂਰਮੇ ਭਿਆਨਕ ਲੱਗਨ ਲਗੇ ।

Several more battalions and regiments
rushed forward on mettled mares,
towards the battlefield. The varanas
smothered and crushed them fatally. The demons
screamed and reeled on the ground, their
souls rose high to the heavens. The warriors
streaming with gore, appeared hedious
and horrible.

562

ਰਾਗੜ ਦੀ ਰੋਸ ਰਿਪ ਰਾਜ ਲਾਗੜ ਦੀ ਲਛਮਣ ਪੈ ਧਾਯੋ ॥
ਕਾਗੜ ਦੀ ਕ੍ਰੋਧ ਤਨ ਕੁਪਿਯੋ ਪਾਗੜ ਦੀ ਹੈ ਧਵਨ ਸਿਧਾਯੋ ॥
ਆਗੜ ਦੀ ਅਨੁਜ ਉਰਤਾਤ ਘਾਗੜ ਦੀ ਗਹਿ ਘਾਇ ਪ੍ਰਹਾਰਯੋ ॥
ਭਾਗੜ ਦੀ ਝੁਮ ਭੂਮਿ ਗਿਰਯੋ ਸਾਗੜ ਦੀ ਸੁਤ ਬੈਰ ਉਤਾਰਯੋ ॥

ਐਨੇ ਨੂੰ ਰਾਵਣ ਕ੍ਰੋਧ ਵਿਚ ਅੱਗ ਬਬੋਲਾ ਹੋ ਕੇ, ਲਛਮਨ ਵੰਨੇ
ਨਸਿਆ । ਕ੍ਰੋਧ ਵਿਚ ਪਾਗਲ ਹੋਇਆ ਹੋਇਆ ਪਵਨ ਵਾਗੂ
ਉਡਿਆ । ਜਾਦਿਆਂ ਹੀ ਰਾਮ ਦੇ ਅਤਿ ਪਿਆਰੇ ਛੋਟੇ ਭਰਾ

Digitized by Panjab Digital Library | www.panjabdigilib.org

ਲਛਮਨ ਦੀ ਛਾਤੀ ਵਿਚ ਡੂੰਘੀ ਚੋਟ ਲਗਾਈ । ਲਛਮਨ ਝੂੰਮਦਾ ਹੋਇਆ ਧਰਤੀ ਉਤੇ ਡਿੱਗ ਪਿਆ । ਇਉਂ ਰਾਵਨ ਨੇ, ਪੁਤ੍ਰ ਦੇ ਮਾਰਨ ਦਾ ਬਦਲਾ ਲੀਤਾ ।

Infuriated in wrath, Ravana, the demon king, rushed towards Lakshmna. In a fit of franzy he fled like wind, and hurled a formidable weapon into the breast of of Lakshmna, the beloved younger brother of Rama, the incarnate. Lakshmna, the dauntless, reeled and fainted on the ground. In this manner Ravana, revenged his son's destroyer.

563

ਚਾਗੜ ਦੀ ਚਿੰਕ ਚਾਂਵਡੀ ਸਾਗੜ ਦੀ ਡਾਕਣ ਡਕਾਰੀ ॥
ਭਾਗੜ ਦੀ ਭੂਤ ਭਰ ਰਹੇ ਰਾਗੜ ਦੀ ਰਣ ਭੋਗ ਪੂਜਾਰੀ ॥
ਮਾਗੜ ਦੀ ਮੁਰਛਾ ਭਯੋ ਲਾਗੜ ਦੀ ਲਛਮਣ ਰਨ ਜੁਝਿਯੋ ॥
ਜਾਗੜ ਦੀ ਜਾਣ ਜੁਝ ਗਯੋ ਰਾਗੜ ਦੀ ਰਘੁਪਤਿ ਇਮ ਬਝਿਯੋ ॥

ਦਿਲਾਂ ਚੀਕਨ ਲਗੀਆਂ, ਚੁੜੇਲਾਂ ਅਤੇ ਭੂਤਨੇ ਰੱਜ ਰੱਜ ਕੇ ਭੋਜਨ ਕਰਨ ਲਗੇ । ਲਛਮਨ ਨੂੰ ਮੂਰਛਿਤ ਹੋਇਆ ਵੇਖ ਕੇ, ਰਘੁਪਤਿ ਨੇ ਸਮਝਿਆ ਕਿ ਲਛਮਨ ਰਣ ਵਿਚ ਜੂਝ ਗਿਆ ਹੈ ।

The kites screamed. The imps, goblins and ghouls devoured the human flesh and pacified their hunger. Rama, the incarnate, beholding, Lakshmna lying inert on the ground, took him to be dead.

564

ਕਾਗੜ ਦੀ ਕਟਕ ਕਧਿ ਭਜਿਯੋ ਲਾਗੜ ਦੀ ਲਛਮਨ ਜੋਇਯੋ ਜਬ ॥

Digitized by Panjab Digital Library | www.panjabdigilib.org

ਰਾਗੜ ਦੀ ਰਾਮ ਰਿਸ ਭਰਿਯੋ ਸਾਗੜ ਦੀ ਗਹਿ ਅਸਤ੍ਰ ਸਸਤ੍ਰ ਸਥ ॥
ਧਾਗੜ ਦੀ ਧਉਲ ਧੜ ਹੜਿਯੋ ਕਾਗੜ ਦੀ ਕੂੰਪੈ ਕੜਕਿਯੋ ॥
ਭਾਗੜ ਦੀ ਭੂਮਿ ਭੜ ਹੜੀ ਪਾਗੜ ਦੀ ਜਨ ਪਲੈ ਪਲਟਿਯੋ ॥

ਲਛਮਨ ਨੂੰ ਜੂਝਿਆ ਦੇਖ ਕੇ ਸਾਰਾ ਕਪਿ ਦਲ ਭੱਜ ਗਿਆ। ਰਾਮ, ਕ੍ਰੋਧ ਨਾਲ, ਲਾਲ ਪੀਲਾ ਹੋ ਗਿਆ। ਉਸ ਨੇ ਸਾਰੇ ਅਸਤ੍ਰ ਸਸਤ੍ਰ ਲੈ ਕੇ ਮਾਰਨੇ ਆਰੰਭ ਕੀਤੇ। ਜਿਸ ਵੇਲੇ ਰਾਮ ਦਾ ਕ੍ਰੋਧ ਵਿਚ, ਧਨੁਖ ਕੜਕਿਆ ਤਾਂ ਸਾਰੀ ਧਰਤੀ ਉਤੇ ਧੜਾਂ ਦਾ ਹੱਡ ਆ ਗਿਆ। ਧਰਤੀ ਇਉਂ ਕੰਬਣ ਲਗੀ ਜਿਵੇਂ ਪ੍ਰਲੈ ਆ ਗਈ ਹੋਵੇ।

Seeing Lakshmna struck with the weapon and lying on the ground the innumerable Vanara host scattered in fear. Infuriated in rage, Rama, the incarnate, equipped himself with formidapble arms and raged a furious battle. Possessed wih frenzy when he twanged his dreadful bow the whole battlefield was flooded with the dead. The earth trembled as if it was the doomsday.

565

ਅਰਧ ਨਰਾਜ ਛੰਦ ॥

ਕਦੀ ਸੂ ਤੇਗ ਦੁੱਧਰੰ ॥
ਅਨੂਪ ਰੂਪ ਸੁੱਭਰੰ ॥
ਭਕਾਰ ਘੋਰ ਭੈ ਕਰੰ ॥
ਬਕਾਰ ਬੰਦਣੇ ਬਰੰ ॥

Digitized by Panjab Digital Library | www.panjabdigilib.org

ਰਾਮ ਨੇ ਦੋ ਧਾਰੀ ਤਲਵਾਰ ਘਿਸਕਾਈ । ਰਣ-ਭੇਰੀਆਂ ਭਿਆਨਕ ਨਾਦ ਕਰਨ ਲਗੀਆਂ । ਰਾਮ ਨੇ ਅਨੂਪ ਯੁੱਧ ਧਾਰਨ ਕੀਤਾ । ਯੱਧ ਵੇਖ ਕੇ ਬਾਰ ਬਾਰ ਵੰਦਨਾ ਕਰਨ ਲੱਗੇ ।

Rama, the incarnate, brandished his double-edged Sword. Performed-wonderful, marvellous and exceedingly remarkable feats and acts of valour, in consonance and harmony of the martial tune played on the drum. The warriors skilled in archery, performed salutation in reverence and admiration.

566

ਬਚਿਤ੍ਰ ਚਿਤ੍ਰਤ ਬਰੰ ॥
ਤਜੰਤ ਭੀਖਣੰ ਨਰੰ ॥
ਪਰੰਤ ਝੁਝਤੰ ਭਟੰ ॥
ਜਣੰਕਿ ਸਾਵਣੰ ਘਟੰ ॥

ਰਾਮ ਨੇ ਵਚਿਤ੍ਰ ਕਹਾਦਨੀ ਦੁਆਰਾ ਭਿਆਨਕ ਅਤੇ ਖੌਫਨਾਕ ਦੈਂਤਾਂ ਨੂੰ ਮਾਰ ਗਿਰਾਇਆ । ਵਡੇ ਵਡੇ ਯੱਧ ਲੜਦੇ ਹੋਏ ਇਉਂ ਡਿਗੇ ਜਿਵੇਂ ਸਾਵਣ ਦੀ ਘਟਾ ਵੱਸਦੀ ਹੈ ।

Rama, the incarnate, performed, marvellous deeds of valour, put to sword the invidious and invincible demons. The mighty demons fell like continuous showers of rain.

567

ਘੁਮੰਤ ਅੱਘ ਓਘੜੰ ॥
ਬਦੰਤ ਬਕੱਤ ਤੇਜੜੰ ॥
ਚਲੰਤ ਤਯਾਗ ਤੇ ਤਨੰ ॥
ਭਣੰਤ ਦੇਵਤਾ ਧਨੰ ॥

Digitized by Panjab Digital Library | www.panjabdigilib.org

ਦੈਂਤਾ ਦਾ ਸਮੁਦਾਇ ਹੜ ਦੇ ਪੂਰਾ ਦੀ ਤਰ੍ਹਾਂ ਅਗੇ
ਵਧਿਆ । ਚਾਰ ਮੁੰਹਾਂ ਵਾਲਾ ਰਾਖਸ ਆਪਣੀ ਸਕਤੀ ਦਖਾਉਣ
ਲਗਾ । ਜਦੋਂ ਰਾਮ ਨੇ ਉਸ ਨੂੰ ਵੀ ਮਾਤ ਗਿਰਾਇਆ ਤਾ
ਦੇਵਤੇ ਧੰਨ ਧੰਨ ਕਰਨ ਲਗੇ ।

Great host of demons surged forth like flooded ocean. The mighty four head demon exhibited his valour and strength but was put to sword by Rama, the incarnate. The gods applauded him in admiration

568

ਛੁਟੰਤ ਤੀਰ ਤਖਿੜੰ ॥
ਬਸੰਤ ਰਤ ਭੋਖੜੰ ॥
ਉਠੰਤ ਗੱਦ ਸਦਵੰ ॥
ਮਮੱਤ ਜਾਣ ਮਦਣੰ ॥

ਭੇਰੀਆਂ ਨੇ ਭਿਆਨਕ ਨਾਦ ਕੀਤਾ । ਤੀਰ ਤੁਫਾਨ ਦੀ ਤੇਜੀ
ਵਾਙੂੰ ਬਰਸਣ ਲੱਗੇ । ਧੜਾ ਧੜ [illegible]
ਮਸਤਿਆਂ ਹੋਇਆਂ ਦਾ ਠੀਕ ਨਾਲ ਨੇ ਕੁਆ ।

The kettle drums played horrible [illegible] tunes. The arrows fell like gale storm. The demons fell with a thud on the ground. The inebrated and drunkards were rightly dealt with and crushed.

569

ਕਰੰਤ ਚਾਚਰੰ ਚਰੰ ॥
ਨਚੰਤ ਨਿਰਤਣੇ ਰਰੰ ॥
ਪੁਅੰਤ ਪਾਰਬਤੀ ਸਿਰੰ ॥
ਹਸੰਤ ਪ੍ਰੇਤਣੀ ਫਿਰੰ ॥

Digitized by Panjab Digital Library | www.panjabdigilib.org

ਤਲਵਾਰਾਂ ਚਿਰ ਚਿਰ ਕਰ ਕੇ ਚੀਰਦੀਆਂ ਗਈਆਂ । ਯੋਧੇ, ਸ਼ਿਵਜੀ ਵਾਂਗੂੰ ਤਾਂਡਵ ਨਾਚ ਨਚੱਣ ਲੱਗੇ । ਪਾਰਬਤੀ ਦੇ ਗੱਲ ਵਿਚ ਰੁੰਡਾਂ ਦੀ ਮਾਲਾ ਪਾਈ ਗਈ । ਪ੍ਰੇਤਣੀਆਂ ਖੁਸ਼ੀ ਵਿਚ ਫਿਰਨ ਲਗੀਆਂ ।

Whizzingly the sabres pruned and clipped the bodies. The mighty warriors danced like Lord Shiva's, the awful Taudva. Offerings of garlands of heads, bathed in blood, were made to Parvati, the wife of Lord Shiva, The vampires and ghouls rambled in delight.

570

ਅਨੂਪ ਨਰਾਜ ਛੰਦ ॥

ਡਕੰਤ ਡਾਕਣੀ ਡਲੰ ॥
ਭੁਮਤ ਬਾਜ ਕੁੰਡਲੰ ॥
ਚਰੰਤ ਬੰਦਣੇ ਕ੍ਰਿਤੰ ॥
ਬਦੰਤ ਮਾਗਧੰ ਜਯੰ ॥

ਚੁੜੈਲਾਂ ਫਿਰਨ ਲਗੀਆਂ । ਬਾਜ ਚਕੱਰ ਲਾਨ ਲਗੇ । ਭੱਟ ਅਤੇ ਰਾਜ ਕਵੀ ਜੈ ਜੈ ਕਾਰ ਕਰਨ ਲਗੇ ਅਤੇ ਇਸ ਸ਼ਾਨਦਾਰ ਜੰਗ ਦੀ ਕੀਰਤੀ ਗੌਣ ਲਗੇ ।

The imps and goblins rambled. The hawks hovered about. The bards and royal poets sang the glory of the marvellously and most remarkably fought war.

571

ਚਲੰਤ ਢਾਲ ਉਦਲੰ ॥
ਖਿਮੰਤ ਤੇਗ ਨਿਮਲੰ ॥

Digitized by Panjab Digital Library | www.panjabdigilib.org

ਚਲੰਤ ਰਾਜਵੰ ਸਰੰ ॥
ਪਪਾਤ ਉਰਬੀਅੰ ਨਰੰ ॥

ਤਿਖੀਆਂ ਤਲਵਾਰਾਂ ਬਿਜਲੀ ਵਾਂਗੂ ਚਮਕਣ ਲਗੀਆਂ । ਢਾਲਾਂ ਨੂੰ ਏਧਰ ਉਧਰ ਫੇਰ ਕੇ ਯੱਧੇ ਆਪਣੇ ਆਪ ਨੂੰ ਬਚਾਉਣ ਲਗੇ । ਰਾਮ ਦੇ ਤਿਖੇ ਤੀਰ ਬਰਸਨ ਲਗੇ । ਪਤਨ ਹੋਏ ਹੋਏ, ਅਤੇ ਹਾਰੇ ਹੋਏ ਯੱਧੇ ਉਠ ਉਠ ਕੇ ਲੜਨ ਦਾ ਯਤਨ ਕਰਨ ਲਗੇ ।

The rapiers flashed like lightning. The shield were turned about for safety. Rama, the incarnate, discharged volleys of arrows. The fallen out and defeated warriors, attempted to regain the fight.

572

ਭਜੰਤ ਅਸੁਰੀ ਸੁਤੰ ॥
ਕਿਲੰਕ ਬਾਨਰਾ ਪੁਤੰ ॥
ਬਜੰਤ ਭੀਰ ਤੁਪੱਕੰ ॥
ਉਠੰਤ ਦਾਰਣੰ ਸੁਰੇ ॥

ਰਾਵਣ ਦੀ ਸੈਨਾ ਭੱਜ ਉਠੀ । ਬਾਂਦਰਾਂ ਦੀ ਸੈਨਾ ਕਿਲਕਾਰੀਆਂ ਮਾਰਨ ਲਗੀ । ਬੰਦੂਕਾਂ ਅਤੇ ਤੋਪਾਂ ਦੀ ਭਿਆਨਕ ਅਵਾਜ਼ ਆਉਣ ਲਗੀ ।

The demon host took to heels. The Vanara host made joyful noise. Horrible thundering sound of guns and cannons was heard.

573

ਭਭੱਕ ਭੂਤ ਭੈ ਕਰੰ ॥
ਚਚਕੱ ਚਉਦਣੇ ਚਕੰ ॥
ਤਤੱਖ ਪੱਖਰੇ ਤੁਰੇ ॥
ਬਜੇ ਨਿਨੱਦ ਸਿੰਧਰੇ ॥

Digitized by Panjab Digital Library | www.panjabdigilib.org

ਜਦੋਂ ਰਣ-ਭੇਰੀਆ ਨੇ ਸੰਧੂਰੀਆ ਰਾਗ ਵਜਾਇਆ । ਜਿਸ ਦੇ ਤਿਖੇ ਤਾਲ ਮੇਲ ਨਾਲ, ਸੂਰਮੇ ਅਤੇ ਯੋਧੇ ਘੋੜਿਆਂ ਉਤੇ ਨਚਦੇ ਹੋਏ ਰਣ ਭੂੰਮੀ ਵਲ ਆਏ ਤਾ ਉਨ੍ਹਾਂ ਨੂੰ ਤੱਕ ਕੇ, ਚੰਦਾ ਚੱਕ ਚਕ੍ਰਿਤ ਹੋ ਗਏ ਅਤੇ ਭੂਤਨੇ ਭਿਆਨਕ ਭਭਕਾਰਨ ਲਗੇ ।

The dead bodies, fiend and ghosts
screamed ghastly and ferociously. All the
fourteen realms amazed and startled.
When warriors on armoured chargers
rushed forth instantly, and kettledrums
played martial sanduria tune.

574

ਉਠੰਤ ਭੈ ਕਰੀ ਸੂਰੇ ॥
ਮਚੰਤ ਜੋਧਣ ਜੁਧੰ ॥
ਖਿਮੰਤ ਉਜੱਲੀ ਅਸੰ ॥
ਬਰਖ ਤੀਖਣੰ ਸਰੰ ॥

ਬੜੀ ਭਿਆਨਕ ਸੁਰ ਵੱਜੀ । ਯੋਧੇ ਰਣ ਵਿਚ ਮਚੇ । ਝਲਵਾਰਾਂ ਬਿਜਲੀ ਵਾਂਗੂ ਚਮਕੀਆਂ । ਤਿਖੇ ਤੀਰਾਂ ਦੀ ਬਰਖਾ ਹੋਈ ।

Dreadful and horrible music was tuned.
The warriors waged a ferocious battle.
The rapiers flashed like lightning.
Volleys of sharp arrows were showered.

515

ਸੰਗੀਤ ਭੁਜੰਗ ਪ੍ਰਯਾਤ ਛੰਦ ॥

ਜਾਗੜ ਦੰਗ ਜੁੱਝਯੋ ਭਾਗੜ ਦੰਗ ਭੂਤੰ ॥
ਰਾਗੜ ਦੰਗ ਰਾਮੰ ਤਾਗੜ ਦੰਗ ਤਾਤੰ ॥
ਬਾਗੜ ਦੰਗ ਬਾਣੰ ਛਾਗੜ ਦੰਗ ਛੂਟੇ ॥
ਆਗੜ ਦੰਗ ਆਕਾਸ ਤੇ ਜਾਨ ਓਰੇ ॥

Digitized by Panjab Digital Library | www.panjabdigilib.org

ਆਪਣੇ ਭਰਾ ਲਛਮਨ ਨੂੰ ਜੁਝਿਆ ਦੇਖ ਕੇ ਰਾਮ, ਬੜਾ ਤੱਤਾ ਹੋਇਆ । ਉਸ ਨੇ ਅਜਿਹੇ ਬਾਣ ਛਡੇ ਕਿ ਦੈਂਤਾ ਦ ਪ੍ਰਾਣ ਅਕਾਸ਼ ਵਲ ਉਡਣ ਲੱਗੇ ।

Rama, the incarnate, infuriated in rage
beholding Lakshmna, his younger brother,
lying inert in the battlefield,
showered so sharp and venomous arrows that
the demons souls, instantly soared high
towards heavens.

576

ਬਾਗੜ ਦੰਗ ਬਾਜੀ ਰਥੀ ਬਾਣ ਕਾਟੇ ॥
ਗਾਗੜ ਦੰਗ ਗਾਜ਼ੀ ਮਹਾਂਬੀਰ ਡਾਟੇ ॥
ਮਾਗੜ ਦੰਗ ਮਾਰੇ ਸਾਗੜ ਦੰਗ ਸੁਰੰ ॥
ਬਾਗੜ ਦੰਤ ਬਯਾਹੰ ਬਾਗੜ ਦੰਗ ਹੂੰਰੰ ॥

ਰਾਮ ਨੇ ਜਾਦੂ ਭਰੇ ਸਸਤ੍ਰ ਚਲਾਨ ਵਾਲੇ, ਪ੍ਰਧਾਨ ਸੈਨਾ ਪਤੀਆਂ ਨੂੰ ਤੀਰਾਂ ਨਾਲ ਵਿੰਨ ਦਿਤਾ । ਦਸ ਖ਼ਹਣੀਆਂ ਸੈਨਾ ਦੇ ਸੁਆਮੀਆਂ ਨੂੰ ਮਾਰ ਸੁਟਿਆ । ਬੇਅੰਤ ਸੂਰਬੀਰ ਮਾਰੇ ਅਤੇ ਉਹਨਾਂ ਨੂੰ ਹੂਰਾਂ ਨਾਲ ਵਿਆਹ ਦਿਤਾ ।

Rama the incarnate, ferociously pierced
with arrows the mighty demon brigadier,
wielders of black magic, commanders
and generals. Innumerable other warriors
were killed and wedded with the nymphs
of heaven.

577

ਜਾਗੜ ਜਗ ਜੀਤਾ ਖਾੜਗ ਦੰਗ ਖੰਤੇ ॥
ਭਾਗੜ ਦੰਗ ਭਾਗੇ ਕਾਗੜ ਦੰਗ ਕੇਤੰ ॥
ਸਾਗੜ ਦੰਗ ਸੁਰਾਨ ਜੁਆਨ ਖੇਖਾ ॥
ਪਾਗੜ ਦੰਗ ਪ੍ਰਾਨਾਨ ਦੇ ਪ੍ਰਾਨ ਲੇਖਾ ॥

Digitized by Panjab Digital Library | www.panjabdigilib.org

ਜਦੋਂ ਰਾਵਣ ਨੂੰ ਪਤਾ ਲੱਗਾ ਰਾਮ ਜੰਗ ਵਿਚ ਜਿਤੀ ਜਾ ਰਿਹਾ ਹੈ । ਅਸੁਰੀ ਸੈਨਾ ਭੱਜੀ ਜਾ ਰਹੀ ਹੈ । ਸੈਨਾ ਪਤੀ ਮਾਰੇ ਗਏ ਹਨ । ਬਾਦਰਾਂ ਦੀ ਸੈਨਾ ਹੀ ਸਭ ਪਾਸੇ ਦਿਸਦੀ ਹੈ ; ਤਾਂ ਰਾਵਣ ਕ੍ਰੋਧ ਵਿੱਚ ਆ ਕੇ ਨਿਰੰਤਰ ਬਾਣ ਛੱਡਣ ਲਗਾ ਜਿਸ ਨਾਲ ਬਹੁਤ ਸਾਰੀ ਬਾਨਰੀ ਸੈਨਾ ਮਾਰੀ ਗਈ ।

When Ravana, the demon king, came to know about the death of his great generals and commanders of his forces, he was greatly agitated. More, so, when he learnt about the victory of Rama, the incarnate and saw the vanaras host occupying the battlefield. He discharged perpetual volleys of arrows towards the vanara host and created tremendous disaster and havoc.

578

ਚਾਗੜ ਦੰਗ ਚਿਤੰ ਪਾਗੜ ਦੰਗ ਪ੍ਰਾਜੀ ॥
ਸਾਗੜ ਦੰਗ ਸੈਨਾ ਲਾਗੜ ਦੰਗ ਲਾਜੀ ॥
ਸਾਗੜ ਦੰਗ ਸੁਗ੍ਰੀਵ ਤੇ ਆਦਿ ਲੈਕੇ ॥
ਕਾਗੜ ਦੰਗ ਕੋਪੈ ਤਾਗੜ ਦੰਗ ਤੈਕੇ ॥

ਰਾਮ ਨੈ, ਜਿਸ ਵੇਲੇ ਸੈਨਾ ਨੂੰ ਲੱਜਾ ਦੇ ਮਾਰੇ ਭਜੇ ਜਾਂਦੇ ਦੇਖਿਆ ਤਾ ਉਸ ਨੂੰ ਬਹੁਤ ਚਿੰਤਾ ਲਗੀ ਕਿ ਕਿਧਰੇ ਉਨ੍ਹਾਂ ਦੀ ਹਾਰ ਨਾ ਹੋ ਜਾਵੇ । ਉਹ ਸਗ੍ਰੀਵ ਆਦਿ ਨੂੰ ਨਾਲ ਲੈ ਕੇ ਗੁਸੇ ਦੇ ਜੋਸ਼ ਵਿਚ ਅੱਗੇ ਵੱਧੇ ।

Rama the incarnate, seeing his troops running bashfully in distress, felt extremely anxious and pensive about the victory Taking Sugriva and other warriors alongwith him he sallied forth in fury.

Digitized by Panjab Digital Library | www.panjabdigilib.org

579

ਹਾਗੜ ਦੰਗ ਹਨੂ ਕਾਗੜ ਦੰਗ ਕੋਪਾ ॥
ਬਾਗੜ ਦੰਗ ਬੀਰਾ ਨਮੋਪਾਵ ਰੋਪਾ ॥
ਸਾਗੜ ਦੰਗ ਸੂਰੰ ਹਾਗੜ ਦੰਗ ਹਾਰੇ ॥
ਤਾਗੜ ਦੰਗ ਤੈਕੈ ਹਨੁ ਤਉ ਪੁਕਾਰ ॥

ਹਨੂਮਾਨ ਨੂੰ ਬੜਾ ਗੁਸਾ ਆਇਆ । ਉਸ ਨੇ ਰਾਮ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਦੈਂਤਾ ਦੀ ਸੈਨਾ ਨਾਲ ਲੜਨ ਲੱਗਾ । ਉਸ ਨੇ ਵੱਡੇ ਵੱਡੇ ਸੂਰਮੇਂ ਹਰਾ ਦਿੱਤੇ । ਉਹ ਹਨੂਮਾਨ ਦਾ ਨਾਮ ਲੈ ਲੈ ਕੇ ਪੁਕਾਰ ਪੁਕਾਰ ਕਰ ਉਠੇ ।

Thereafter Hanumana got furiously enraged. Paying homage to Rama, the incarnate, he ensued horrible battle with the demon host. He smotherd the mighty warriors and high chieftains. The demon host shouted his name in terror.

580

ਆਗੜ ਦੰਗ ਆਗੇ ਕਾਗੜ ਦੰਗ ਕੋਊ ॥
ਮਾਗੜ ਦੰਗ ਮਾਰੇ ਸਾਗੜ ਦੰਗ ਸੋਊ ॥
ਨਾਗੜ ਦੰਗ ਨਾਕੀ ਤਾਗੜ ਦੰਗ ਤਾਲੇ ॥
ਮਾਗੜ ਦੰਗ ਮਾਰੇ ਬਾਗੜ ਦੰਗ ਬਿਸਾਲੰ ॥

ਹਨੂਮਾਨ ਨੇ ਜਿਹੜਾ ਵੀ ਅੱਗੇ ਆਇਆ ਉਸੇ ਨੂੰ ਮਾਰ ਦਿਤਾ । ਜਿਵੇਂ ਤਲਾ ਵਿੱਚ ਪਾਣੀ ਬੰਦੀ ਕਰ ਦੇਦੀਦਾ ਹੈ । ਤਿਵੇਂ ਵਿਸਾਲ ਦੈਂਤਾਂ ਦੀ ਨਾਕਾ ਬੰਦ ਕਰ ਦਿਤੀ ।

Whosoever encountered was killed and thrown on the ground. The mighty demons were picketed and put under restraint as water is confined in a pond.

Digitized by Panjab Digital Library | www.panjabdigilib.org

581

ਸਾਗੜ ਦੰਗ ਸੁਨਹੋ ਰਾਗੜ ਦੰਗ ਰਾਮ ।
ਦਾਗੜ ਦੰਗ ਦੀਜੈ ਪਾਗੜ ਦੰਗ ਪਾਨ ॥
ਪਾਗੜ ਦੰਗ ਪੀਠੰ ਠਾਗੜ ਦੰਗ ਠਕ ॥
ਹਰੋ ਆਸ ਪਾਨੰ ਸੁਰੇ ਮੰਹ ਲੋਕੰ ॥

ਜਦੋਂ ਰਾਮ ਨੇ, ਹਨੂਮਾਨ ਦੀ, ਅਸੁਰੀ ਸੈਨਾ ਨੂੰ ਮਾਰਨ ਦਾ ਬਹਾਦਰੀ ਦੀ ਘਟਨਾ ਸੁਣੀ ਤਾ, ਉਨਾ ਨੇ ਹਨੂਮਾਨ ਨੂੰ ਸ਼ਾਬਾਸ ਦਿਤੀ ਅਤੇ ਬੜੀ ਪ੍ਰਸੰਸਾ ਕੀਤੀ । ਤਦ ਹਨੂਮਾਨ ਨੇ ਆਗਿਆ ਮੰਗੀ, ਕਿ ਅੱਜ ਜੇ ਉਹ ਕਹਿਣ, ਤਾ ਉਹ ਇੰਦ੍ਰ ਦੇ ਦਰਬਾਰ ਵਿਚੋਂ ਲਛਮਨ ਦੀ ਮੂਰਛਾ ਦੂਰ ਕਰਨ ਲਈ ਅੰਮ੍ਰਿਤ ਵੀ ਖੋਹ ਕੇ ਲਿਆ ਸਕਦਾ ਹੈ ।

On hearing the marvellous feat of destroying and terrifying the demon host, Rama the incar nate, praised and applauded the mighty Hanumana. There upon Hanumana sought his permission to fly to Lord Indra and steal away Holy nectre from Heaven to remove the swoon of Lakshmna

582

ਆਗੜ ਦੰਗ ਐਸੇ ਕਹਯੋ ਅੰ ਉਡਾਨੰ ॥
ਗਾਗੜ ਦਗ ਗੰਨੰ ਮਿਲਯੋ ਮੱਧ ਮਾਨੰ ।
ਰਾਗੜ ਦੰਗ ਰਾਮੰ ਆਗੜ ਦੰਗ ਆਸੰ ॥
ਬਾਗੜ ਦੰਗ ਬੈਠੇ ਨਾਗੜ ਦੰਗ ਨਿਰਾਸੰ ॥

ਇਹ ਕਹਿ ਕੇ ਹਨੂਮਾਨ ਅਕਾਸ ਵੱਲੇ ਉਡ ਗਿਆ । ਮਾਨੋ ਅਕਾਸ ਵਿੱਚ ਮਿਲ ਗਿਆ । ਰਾਮ ਜਿਹੜੇ ਲਛਮਨ ਦੇ ਮੂਰਛਿਤ ਹੋ ਜਾਣ ਕਾਰਨ ਨਿਰਾਸ਼ ਬੈਠੇ ਸਨ ਆਸਵੰਦ ਹੋ ਗਏ ।

Digitized by Panjab Digital Library | www.panjabdigilib.org

Thus saying, Hanumana fled towards sky
and disappeared in the blue firmament.
Rama, the incarnate, who sat in despair and
dismay became little hopeful.

583

ਆਗੜ ਦੰਗ ਏਕੋ ਦਾਗੜ ਦੰਗ ਦਾਨਵ ॥
ਚਾਗੜ ਦੰਗ ਚੀਰਾ ਦਾਗੜ ਦੰਗ ਦੁਰਾਨੰ ॥
ਦਾਗੜ ਦੰਗ ਦੇਖ ਬਾਗੜ ਦੰਗ ਬੂਟੀ ॥
ਆਗੜ ਦੰਗ ਹੈ ਏਕ ਤੇ ਏਕ ਜੂਟੀ ॥

ਇਕ ਦੈਂਤ ਨੇ, ਦੂਰ ਤਕ ਹਨੂੰਮਾਨ ਦਾ ਪਿੱਛਾ ਕੀਤਾ ਪਰ
ਹਨੂੰਮਾਨ ਨੇ ਉਸ ਦੁਰਾਨਨ ਦੈਂਤ ਨੂੰ ਚੀਰ ਸੁਟਿਆ । ਜਿਸ
ਵੇਲੇ ਹਨੂੰਮਾਨ ਸੰਜੀਵਨੀ ਬੂਟੀ ਲਭਣ ਲੱਗਾ ਤਾਂ ਸਾਰੀਆਂ
ਬੂਟੀਆਂ ਇਕੋ ਜਿਹੀਆਂ ਲਗੀਆਂ ।

A most formidable demon chased Hanumana.
in his endavour. He was rived and
wrenched away. The moment Hanuman looked
for, in search of the Sanjivni herb, all
the herbs lookd alike.

584

ਚਾਗੜ ਦੰਗ ਚਉਕਾ ਹਾਗੜ ਦੰਗ ਹਨਵੰਤਾ ॥
ਜਾਗੜ ਦੰਗ ਜੋਧਾ ਮਹਾਂ ਤੇਜ ਮੰਤਾ ॥
ਆਗੜ ਦੰਗ ਉਖਾਰਾ ਪਾਗੜ ਦੰਗ ਪਹਾਰੰ ॥
ਆਗੜ ਦੰਗ ਲੈ ਅੰਖਧੀ ਕੋ ਸਿਧਾਰੰ ॥

ਹਨੂੰਮਾਨ ਹੈਰਾਨੀ ਭਰੀ ਘਬਰਾਹਟ ਵਿਚ ਚੀਕਿਆ, ਪੂੰਜ
ਉਹ ਬੜਾ ਸ਼ਕਤੀ-ਸ਼ਾਲੀ ਯੋਧਾ ਸੀ । ਉਸ ਨੇ ਬੂਟੀਆਂ ਵਾਲਾ
ਸਾਰਾ ਪਹਾੜ ਹੀ ਉਖਾੜ ਲਿਆ ਅਤੇ ਦੁਆਈ ਵਾਲੀਆਂ ਬੂਟੀਆਂ
ਲ ਕੇ ਉੱਡ ਪਿਆ ।

Digitized by Panjab Digital Library | www.panjabdigilib.org

Hanumana shouted and shrieked in distress and amazement. But being a mighty and most powerful warrior, he removed the peak of the mountain covered with herbs and medicinal plants, and carried it through the sky.

585

ਆਗੜ ਦੰਗ ਆਏ ਮਹਾਂ ਰਾਮ ਖੱਤੰ ॥
ਬਾਗੜ ਦੰਗ ਬੀਰੰ ਜਹਾਂ ਤੇ ਅਚੇਤੰ ॥
ਬਾਗੜ ਦੰਗ ਬਿਸੱਲਯ ਮਾਗੜ ਦੰਗ ਮੁਖੰ ॥
ਡਾਗੜ ਦੰਗ ਡਾਰੀ ਸਾਗੜ ਦੰਗ ਸੁਖ ॥

ਹਨੂੰਮਾਨ ਬੂਟੀਆਂ ਵਾਲਾ ਪਹਾੜ ਲੈ ਕੇ ਉਥੇ ਆਇਆ ਜਿਥੇ ਰਾਮ, ਮੂਰਛਿਤ ਹੋਏ ਲਛਮਨ ਦੇ ਕੋਲ ਬੈਠੇ ਸਨ । ਵਿਸ਼ਲਯਕਰਨੀ ਬੂਟੀ ਮੂੰਹ ਵਿਚ ਪਾਂਦਿਆਂ ਹੀ ਲਛਮਨ ਨੇ ਬਰ ਨੇ ਹੋ ਕੇ ਉਠ ਬੈਠੇ ।

Hanumana arrived, before Rama the incarnate, who was sitting beside his swooned younger brother Lakshmana. As soon as the Vishalya Karni medicine was put into his mouth, Lakshmna sat up cured of all pain.

586

ਜਾਗੜ ਦੰਗ ਜਾਗੇ ਬਾਗੜ ਦੰਗ ਸੂਰੰ ॥
ਘਾਗੜ ਦੰਗ ਘੂੰਮੀ ਹਾਗੜ ਦੰਗ ਹੂਰੰ ॥
ਛਾਗੜ ਦੰਗ ਛੂਟੇ ਨਾਗੜ ਦੰਗ ਨਾਦੰ ॥
ਬਾਗੜ ਦੰਗ ਬਾਜੇ ਨਾਗੜ ਦੰਗ ਨਾਦੰ ॥

ਜਿਨੇ ਸੂਰਬੀਰ ਰਣ ਵਿਚ ਮੂਰਛਿਤ ਹੋਏ ਸਨ, ਸਾਰੇ ਰਾਜ਼ੀ ਹੋ ਗਏ । ਹੂਰਾਂ ਦੀ ਤਰ੍ਹਾਂ ਘੂੰਮਣ ਫਿਰਨ ਲੱਗੇ ਅਤੇ ਸ਼ੋਰ ਕਰਨ ਲਗੇ । ਰਣ-ਨਾਦ ਵੱਜੇ ।

Digitized by Panjab Digital Library | www.panjabdigilib.org

All the warriors tying swooned in the battle-field were cured and became hale and hearty. They rambled like nymphs in heaven, shrieked and shouted. The martial tune was played on trumpets.

587

ਤਾਗੜ ਦੰਗ ਤੀਰੰ ਛਾਗੜ ਦੰਗ ਛੁਟੇ ॥
ਗਾਗੜ ਦੰਗ ਗਾਮੀ ਜਾਗੜ ਦੰਗ ਜੁੱਟੇ ॥
ਖਾਗੜ ਦੰਗ ਖੱਤੇ ਮਾਗੜ ਦੰਗ ਸੋਏ ॥
ਪਾਗੜ ਦੰਗ ਪਾਕ ਸ਼ਾਹੀਦ ਹੋਏ ॥

ਵੱਡੇ ਵੱਡੇ ਜਰਨੈਲ ਫਿਰ ਲੜਨ ਲਗੇ। ਤੀਰਾਂ ਦੀ ਬੁਛਾੜ ਹੋਈ ਬੜੇ ਸੂਰਬੀਰ ਮਾਰੇ ਗਏ ਅਤੇ ਸ਼ਹੀਦ ਹੋ ਗਏ ।

The wellknown generals and commanders ensued the fight. The volleys of arrows were showerd. Innumerable mighty warriors were killed, and martyred.

588

ਕਲਸ ॥

ਮੱਚੇ ਸੂਰ ਬੀਰ ਬਿਕ੍ਰਾਰੰ ॥
ਨੱਚੇ ਭੂਤ ਪ੍ਰੇਤ ਬੈਤਾਰੰ ॥
ਝਮ ਝਮ ਲਸਤ ਕੋਇ ਕਰਵਾਰੇ ॥
ਝਲ ਹਲੰਤ ਉਜੱਲ ਅਸਿਧਾਰੇ ॥

ਬਹੁਤ ਭਿਆਨਕ ਘੋਰ ਯੁਧ ਹੋਇਆ । ਮਰੇ ਹੋਏ ਸੂਰਬੀਰ ਬੇਤਾਲ ਨੱਚਣ ਲਗੇ । ਟੁੱਡਾਂ ਤਲਵਾਰਾਂ ਬਿਜਲੀ ਦੀ ਤਰ੍ਹਾਂ ਲਿਸ਼ਕੀਆਂ, ਜੋਸ਼ ਵਿਚ ਯੋਧੇ, ਪਾਗਲ ਹੋਏ ਹੋਏ ਤਲਵਾਰਾਂ ਵਾਹੀ ਗਏ ਅਤੇ ਘਾਤ ਕਰੀ ਗਏ ।

Digitized by Panjab Digital Library | www.panjabdigilib.org

The fierced, dreadful and horrible battle ensued. The warriors, the headless trunks rushed wildly about. Innumerable sabres, flashed like lightning. Maddened with martial frenzy and flaming with fury, the warriors drew their fire like glittering sabres. They pruned off, chipped off and knocked off the enemy.

589

ਤ੍ਰਿਭੰਗੀ ਛੰਦ ॥

ਉਜੱਲ ਅਸਧਾਰੰ ਲਸਤ ਅਪਾਰੰ ॥
ਕਰਣ ਲੁਝਾਰੰ ਛਬਿਧਾਰੰ ॥
ਸੋਭਤ ਸ਼ਿਮਅਰੰ ਅਤਿ ਛਬਿ ਧਾਰੰ ॥
ਸੁਬਿੱਧ ਸੁਧਾਰੰ ਅਰਿਗਾਰੰ ॥
ਜੈ ਪੱਤ੍ਰੰ ਦਾਤੀ ਮਦਣੰ ਮਾਤੀ
ਸੁੱਣੰ ਭਾਤੀ ਜੈ ਕਰਣੰ ॥
ਦੁਜੱਨ ਦਲਹੇਤੀ ਅਛਲ ਜਯੰਤੀ
ਕਿਲ ਵਿਖ ਹੰਤੀ ਭੈ ਹਰਣੰ ॥

ਚਾਮ ਦੀ ਚਿੱਟੀ ਤਲਵਾਰ ਬਿਜਲੀ ਦੀ ਤਰ੍ਹਾਂ ਲਿਸ਼ਕੀ, ਸਰੀਰਾਂ ਅਤੇ ਸਸਤ੍ਰਾਂ ਨੂੰ ਕੱਟਦੀ ਹੋਈ ਅਨੂਪਮ ਰੂਪ ਵਿਚ ਸੋਭਾ ਦੇਣ ਲਗੀ। ਉਹ ਭੱਠੀ ਵਿਚ ਪਏ ਹੋਏ ਲੋਹੇ ਦੀ ਤਰ੍ਹਾਂ ਸੁਹੀ ਹੋਈ ਹੋਈ, ਉਤਮ ਢੰਗਾਂ ਦੁਆਰਾ, ਸਤਰੂ ਦਾ ਅਤੇ ਸਸਤ੍ਰਾਂ ਦਾ ਨਾਸ ਕਰਦੀ ਗਈ। ਸਤਰੂ ਦੇ ਦੱਲ ਉਤੇ ਵਿਜਯ ਬਖਸ਼ਨ ਵਾਲੀ, ਹੰਕਾਰ ਦੇ ਮਦਿ ਵਿਚ ਮਸਤ ਹੋਇਆਂ ਦਾ ਮਥਨ ਕਰਦੀ ਹੋਈ ਲਹੂ ਨਾਲ ਭਿੱਜ ਗਈ। ਦੁਰਜਨਾਂ ਦੇ ਦੱਲ ਦਾ ਨਾਸ ਕਰਨ ਵਾਲੀ, ਨਿਰਛਲਾਂ ਨੂੰ ਛਤਹ ਬਖਸ਼ਨ ਵਾਲੀ, ਦੁਖਾਂ ਤੇ ਕਲੇਸ਼ਾਂ ਨੂੰ ਭੰਜਨ ਵਾਲੀ, ਡਰ ਭਉ ਦੂਰ ਕਰਨ ਵਾਲੀ, ਤਲਵਾਰ ਦੀ ਸਾਰੇ ਜੈ ਜੈ ਕਾਰ ਉਚਾਰਨ ਲੱਗੇ।

Digitized by Panjab Digital Library | www.panjabdigilib.org

Rama the incarnate's bright sabre, flashed,
diffused brightness like storm of lightning,
chopped the bodies, stroke the arms, became
incomparably and magnificently radient, bathed in
blood and besmirched with gore, appeared like
red hot iron of the furnace.
Most skillfully and tactfuly, destroying the
enemy host, wreckening the most arrogant,
presumptuous and intoxicated warriors, was
drenched in blood. Destroyer of the enemy's vast
host, awarder of victory to the holy ones,
remover of the pain and affliction, annihilator
of the terror and aweful, such was the sword
of Rama, the incarnate, glorious and blissful.

590

ਕਲਸ

ਭਰ ਹਰੰਤ ਭਜ ਤਰਣ ਸੂਰੰ ॥
ਥਰ ਹਰ ਕਰਤ ਲੋਹ ਤਨ ਪੂਰੰ ॥
ਤੜ ਭੜ ਬੱਜੈ ਤਬਲ ਅਰ ਤੂਰੇ ॥
ਘੁੰਮੀ ਪੋਖ ਸੂਕਟ ਰਨ ਚੂਰੰ ॥

ਰਾਮ ਦੀ ਤਿਖੀ ਤਲਵਾਰ, ਦੈਂਤਾਂ ਦੇ ਦਲ ਨੂੰ ਮਾਰਦੀ ਗਈ,
ਸੂਰਮਿਆਂ ਦੇ ਸਿਰ ਧੜਾਂ ਤੋਂ ਅਲਗ ਕਰਦੀ ਗਈ । ਤੁਰੀ ਅਤੇ
ਤਬਲੇ ਤੜ ਭੜ ਕਰ ਕੇ ਵੱਜੇ, ਸੂਰਮੇ ਰਣ ਵਿਚ ਇਉਂ ਤਲਵਾਰ ਦਾ
ਨਾਚ ਕਰਨ ਲਗੇ ਜਿਵੇਂ ਰਾਸ ਨਰਤਕੀਆਂ ਘੁੰਮ ਘੁੰਮ ਕੇ ਕਰਦੀਆਂ ਹਨ ।
ਰਾਮ ਦੀ ਤਲਵਾਰ ਦੇ ਜੌਹਰ ਦੇਖ ਕੇ, ਕਵੱਚ ਪਹਿਨੇ ਹੋਏ ਸੂਰਮੇਂ
ਥਰ ਥਰ ਕੰਬਨ ਲਗੇ ।

The sharp rapier, of Rama, the incarnate,
stained, innumerable demons, chopped and
clipped their heads. Trumpets and clarionets

Digitized by Panjab Digital Library | www.panjabdigilib.org

blew fiercely. The warriors in harmoney
frolicked with sabres like royal dancers.
The heroes protected with armours trembled
to see the excellent feat of Rama
the icarnate.

591

ਤ੍ਰਿਭੰਗੀ ਛੰਦ ॥

ਘੁੰਮੀ ਰਣ ਹੂਰੰ ਨਭ ਝੜ ਪੂਰੰ
ਲੱਖ ਲੱਖ ਸੂਰੰ ਮਨ ਮੋਹੰ ॥
ਅਰੁਣ ਤਨ ਬਾਣੇ ਛਬ ਅਪ੍ਰਮਾਣੇ
ਅਤਿ ਦੁਤਿ ਖਾਣੇ ਤਨ ਸੋਹੰ ॥
ਕਾਛਨੀ ਸੁਰੰਗੰ ਛਬਿ ਅੰਗ ਅੰਗੰ
ਅਜਤ ਅਨੰਗੰ ਲਖ ਰੂਪੰ ॥
ਸਾਯਕ ਦ੍ਰਿਗ ਹਰਣੀ ਕੁਮਤਿ ਪ੍ਰਜਰਣੀ
ਬਅ ਬਰ ਬਰਣੀ ਬੁਧ ਕੂਪੰ ॥

ਬੁਧੀ ਦੇ ਖਜ਼ਾਨੇ, ਰਾਮ ਦੀ, ਤੇਜਮਈ ਤਲਵਾਰ ਹੂਰਾਂ ਦੀ ਤਰ੍ਹਾਂ ਨਚਦੀ ਹੋਈ ਜਿਵੇਂ ਹਨੇਰੀ ਨਾਲ ਪੱਤੇ ਡਿਗਦੇ ਹਨ, ਇਉਂ ਸਤਰੂਆਂ ਨੂੰ ਧਰਤੀ ਉਤੇ ਡੇਗਦੀ ਗਈ । ਲਖਾਂ ਸੂਰਮਿਆਂ ਦੇ ਮਨ ਨੂੰ ਮੋਹਦੀ ਹੋਈ, ਸੂਰਜ ਵਰਗੇ ਲਾਲ ਸੂਹੇ ਕਪੜੇ ਪਾ ਕੇ, ਐਨੀ ਸੁੰਦਰ ਲਗ ਰਹੀ ਸੀ ਕਿ ਕੋਈ ਤੁਲਨਾ ਉਸ ਦੀ ਅਪਾਰ ਸੁੰਦਰਤਾ ਨਾਲ ਨਹੀਂ ਦਿਤੀ ਜਾ ਸਕਦੀ । ਸੂਹੇ ਸੁੰਦਰ ਕਪੜੇ ਪਹਿਰੀ ਉਹ ਅਤਿ ਸੁੰਦਰ ਲਗ ਰਹੀ ਸੀ । ਉਸ ਦਾ ਅੰਗ ਅੰਗ ਸੋਭਾ ਦੇ ਰਿਹਾ ਸੀ । ਉਹ ਨਜ਼ਾਕਤ ਨਾਲ ਵਲ ਖਾਂਦੀ ਲਖਾਂ ਰੂਪਵਾਨ ਦੇ ਰੂਪ ਹਰਦੀ ਹੋਈ ਉਹਨਾਂ ਨੂੰ ਦੇਹ ਤੋਂ ਰਹਿਤ ਕਰਦੀ ਗਈ । ਤਿਖੇ ਤੀਰਾਂ ਵਰਗੇ ਨੇਤ੍ਰਾ ਵਾਲਿਆਂ ਨੂੰ ਕਟਦੀ ਹੋਈ, ਦੁਸਟਾਂ ਨੂੰ ਹਰਾਂਦੀ ਹੋਈ, ਉਹਨਾਂ ਨੂੰ ਪਤਿਆ ਦੀ ਤਰ੍ਹਾਂ ਝਾੜਦੀ ਗਈ ।

The sharp rapier of Rama, the most intelligent
and skilled in archery, danced like a tripper.
It moved like whirlwind chopped and reaped
the enemy. The demon host fell like leaves

Digitized by Panjab Digital Library | www.panjabdigilib.org

of trees. It appeared red hot like the sun. It excelled in appearance incomparable. Wearing the apparel of enemy blood it looked fine and lovely. It moved most delicately, clipped the most handsome and rendered them bodiless. Destroying the piercing and charming eyed, wrenching the wicked, defeated the enemy and pruned them like leaves.

592

ਕਲਸ :

ਕਵਲ ਬਦਨ ਸਾਯਕ ਮ੍ਰਿਗ ਨੈਣੀ ।
ਰੂਪ ਰਾਸ ਸੁੰਦਰ ਪਿਕ ਬੈਣੀ ॥
ਮ੍ਰਿਗ ਪਤਿ ਕਟ ਛਾਜਤ ਗਜ਼ ਗੈਣੀ ॥
ਨੈਨ ਕਟਾਛ ਮਲਹਿ ਹਰ ਲੈਣੀ ॥

ਅਤਿ ਨਾਜ਼ਕ ਤੀਰ ਵਰਗੇ ਤਿਖੇ ਨੈਣਾਂ ਵਾਲੀ ਹਰਨਾਖੀ, ਅਤੇ ਸੁੰਦਰ, ਮਿਠ ਬੋਲੀ, ਸ਼ੇਰ ਨੂੰ ਕੱਟ ਸਟਣ ਦੀ ਸਮਰਥਾ ਰਖਣ ਵਾਲੀ ਹਾਥੀ ਦੀ ਚਾਲ ਚਲਣ ਵਾਲੀ, ਨੈਣਾ ਰਾਹੀ ਮਨ ਨੂੰ ਮੋਹ ਲੈਣ ਵਾਲੀ, ਰਾਮ ਦੀ ਤਲਵਾਰ ਸੀ ।

Most delicate, with piercing fawn eyes, charming, sweet tongued, mighty enough to kill a lion, with elephantine gait, competent to win and charm the warriors with its bewitching eyes. Such was the sabre of Rama, the incarnate.

593

ਤ੍ਰਿਭੰਗੀ ਛਦ ॥

ਸੁੰਦ੍ ਮ੍ਰਿਗ ਨੈਣੀ ਸੁਰਪਿਕ ਬੈਣੀ
ਚਿਤ ਹਰ ਲੈਣੀ ਰਾਜ ਗੈਣੰ ॥

Digitized by Panjab Digital Library | www.panjabdigilib.org

ਮਾਧੁਰ ਬਿਧੁ ਬਦਨੀ ਸੁਬੁਧਿਨ ਸਦਨੀ
ਕੁਮੁਤਿ ਨਕਦਨੀ ਛਬਿ ਮੈਣੇ ॥
ਅੰਗ ਕਾ ਸੁਰੰਗੀ ਨਟਵਰ ਰੰਗੀ
ਝਾੜ ਉਤੰਗੀ ਪਗ ਧਾਰੈ ॥
ਬੰਸਰ ਗਜਰਾਰੈ ਪਹੁਚ ਅਪਾਰੈ
ਕਸਿ ਘੁੰਘਰਾਰੈ ਅਹਾਰੰ ॥

ਅਤਿ ਸੁੰਦਰ ਮ੍ਰਿਗਨਾਖੀ, ਮਿੱਠ ਬੋਲੀ, ਮਨਮੋਹਣੀ, ਹਾਥੀ ਦੀ ਚਾਲ ਵਾਲੀ, ਮਧੁ ਦੀ ਤਰ੍ਹਾਂ ਮਿੱਠੀ, ਚੰਦ੍ਰਮੁਖੀ, ਖੋਟੀ ਬੁਧੀ ਵਾਲਿਆਂ ਨੂੰ ਪਾਰ ਬ੍ਰਲਾਣ ਵਾਲੀ, ਦੁਸ਼ਟਾਂ ਨਾਲ ਯੁਧ ਮਦਨ ਕਰਨ ਵਾਲੀ । ਸੋਹਣੇ ਅੰਗਾਂ ਵਾਲੀ, ਗੋਲੀ ਦੀ ਤਰ੍ਹਾਂ ਤਿਖੀ ਚਲਣ ਵਾਲੀ । ਉਚਿਆਂ ਉਚਿਆ ਨੂੰ ਪੈਰਾਂ ਵਿਚ ਮਾਰ ਗਿਰਾਨ ਵਾਲੀ । ਵਡੇ ਵਡੇ ਰਾਜਿਆਂ ਨੂੰ ਜਿੰਨਾਂ ਨੇ ਨੱਕਾਂ ਵਿਚ ਬੇਸਰ, ਹੱਥਾਂ ਵਿਚ ਗਜਰੇ ਪਾਏ ਸਨ । ਜਿਨਾਂ ਦੇ ਵਾਲ ਘੁੰਘਰਾਲੇ ਸਨ, ਜਿਹੜੇ ਅਪਹੁੰਚ ਅਤੇ ਅਜਿਤ ਯੋਧੇ ਸਨ ਉਨਾਂ ਦਾ ਅਹਾਰ ਕਰਨ ਵਾਲੀ, ਅਜਿਹੀ ਰਾਮ ਦੀ ਤਲਵਾਰ ਸੀ ।

Very charming, fawn eyed sweet tongued, bewitching, with elephantine gait, sweeter than the honey, fairer than the moon, with perfect limbs, swift like bullet, such was the sword of Rama the incarnate. Destroyer of the foolish, annihilator of the wicked, the mighty, huge and lofty ons, vanquisher and blender with dust, the eminent, Kings adorned with beautiful earings armlets, and curly locks, consumer of the invincible unequabled and unparalleled. Such was the remarkable sword of Rama the incarnate.

Digitized by Panjab Digital Library | www.panjabdigilib.org

594

ਕਲਸ :

ਚੁਬਕ ਚਾਰੁ ਸੁੰਦ੍ ਛਬ ਧਾਰੰ ॥
ਠੌਰ ਠੌਰ ਮੁਕਤਨ ਕੇ ਹਾਰੰ ॥
ਕਰ ਕੰਗਨ ਪਹੁਚੀ ਉਜੀਆਰੰ ॥
ਨਿਰਖ ਮਦਨ ਦਤਿ ਹੋਤ ਸੁਮਾਰੰ ॥

ਚੁੰਬਕ ਵਾਗੂੰ ਆਪਣੀ ਸੁੰਦਰਤਾ ਵੰਨੇ ਖਿਚਣ ਵਾਲੀ, ਸਰਬ ਵਿਆਪਕ, ਮੁਕਤੀ ਵੰਡਨ ਵਾਲੀ, ਕੰਗਨ ਦੀ ਤਰ੍ਹਾਂ ਹੱਥ ਵਿਚ ਪਹਿਨੀ ਹੋਈ, ਚਮਕਦੀ ਹੋਈ ਦੁਸ਼ਮਨ ਕੋਲ ਪਹੁੰਚਦੀ, ਉਸ ਦਾ ਸੁੰਦਰ ਸਰੂਪ ਵੇਖ ਕੇ ਸਭ ਮੋਹੇ ਜਾਂਦੇ !

Charming and most attractive like
magnet, it bewitched every one. Present
every where, it liberated and released the enemy
from the bondage of life. Worn like bracelet
it flashed and reached the enemy to allure
him with its charm

595

ਤ੍ਰਿਭੰਗੀ ਛੰਦ ॥

ਸਭਤ ਛਬਿ ਧਾਰੰ ਕਚ ਘੁੰਘਰਾਰੰ
ਰਸਨ ਰਸਾਰੰ ਉਜਿਯਾਰੰ ॥
ਪਹੁਚੀ ਗਜ ਹਾਰੰ ਸਬਿਧਿ ਸੁਧਾਰੰ
ਮੁਕਤ ਨਿਹਾਰੰ ਉਰਧਾਰੰ ॥
ਸੋਹਤ ਚਖ ਚਾਰੰ ਰੰਗ ਰੰਗਾਰੰ
ਬਿੰਬਧ ਪੁਕਾਰੰ ਅਤਿ ਆਂਜੇ ॥
ਬਿਖਧਰ ਮਿਗ ਜੈਸੇ ਜਲਜਨ ਵੈਸੇ
ਸਸੀਅਰ ਜੈਸੇ ਸਰ ਆਂਜੇ ॥

Digitized by Panjab Digital Library | www.panjabdigilib.org

ਅਨੁਪਮ ਸੋਭਾ ਵਾਲੀ ਰਾਮ ਦੀ ਤਲਵਾਰ, ਘੁੰਘਰਾਲੇ ਕੇਸਾਂ ਵਾਲਿਆਂ ਨੂੰ ਰਸ ਲੈ ਲੈ ਕੇ ਮਾਰਦੀ ਗਈ। ਉਹ ਦੈਂਤ-ਰਾਜ, ਜਿੰਨਾਂ ਨੇ ਪਹੁੱਚੀਆਂ ਅਤੇ ਗਜਰੇ ਪਹਿਨੇ ਹੋਏ ਸਨ, ਉਨਾ ਦੀ ਅਕਲ ਨੂੰ ਸੁਧਾਰਦੀ ਹੋਈ ਮੁਕਤੀ ਬਖਸਦੀ ਗਈ। ਲਾਲ ਰੰਗ ਵਿਚ ਰੰਗੀ ਹੋਈ ਬੜੀ ਸੁੰਦਰ ਲਗ ਰਹੀ ਸੀ। ਉਹ ਉਸੇ ਥਾ ਉਤੇ ਕਈ ਪ੍ਰਕਾਰ ਨਾਲ ਪੁੱਜ ਜਾਂਦੀ ਜਿਥੇ ਦੈਂਤ ਸਨ ਅਤੇ ਉਨਾਂ ਨੂੰ ਪਛਾੜ ਸਟਦੀ। ਜਿਵੇਂ ਤੀਰਾਂ ਦੇ ਲਗਨ ਨਾਲ ਮ੍ਰਿਗ ਧਰਤੀ ਉਤੇ ਡਿਗਦੇ ਹਨ ਯਾ ਜਿਵੇਂ ਅੱਗ, ਜਨ ਸਮੂਹ ਨੂੰ ਜਲਾ ਦੇਂਦੀ ਹੈ, ਤਿਵੇਂ ਰਾਮ ਦੇ ਚੰਦ੍ਰਮਾ ਵਰਗੇ ਚਿਟੇ ਤੀਰ ਦੁਸਮਨਾਂ ਨੂੰ ਵਿੰਨੀ ਗਏ।

Fascinating and most charming sword of Rama the incarnate, relished and pruned the demons with curly locks. Liberated the fools devoid of intellect and wi-dom. Bathed them in blood. It smote, banged and killed the demons at all places. As the arrows pierce and kill the deer, as the fire devastate the vast host, Rama the in incarnate's moon like white arrows pierced and created havoc.

596

ਕਲਸ ॥

ਭਖ ਮੂੜ ਰਾਵਣ ਰਣ ਕ੍ਰੁਧੰ ॥
ਮਚਿਯੋ ਆਨ ਜੁੰਮਲ ਜਬ ਜੁੱਧੰ ॥
ਜੂਝੇ ਸਕਲ ਸੂਰਮਾ ਸੁੱਧੰ ॥
ਅਰਿਦਲ ਮੱਧ ਸਬਦ ਕਰ ਉਧੰ ॥

ਜਦੋਂ ਮੂਰਖ ਰਾਵਣ ਨਾਲ ਪ੍ਰਸਧਰ ਟਾਕਰਾ ਹੋਇਆ ਤਾਂ ਰਾਵਣ ਕ੍ਰੋਧ ਵਿੱਚ ਪਾਗਲ ਹੋ ਗਿਆ। ਸੁਧ ਬੁਧ ਵਿਸਾਰਦੇ ਹੋਏ ਸਾਰੇ ਸੂਰਮ ਜੂਝ ਗਏ। ਦੁਸਮਨ ਦੀ ਫੌਜ ਵਿਚ ਭਿਆਨਕ ਰੌਲਾ ਪਸਰ ਗਿਆ।

Digitized by Panjab Digital Library | www.panjabdigilib.org

When the foolish Ravana, the demon king, encountered with Rama the incarnate, he maddened with fury. Inadvertently, they fought furiously and lay inert on the ground. Great uproar, tumult and confusion spread in the enemy host.

597

ਤ੍ਰਿਭੰਗੀ ਛੰਦ ॥

ਧਾਯੋ ਕਰ ਕ੍ਰੁੱਧੰ ਸੁਭਟ ਬਿਰੁਧੰ ॥
ਗਲਤ ਸੁਬੁਧ ਰਹਿ ਬਾਣੰ ॥
ਕੀਨੰ ਰਣ ਸਥੰ ਨਚਤ ਕੱਬਧੰ
ਉਠਤ ਧੁਨਿ ਸ੍ਰੁੱਧੰ ਧਨ ਤਾਣੇ ॥
ਧਾਏ ਰਜਵਾਰੇ ਦ੍ਰੁਧੱਰ ਹਕਾਰੇ
ਸੁਬਾਣ ਪ੍ਰਹਾਰੇ ਕਰ ਕੋਪੰ ॥
ਘਾਇਨ ਤਨ ਰੱਜੇ ਦ੍ਰੁਪਗਨ ਭੱਜੇ ॥
ਸਨ ਹਰ ਗੱਜੇ ਪੱਗ ਰੋਪੰ ॥

ਮੂਰਖ ਰਾਵਣ ਕ੍ਰੋਧ ਵਿੱਚ ਭੀਰ ਪਕੜਕੇ ਨਸਿਆ ਅਤੇ ਯੋਧਿਆ ਨਾਲ ਲੜਨ ਲੱਗਾ । ਰਾਮ ਨੇ ਬੜੀ ਭਿਆਨਕ ਅਤੇ ਅਨੂਪਮ ਧਨੁਖ ਦੀ ਟੰਕਾਰ ਕੀਤੀ । ਰਾਜੇ ਅੱਗੇ ਵੱਧੇ, ਦੇ ਧਾਰੀਆਂ ਤਲਵਾਰਾਂ ਲੈ ਕੇ ਲੜਨ ਲੱਗੇ । ਰਾਮ, ਕ੍ਰੋਧ ਵਿੱਚ ਭੀਰਾਂ ਦੀ ਬਰਖਾ ਕਰਨ ਲੱਗੇ । ਦੁਸ਼ਮਨਾਂ ਨੂੰ ਰਹਿਰੇ ਆਓ ਲੱਗੇ । ਸ਼ਤਰੂ ਦੀ ਸੈਨਾ ਭੱਜ ਉਠੀ । ਵਾਨਰਾਂ ਦੀ ਸੈਨਾ ਕਿਲਕਾਂ ਮਾਰ ਕੇ ਗਰਜਨਾ ਕਰਨ ਲਗੀ ।

Foolish Rawana, the demon king, maddened with frenzy, rushed forth equipped with arrows. He volleyed showers of arrows upon Rama the incarnate. There upon, Rama the incarnate took up his formidable bow and twanged it fiercely. The other kings with

Digitized by Panjab Digital Library | www.panjabdigilib.org

double-edged swords proceeded ahead and fought furiously.
Rama the incarnate, also tornadoed the arrows and tormented the enemy. The enemy host was fatally wounded and thereupon took to heels. The Vanaras shouted in delight, and roared in applaud.

598

ਕਲਸ ॥

ਕਮਧਿਕ ਲੋਸ ਕੋਰ ਸਾਵਤ ਰਨ ਜੋਟੇ ॥
ਬਖਤਰ ਟੋਪ ਜਿਰੈ ਸਭ ਫੱਟੇ ॥
ਸਰ ਚਲੇ ਸਾਇਕ ਜਨ ਛੁਟੇ ॥
ਜਨਕ ਸਿਚਾਨ ਮਾਸ ਲਖ ਟੂਟੇ ॥

ਯਧ ਹੰਨ ਸੌਸ ਨਾਲ ਲੜਨ ਲੱਗੇ । ਕਵੱਚ ਅਤੇ ਟੋਪ ਆਦਿ ਸਭ ਕੁਝ ਟੁਟ ਗਏ । ਤੀਰ ਮਾਰਦੇ ਹੋਏ ਅੱਗੇ ਵਧਨ ਲੱਗੇ । ਇਓਂ ਦਸਮਨ ਦਾ ਮਾਸ ਭੁੰਜਨ ਲੱਗੇ, ਜਿਵੇ ਬਾਜ ਮਾਸ ਉਤੇ ਪੈਂਦਾ ਹੈ ।

Both the heroes fought fearlessly and undauntedly with terrible martial frenzy. The armours and helments were shattered. The vanaras advanced forth, showering, sharp arrows towards the demons. They pounced upon the enemy like a hawk on the flesh.

599

ਤ੍ਰਿਭੰਗੀ ਛੰਦ ॥

ਸਾਯਕ ਜਨ ਛੁਟੇ ਤਿਮ ਅਰਿ ਜੂਟੇ
ਬਖਤਰ ਫੁਟੇ ਸੰਬ ਜਿਰੰ ॥

Digitized by Panjab Digital Library | www.panjabdigilib.org

ਮਸ਼ਹਾਬ ਕੁਪਿਆਏ ਤਿਮਅਤਿ ਧਾਏ
ਮਾਰੂ ਨਜਾਇੰ ਨ ਵੰਡ ਫਿਰੇ ।
ਸਨਮੁਖ ਰਣ ਗਾਜੇ ਕਿਮਹੂੰ ਨ ਭਾਜੇ
ਲਖਮੁਰ ਲਾਜੇ ਚਰਣ ਰੰਗੰ ॥
ਜੈ ਜੈ ਧੁਨ ਕਰਹੀ ਪੁਹਪਨ ਡਰਹੀ
ਸੁਬਿਧਿ ਉਚਰਹੀ ਜੈ ਜੰਗੰ ॥

ਜਿਵੇਂ ਤੀਰ ਛੁੱਟਦੇ ਹਨ ਤਿਵੇਂ ਉਹ ਦੁਸ਼ਮਨ ਉਤੇ ਜਾ ਪਏ । ਦੁਸ਼ਮਨ ਦੇ ਬਖਤਰ, ਕਵਚ, ਅਤੇ ਬਾਹਵਾਂ ਉਤੇ ਪਾਏ ਹੋਏ ਲੱਹੇ ਦੇ ਕਛ ਸਭ ਟੁਟ ਗਏ । ਜਿਵੇਂ ਭੁਖੇ ਮਾਸ ਖੱਰੇ, ਮਾਸ ਉਤੇ ਜਾ ਪੈਂਦੇ ਹਨ ਤਿਵੇਂ ਸਤਰੂ ਉਤੇ ਜਾ ਪਏ, ਫੱਰ ਫੇਰ ਕੇ ਸ਼ਤਰੂ ਨੂੰ ਨਚਾਣ ਲੱਗੇ । ਆਹਮੋ ਸਾਹਮਣੇ ਹੋ ਕੇ ਲੜਣ ਲੱਗੇ । ਪਰ ਸਾਹਮਣੇ ਦੇਵਤਿਆਂ ਦੀ ਫੌਜ ਦੇਖ ਕੇ ਲਜਿਆ ਗਏ । ਦੇਵਤਿਆਂ ਨੇ ਉਹਨਾਂ ਨੂੰ ਮਾਰ ਦਿਤਾ । ਖੂਨ ਦੇ ਰੰਗ ਰੰਗ ਦਿਤਾ । ਦੇਵਤੇ ਨੇ ਜੈ ਜੈ ਕਾਰ ਦੇ ਨਾਹਰੇ ਲਾਏ । ਫੁਲਾਂ ਦੀ ਵਰਖਾ ਕੀਤੀ ਅਤੇ ਇਸ ਅਨੂਪਮ ਜੰਗ ਦੀ ਮਹਿਮਾ ਗਾਉਣ ਲੱਗੇ ।

They sallied forth like arrows, shattered
the armours of the enemy. They pounced like
wild animals and fought marvellously.
They fought the combat and duel remarkably
well. They put to sword the enemy host. The
gods applauded and cheered.
They rained flowers and praized the
remarkable and most marvellous battle.

600

ਕਲਸ ॥

ਮੁਖ ਤੰਬੋਰ ਅਰ ਰੰਗ ਸੁਰੰਗੰ ॥
ਨਿਡਰ ਕੁਮੰਤ ਭੂਮਿ ਉਹ ਜੰਗੰ

Digitized by Panjab Digital Library | www.panjabdigilib.org

ਲਿਪਤ ਮਲੈ ਘਨਸਾਰ ਸੁਰੰਗੰ ॥
ਰੂਪ ਵਾਨ ਗਤਿ ਵਾਨ ਉਤੰਗੰ ॥

ਯੋਧਿਆਂ ਦੇ ਮੂੰਹ ਇਉਂ ਲਾਲ ਹੋਏ ਹੋਏ ਸਨ ਜਿਵੇਂ ਪਾਨ ਖਾਧਾ ਹੋਵੇ । ਲਹੂ ਦੇ ਰੰਗ ਵਿੱਚ ਰੰਗੇ ਉਹ ਜੰਗ-ਭੂਮਿ ਵਿਚ ਨਿਡਰ ਹੋ ਕੇ ਫਿਰਨ ਲੱਗੇ । ਇਉਂ ਜਾਪਦਾ ਸੀ ਜਿਵੇਂ ਉਹਨਾਂ ਨੇ ਸਰੀਰ ਨੂੰ ਕਪੂਰ ਮਲਿਆ ਹੋਵੇ । ਬੜੇ ਰੂਪਵਾਨ ਅਤੇ ਸੋਹਣੇ ਲੱਗ ਰਹੇ ਸਨ ।

The mouths of the warriors were red as if they had taken betel leaf, Bathed in blood they rambled undautedly in the bttlefield. It appearedas as if they had applied red colour on their bodies, but they appeared terribly charming.

601

ਤ੍ਰਿਭੰਗੀ ਛੰਦ ॥

ਤਨ ਸੁਕਤ ਸੁਹੰਗੰ ਛਬਿ ਅੰਗ ਅੰਗੰ
ਲਸਤ ਅਨੰਗੰ ਲਖ ਨੈਣੰ ॥
ਸੋਭਿਤ ਕਚਕਾਰੇ ਅਤਿ ਘੁੰਘਰਾਰੇ
ਰਸਨ ਰਸਾਰੇ ਮ੍ਰਿਦੁ ਬੈਣੰ ॥
ਮੁਖ ਛਕਤ ਸੁਬਾਸੰ ਦਿਨਸ ਪ੍ਰਕਾਸੰ
ਜਨ ਸਸਿ ਭਾਸੰ ਤਸ ਸੋਭੰ ॥
ਰੀਝਤ ਚਖ ਚਾਰੰ ਸਰ ਪ੍ਰਭ ਪਿਯਾਰੰ
ਦੇਵ ਦਿਵਾਰੰ ਲਖ ਲੋਭੰ ॥

ਜਿਹੜੇ ਯੋਧਿਆ ਦੇ ਸਰੀਰ ਅੱਤ ਸੁੰਦਰ ਸਨ, ਜਿਨਾ ਦਾ ਅੰਗ ਅੰਗ ਨੈਣਾ ਨੂੰ ਪਿਆਰਾ ਲਗਦਾ ਸੀ । ਜਿਨਾਂ ਨੇ ਹਥਾਂ ਵਿੱਚ ਕੰਗਨ ਪਹਿਨੇ ਹੋਏ ਸਨ । ਜਿਨਾਂ ਦੇ ਵਾਲ ਘੁੰਗਰਾਲੇ ਸਨ । ਜਿੰਨਾ ਦੇ ਬੋਲ ਅੱਤ ਮਿੱਠੇ ਅਤੇ ਕੋਮਲ ਸਨ ।

Digitized by Panjab Digital Library | www.panjabdigilib.org

ਜਿਨਾਂ ਨੇ ਅਤਿਯੰਤ ਸੁੰਦ੍ਰ ਪੁਸ਼ਾਕਾਂ ਪਹਿਣੀਆਂ ਹੋਈਆਂ ਸਨ । ਜਿਹੜੇ ਸੂਰਜ ਵਾਂਗ ਪ੍ਰਕਾਸ਼ ਮਾਨ ਅਤੇ ਚੰਦਮਾ ਦੀ ਤਰ੍ਹਾਂ ਸੋਭਾ ਦੇਂਦੇ ਸਨ । ਜਿਨਾਂ ਦੇ ਸੁੰਦ੍ ਨੈਣ ਦੇਖ ਕੇ ਮਨ ਮੋਹਿਆ ਜਾਂਦਾ ਸੀ, ਉਹ ਦੇਵਤਿਆਂ ਦੇ ਵੈਰੀ, ਦੈਂਤ, ਮੁਦਰਾ ਨੂੰ ਪਹੁੰਚਾਏ ਗਏ ।

The charming and most attractive warriors, whose each portion of the body was most bewitching and alluring, who wore beautiful braclets in arms, who had most fascinating locks of curly hair, whose sweet and soft words were honey dipped, who were attired in costly and precious robes, who were bright and radient like the sun, who were glorious and fair like the moon, whose lotus like eyes, enchanted and fascinated the most, the foes of the gods, the mighty demons were killed and dispatched to heaven.

602

ਕਲਸ :

ਚੰਦ ਹਾਸ ਏਕੰਕਰ ਧਾਰੀ ॥
ਦੁਤੀ ਧੌਪ ਸਹਿ ਤ੍ਰਿਤੀ ਕਟਾਰੀ ॥
ਚਤ੍ਰਥ ਹਾਥ ਸੋਹੰਬੀ ਉਜਿਆਰੀ ॥
ਗੱਫਨ ਗੁਰਜ ਕਰਤ ਚਮਕਾਰੀ ॥

ਰਾਵਣ ਦੇ ਇੱਕ ਹੱਥ ਵਿੱਚ ਚੰਦ੍ਹਾਸ੍, ਉਹ ਖਾਸ ਤਲਵਾਰ ਫੜੀ ਸੀ ਜਿਹੜੀ ਉਸ ਨੂੰ ਸਿਵਜੀ ਤੋਂ ਪ੍ਰਾਪਤ ਹੋਈ ਸੀ । ਦੂਸਰੇ ਹੱਥ ਵਿੱਚ ਸਿੱਧੀ ਪਤੱਲੀ ਤਲਵਾਰ, ਧੌਪ ਸੀ ।

Digitized by Panjab Digital Library | www.panjabdigilib.org

ਸੀਸ ਹੱਥ ਵਿਚ ਤਲਵਾਰ, ਦੱਸ ਹੱਥ ਵਿਚ ਵੱਡੀ-ਵੱਡੀ ਗਦਾ ਸੀ ਅਤੇ ਪੰਜਾਂ ਹੱਥ ਵਿਚ ਹੋਰ ਹਥਿਆਰ ਫੜੇ ਹੋਏ ਸਨ। ਛੇਵੇਂ ਵਿੱਚ ਗੁਰਜ ਫੜਿਆ ਹੋਇਆ ਸੀ।

Ravana, the twenty armed demon king, held in one hand, his special sword attained from Lord Shiva. In the second hand, he held a fine rapier, in the third a dagger and in the fourth hand he held a dart, in the fifth hand he held a sling for throwing ball, and in the sixth hand he had a mace.

603

ਤ੍ਰਿਭੰਗੀ ਛੰਦ ॥

ਧਰੇ ਸਹਸ ਕਾਰੀ ਗਦਾ ਉਡਾਰੀ
ਤ੍ਰਿਸੂਲ ਸੁਧਾਰੀ ਖੁਰਕਾਰੀ ॥
ਜਬੁਵਾ ਅਰਬਾਨੰ ਸੁਕਸਿ ਕਮਾਨੰ
ਚਰਮ ਅਨੂਪੰ ਧਰ ਕਾਰੀ ॥
ਪੰਦ੍ਰਏ ਰਾਲੇਲੰ ਪਾਸ ਅਮੋਲੰ
ਪਰਸ ਅਡੋਲੰ ਰਥ ਨਾਲੰ ॥
ਬਿਛੂਆ ਪਹਰਾਯੰ ਪਟਾ ਕੁਮਾਯ
ਜਿਮ ਜਿਮ ਧਾਯੰ ਬਿਕ੍ਰਾਲੰ ॥

ਰਾਵਣ ਦੇ ਸਤਵੇਂ ਹੱਥ ਵਿਚ ਖੰਡਾ, ਅਠਵੇਂ ਵਿੱਚ ਗਦਾ, ਨੌਵੇਂ ਵਿੱਚ ਤ੍ਰਿਸੂਲ, ਦਸਵੇਂ ਵਿੱਚ ਛੁਰੀ, ਗਿਆਰਵੇਂ ਹੱਥ ਵਿਚ ਜੋੜਿਆ, ਬਾਰਵੇਂ ਵਿਚ ਤੀਰ, ਤੇਰਵੇਂ ਵਿਚ ਨਾਲੀ ਕਮਾਨ, ਚੌਦਵੇਂ ਹਥ ਵਿੱਚ ਢਾਲ, ਪੰਦ੍ਰਵੇਂ ਹੱਥ ਵਿੱਚ ਗੁਲੇਲ, ਸੋਲ੍ਹਵੇਂ ਵਿੱਚ ਮਾਲਾ, ਸਤਾਰਵਾਂ ਵਿੱਚ ਕੁਹਾੜ, ਅਠਾਰਵੇਂ ਹਥ ਵਿਚ ਹਲ ਨਾਲੇ, ਅਬਦਾ ਬੰਨ੍ਹ ਖੜੀ ਹੋਈ ਸੀ, ਉਨੀਵੇਂ ਹੱਥ ਵਿੱਚ ਬਿਛੂਆ ਅਤੇ ਵੀਹਵੇਂ ਹਥ ਵਿਚ ਖਿਚ ਫੜੀ ਹੋਈ ਸੀ। ਇਸ ਤਰ੍ਹਾਂ ਉਹ ਬਿਕ੍ਰਾਲ ਰੂਪ ਧਾਰਨ ਕਰੀ ਅੱਗੇ ਧਾਇਆ।

Digitized by Panjab Digital Library | www.panjabdigilib.org

Ravana held khanda, the double edged
sinitar, in his his seventh hand, in the
eighth hand he held a club, in the ninth
hand held a Trisul, in the tenth hand he
held a sharp knife, in the eleventh hand
he held a Jambura, in the twelveth hand he
held arrows, and in the thirteenth hand, he had
a formidable bow, in the fourteenth hand,
a heavy shield, in the fifteenth hand, a
a pellet-bow, in the sixteenth hand a noose,
in the seventeenth hand an axe,
in the eighteenth hand he held an auto-gun,
in the nineteenth hand a dagger,
in the twentieth hand he held a sabre.
In this way in a horrible and dreadful
appearance he rushed forth.

604

ਕਲਸ :

ਸਿਵ ਸਿਵ ਸਿਵ ਮੁਖ ਏਕ ਉਚਾਰੰ ॥
ਦੂਤੀਯ ਪ੍ਰਭਾ ਜਾਨਕੀ ਨਿਹਾਰੰ ॥
ਤ੍ਰਿਤੀਯ ਭੁੰਡ ਸਭ ਸੁਭਟ ਪਕਾਰੰ ॥
ਚਤ੍ਰਥ ਕਰਤ ਮਾਰਹੀ ਮਾਰੰ ॥

ਦਹਿ ਸਿਰ ਰਾਵਣ ਦਾ ਇਕ ਮੁੰਹ ਸਿਵ ਦਾ ਜਾਪ ਕਰ ਰਿਹਾ ਸੀ । ਦੂਸਰਾ ਜਾਨਕੀ ਦੀ ਸੁੰਦਰਤਾ ਨਿਹਾਰ ਰਿਹਾ ਸੀ। ਤੀਸਰਾ ਯੋਧਿਆ ਨੂੰ ਲਲਕਾਰ ਰਿਹਾ ਸੀ । ਚੋਥਾ ਮਾਰ ਹੀ ਮਾਰ ਪੁਕਾਰ ਰਿਹਾ ਸੀ ।

Ravana the ten headed, chanted the name
of Shiva with one mouth, with the second, he
beheld the charming Janaki, with the third, he

Digitized by Panjab Digital Library | www.panjabdigilib.org

challenged the warriors and with the fourth he was shouting, "kill them, kill them."

605

ਤ੍ਰਿਭੰਗੀ ਛੰਦ ॥

ਪਚਏ ਹਨਵਤ ਲਖਦੂਤਿ ਮੰਤ
ਸਬਲ ਦੁਰੰਤ ਤਜ ਕਲਿਣੰ ॥
ਛਠਏ ਲਖ ਕ੍ਰਾਤ ਤਕ ਤਪ ਪਾਤ
ਲਗ ਤਨ ਘਾਤ ਜੋਯ ਜਲਣੰ ॥
ਸਤਏ ਲਖ ਰਘੁਪਤਿ ਕਪ ਦਲ ਅਧਪਤਿ
ਸੁਭਟ ਬਿਕਟ ਮਤਿ ਜੁਤ ਕ੍ਰਾਤੰ ॥
ਅਠਿਓ ਸਿਰ ਢੱਰੰ ਨਵਮਿ ਨਿਹੱਰੇ
ਦਸਯਨ ਬੰਰੇ ਰਿਸਰਾਤੰ ॥

ਰਾਵਣ ਦਾ ਪੰਜਵਾ ਸਿਰ ਹਨੂਮਾਨ ਦੀ ਅਨੂਪਮ ਸੋਭਾ, ਸ਼ਿੰਗਾਰ-ਸੋਕੜੀ ਅਤੇ ਪ੍ਰਚੰਡ ਮੰਗਲ ਰੂਪ ਦੇਖ ਰਿਹਾ ਸੀ। ਛੇਵਾਂ ਸਿਰ, ਆਪਣੇ ਭਰਾ ਵਭੀਖਣ ਨੂੰ ਦੇਖ ਕੇ ਗੁੱਸੇ ਦੇ ਵਿੱਚ ਤਲਮਲਾ ਰਿਹਾ ਸੀ ਜਿਹੜਾ ਉਸ ਦੇ ਪਤਨ ਦਾ ਕਾਰਨ ਬਣਿਆ, ਜਿਸ ਦੇ ਕਰ ਕੇ ਉਸ ਦਾ ਜੀਅ ਜਲਨ ਲਗਾ ਅਤੇ ਤਨ ਉਤੇ ਗਹਿਰੇ ਘਾਉ ਲਗੇ। ਸਤਵਾਂ ਸਿਰ, ਰਘੁਪਤਿ ਰਾਮ, ਕਪਿ ਦਲ ਦੇ ਨੇਤਾ ਅਤੇ ਯੋਧੇ ਨੂੰ ਵੇਖ ਰਿਹਾ ਸੀ ਜਿਨ੍ਹਾਂ ਨਾਲ ਉਨ੍ਹਾਂ ਦਾ ਖੋਟੀ ਬੁਧਿ ਵਾਲਾ ਭਰਾ ਜਾ ਕੇ ਮਿਲ ਗਿਆ ਸੀ। ਅੱਠਵਾਂ ਸਿਰ ਪਸ਼ੂ ਦਾ ਸੀ, ਨੌਵਾਂ ਬੇਨਤੀਆ ਕਰ ਰਿਹਾ ਸੀ ਅਤੇ ਦਸਵਾਂ ਸਿਰ ਪਾਗਲਾਂ ਵਾਂਗੂ ਗੁੱਸੇ ਵਿਚ ਤੱਤਾ ਹੋਇਆ ਹੋਇਆ ਸੀ।

The fifth head of Ravana, the ten headed, was beholding the marvellous appearance of Hanumana and his strength, radience and blissfull apparition.
The sixth head was looking at his real brother Vabhishna, who was responsible for his downfall. He felt irritated, wounded

Digitized by Panjab Digital Library | www.panjabdigilib.org

and extremely angry to see the treacherous brother.

The seventh head beheld Rama, the incarnate, the commander of the Kapi host, the tenacious warrior, with whom his foolish demon brother had joined hands. The eighth head was the most irrational and foolish which was the cause of his downfall. The ninth head was making entreaties, while the tenth head was mad with fury.

606

ਚਬੋਲਾ ਛੰਦ ॥

ਪਾਏ ਮਹਾਂਬੀਰ ਸਾਧੈ ਸਿਤੰ ਤੀਰ
ਕਾਛੇ ਰਣ ਚੀਰ ਬਾਨਾ ਸੁਹਾਏ ॥
ਰਵਾਂ ਕਰਦ—ਮਰਕਬ ਯਲੇ ਤੇਜ ਇਮਸਬ
ਚੂੰ ਤੰਦ ਅਜ ਦਹੋ ਮਿਆਂ ਜੰਗ ਹਾਏ ॥
ਭਿੜੇ ਆਇ ਈਹਾਂ ਬੁਲੋ ਬੰਣ ਕੀਹਾਂ
ਕਰੇ ਘਾਇ ਜੀਹਾਂ ਭਿੜੇ ਭੰਜ ਭੱਜੇ ॥
ਪਿਯੇ ਪੋਸਤਾਨੇ ਭਢੇ ਰਾਬੜੀਨੇ
ਕਹਾਂਛੈ ਅਨੀ ਰੋਧਨੀਨੇ ਨਿਹਾਰੈਂ ॥

ਇਉਂ ਉਹ ਮਹਾਨ ਯੋਧਾ, ਰਾਵਨ, ਯੁਧ ਭੂਮੀ ਵਿਚ ਆਇਆ । ਉਸ ਨੇ ਚਿੱਟੇ ਤੀਰ ਮਾਰ ਮਾਰ ਕੇ ਯੋਧਿਆਂ ਨੂੰ ਚੀਰ ਸੁਟਿਆ । ਉਹ ਰੱਥ ਉਤੇ ਸ਼ਆਰ ਹੋ ਕੇ ਤੇਜੀ ਨਾਲ ਨਸਦਾ ਦੌਇਆ ਜੋਰ ਵਿੱਚ ਇਉਂ ਆਇਆ ਜਿਵੇਂ ਗੁਸੇ ਦੇ ਵਿੱਚ ਅਜਗਰ ਆਉਂਦਾ ਹੈ । ਆਣ ਕੇ ਭਿੜਣ ਲਗਾ ਅਤੇ ਕਹਿਣ ਲੱਗਾ, "ਕਿਥੇ ਹੈ, ਉਹ ਰਾਮ, ਜਿਸ ਨੇ ਆਪਣੇ ਤੀਰਾਂ ਨਾਲ ਮੈਨੂੰ ਦਖਮੀ ਕੀਤਾ ਹੈ ।" ਭੇੜੂ ਦੀ ਤਰ੍ਹਾਂ ਉਹ ਲੜਨ ਲਗਾ । ਪੋਸਤ ਪੀ ਕੇ, ਰਾਬੜੀ ਖਾ ਕੇ ਕਹਿਣ ਲਗਾ, "ਉਹ ਕਿਥੇ ਹੈ ? ਜਿਸ ਨੇ ਅਣੀਆਂ ਵਾਲੇ ਨੋਕਦਾਰ ਤੀਰ ਚਲਾਏ ਹਨ ।"

Digitized by Panjab Digital Library | www.panjabdigilib.org

There upon the mighty warrios, Ravana, the demon king, entered the battle-field and showered white arrows, on the warriors lying them inert on the ground. Riding the chariot he dashed towards the field like au infuriated python, and said, "where is Rama, the incarnate, who rendered wounds on me with his arrows ?" Like herd of lambs he rushed forth. Intoxicated with infusion of poppy heads and thickened milk he asked, "Where is he who has pierced me with sharp arrows."

607

ਗਾਜ ਜਹਾਂ ਸੂਰ ਘੂੰਮੀ ਰਣੰ ਚੂਰ
ਭੂਮੀ ਨਭੰ ਪੂਰ ਬੇਖੰ ਅਨੂਪੰ ॥
ਦਲੇ ਵਲ ਸਾਂਈ ਜੀਵੀ ਜੁਗਾਂ ਤਾਂਈ
ਤੇ ਤੇ ਘੋਲੀ ਜਾਈ ਅਲਾਵੀ ਐਸੇ ॥
ਲਗੋ ਲਾਰਥਾਨੰ ਬਰੇ ਰਾਜ ਮਾਨੇ
ਕਹੋ ਔਰ ਕਾਨੇ ਹਠੀ ਛਾਡ ਖੋਸੰ ॥
ਬਰੋ ਆਨ ਮੋਕੋ ਭਜੇ ਆਨ ਤੋ ਕੋ
ਚਲੋ ਦੇਵ ਲੋ ਕੋ ਤਜੇ ਬੇਗ ਲੰਕਾ ॥

ਵੱਡੇ ਵੱਡੇ ਯੋਧੇ ਗਰਜਣ ਲਗੇ । ਰਣ ਵਿੱਚ ਹੂਰਾਂ ਦੀ ਤਰ੍ਹਾਂ ਨੱਚੱਣ ਲਗੇ । ਸ਼ਿਵਜੀ ਦੀ ਤਰ੍ਹਾਂ ਘੂੰਮਨ ਲੱਗੇ । ਆਪਣੀ ਤਲਵਾਰ ਨੂੰ ਸੰਬੋਧਨ ਕਰਕੇ ਕਹਿਣ ਲੱਗੇ, "ਸ਼ਾਲਾ : ਤੇਰਾ ਸਾਂਈ ਜੁਗ ਜੁਗ ਜੀਵੇ, ਤੈਥੋਂ ਘੋਲੀ ਜਾਈਏ । ਕੁਝ ਕਰਤੇ ਵਿਖਾ ।" ਤਾਂ ਤਲਵਾਰ ਰਾਵਣ ਨੂੰ ਸੰਬੋਧਨ ਕਰ ਕੇ ਬੋਲੀ, "ਹੇ ਰਾਜਨ, ਅਜ ਮੈਂ ਤੇਰੇ ਲਡ ਲਗਦੀ ਹਾਂ, ਤੇਰੇ ਵਰਗੇ ਹੱਠੀ ਨੂੰ ਛਡ ਕੇ

Digitized by Panjab Digital Library | www.panjabdigilib.org

ਹੋਰ ਕਿਸ ਦੇ ਲੜ ਲਗਾਂ, ਅਜ ਮੈਨੇ ਤਾਲ ਠਾਹੀ ਹੈ, ਮੈਂ ਤੇਰੇ
ਸਦਾ ਯਾਦ ਰਖਾਂਗੀ । ਚਲ ਜਲਦੀ ਲਾਲ ਲੰਕਾ ਨੂੰ ਛਡ ਕੇ ਦੇਹ
ਲੋਕ ਚਲ।"

The mighty warriors moved swifty in the battle-fields, like the dancing girls. Addressing their swords they said, "May your Lord be blessed, till eternity; we dedicate our lives to you, O the mighty one, perform some remarkable deed today." The sword spoke to Ravana, "O my Lord : I beseach your honoured company to-day. Leaving you, the most arrogant One, my Lord, whom else can I wed ? Do wed me and proceed to heavens leaving Lanka behind."

608

ਸਵੈਯਾ ਅਨੰਤ ਤੁਕਾ॥

ਰੋਸ ਭਰਯੋ ਤਜ ਹੋਸ ਨਿਸਾਚਰ
ਸ੍ਰੀ ਰਘੁਰਾਜ ਕੋ ਘਾਇ ਪ੍ਰਹਾਰੇ॥
ਜੋਸ ਵਡੋ ਕਰ ਕੋਸਲਿਸੰ
ਅਧਬੀਚ ਹੀ ਤੇ ਸਰ ਕਾਟ ਉਤਾਰੇ॥
ਫੇਰ ਵਡੋ ਕਰ ਰੋਸ ਦਿਵਾਰਦਨ
ਧਾਇ ਪਰੈ ਕਪਿ ਪੁੰਜ ਸੰਘਾਰੈਂ॥
ਪਟਸ ਲੋਹ ਹਥੀ ਪਰ ਸੰਘੜੀਏ
ਜੰਬੁਏ ਜਮ ਦਾੜ ਚਲਾਵੈਂ॥

ਇਹ ਸੁਣ ਕੇ ਰਾਵਣ ਨੂੰ ਬੜਾ ਗੁੱਸਾ ਆਇਆ । ਉਸ ਨੇ ਪਾਗਲ-ਪਨ ਵਿਚ ਰਾਮ ਉਤੇ ਹਮਲਾ ਕੀਤਾ । ਰਾਮ ਨੂੰ ਵੀ ਬੜਾ ਜੋਸ਼ ਆਇਆ । ਉਸ ਨੇ ਰਾਵਣ ਦੇ ਤੀਰਾਂ ਨੂੰ ਰਾਹ ਵਿੱਚ ਹੀ ਕੱਟ ਦਿਤਾ । ਫੇਰ ਰਾਵਣ ਦੈਂਤ ਨੇ ਬੜੇ ਜੋਸ਼ ਨਾਲ, ਕਪੀ ਦਲ ਉਤੇ ਹਮਲਾ ਕੀਤਾ,

Digitized by Panjab Digital Library | www.panjabdigilib.org

ਉਸ ਦਾ ਬੜਾ ਸੰਘਾਰ ਕੀਤਾ । ਰਾਵਣ ਖੰਡਾ, ਬਰਛੀ ਅਤੇ ਜੰਬੂਟੇ । ਆਦਿ ਨਾਲ ਪ੍ਰਹਾਰ ਕਰਨ ਲਗਾ ।

There upon Ravana became enraged, maddened in martial frenzy, he assaulted Rama, the incarnate, with a venomous weapon. With a single shaft, Rama the incarnate cut his weapon in beteewn, with ragained fury, Ravana made fierce attack on the Kapi host, with double edged scimitar, Sabre and Jambua, all at once.

609

ਚਬੋਲਾ ਸਵੈਯਾ ॥

ਸ੍ਰੀ ਰਘੁਰਾਜ ਸਰਾਸਨ ਲੈ ਰਿਸ
ਠਾਨ ਘਨੀ ਰਨ ਬਾਨ ਪ੍ਰਹਾਰੇ॥
ਬੀਰਨ ਮਾਰ ਦੁਸਾਰ ਗਏ
ਸਰ ਅੰਬਰ ਤੇ ਬਰਸੇ ਜਨ ਓਰੇ ॥
ਬਾਜ ਗਜੋਰਥ ਸਾਜ ਗਿਰੇ
ਧਰ ਪੱਰ੍ਹ ਅਨੇਕ ਸੁਕਉਣ ਗਣਾਵੈ॥
ਫਾਗਨ ਪਉਨ ਪ੍ਰਚਡ ਬਹੰ
ਬਨ ਪਤ੍ਰਨ ਤੇ ਜਨ ਪਤ੍ਰ ਉਡਾਵੈ ॥

ਉਸ ਵੇਲੇ ਸ੍ਰੀ ਰਘੁਰਾਜ ਨੇ ਹੱਥ ਵਿੱਚ ਮਹਾਨ ਧਨੁਖ ਲੈ ਕੇ, ਜੋਸ਼ ਅਤੇ ਸਾਰੀ ਸਕਤੀ ਨੂੰ ਕੇਂਦਰਿਤ ਕਰ ਕੇ, ਅਜਿਹੇ ਬਾਨ ਮਾਰੇ ਕਿ ਦੈਂਤਾਂ ਨੂੰ ਦੁਸਾਰ ਪਾਰ ਕਰ ਗਏ । ਤੀਰ ਇਉਂ ਬਰਸੇ ਜਿਵੇਂ ਅੰਬਰ ਤੋਂ ਗੜੇ ਵਰ੍ਹਦੇ ਹਨ। ਘੋੜੇ, ਹਾਥੀ ਰੱਥ ਅਤੇ ਉਨ੍ਹਾਂ ਦਾ ਸਾਜ ਆਦਿ ਸਭ ਕੁਝ ਧਰਤੀ ਉਤੇ ਡਿਗ ਪਿਆ ਜਿਹੜਾ ਗਿਨਣਾ ਕਠਿਨ ਹੈ, ਪਰ ਇਉਂ ਕਹੋ ਜਿਵੇਂ ਫਗਣ ਦੀ ਤਿਖੀ ਪਉਣ, ਬਨ ਦੇ ਪੱਤੇ ਆਦਿ ਉਡਾ ਕੇ ਲੈ ਜਾਂਦੀ ਹੈ ਤਿਵੇਂ ਤੀਰਾਂ ਨੇ ਦੈਂਤਾਂ ਨੂੰ ਉੜਾ ਦਿਤਾ ।

Digitized by Panjab Digital Library | www.panjabdigilib.org

There upon, Rama, the incarnate, with all the physical and divine powers at his command, twanged the formidable bow and discharged volleys of arrows on the enemy, like hail-storm, which pierced the enemy through and through. The horses, elephants, chariots, the armours and innumerable host of demons fell on the ground like fall of leaves with the winter wind storm.

610

ਸਵੈਯਾ ਛੰਦ ॥

ਰੋਸ ਭਰਯੋ ਰਨ ਮੋ ਰਘੁਨਾਥ
ਸੁ ਹਾਵਨ ਕੋ ਬਹੁਬਾਢ ਪ੍ਰਹਾਰੇ ॥
ਸ੍ਰੁੰਣਤ ਨੈਕ ਲਗਯੋ ਤਿਨਕੋ
ਤਨ ਫੋਰ ਜਿਰੈ ਤਨ ਪਾਰ ਪਧਾਰੇ ॥
ਬਾਜ ਗਜੀ ਰਥ ਰਾਜ ਰਥੀ
ਰਣ ਭੂਮਿ ਗਿਰੇ ਇਹ ਭਾਂਤ ਸੰਘਾਰੇ ॥
ਜਾਨੋ ਬਸੰਤ ਕੋ ਅੰਤ ਸਮੈਂ
ਕਦਲੀ ਦਲ ਪਉਨ ਪ੍ਰਚੰਡ ਉਖਾਰੇ ॥

ਰਾਮ ਨੂੰ ਰਣ ਵਿੱਚ ਬੜਾ ਗੁਸਾ ਆਇਆ । ਉਨਾਂ ਨੇ ਰਾਵਣ ਨੂੰ ਬੜੇ ਤੀਰ ਮਾਰੇ । ਜਿਹੜੇ ਰਾਵਨ ਨੂੰ ਲਗਦਿਆਂ ਹੀ ਉਸ ਦੇ ਸਰੀਰ ਨੂੰ ਚੀਰ ਕੇ ਲੰਘ ਗਏ । ਘੋੜੇ, ਹਾਥੀ, ਰਥ, ਰਥ ਨੂੰ ਚਲਾਣ ਵਾਲੇ ਸਭ ਇਉਂ ਧਰਤੀ ਉਤੇ ਡੇਰ ਦਿਤੇ, ਜਿਵੇਂ ਬਸੰਤ ਦੇ ਅੰਤ ਸਮੇਂ, ਕੇਲਿਆਂ ਦੇ ਰੁਖ, ਹਨੇਰੀ ਨਾਲ ਜੜਾਂ ਤੋਂ ਪਟੇ ਜਾਂਦੇ ਹਨ।

Maddened with martial fury, Rama, the incarnate, showered and aimed arrows on Ravana, the demon king, which pierced across his body. His horses, elephants, chariots

Digitized by Panjab Digital Library | www.panjabdigilib.org

and drivers all fell down on the ground
as the plantain of bananas are rooted out
by the whirlwinds or wind storms at the end
of spring season.

611

ਧਾਇ ਪਰੇ ਕਰ ਕੋਪ ਬਨੇ ਚਰ
ਹੈ ਭਿਨ ਕੋ ਜੀਅ ਰੋਸ ਮਗਾਯੋ ॥
ਕਿਲਕਾਰ ਪੁਕਾਰ ਪਰੇ ਚਹੁੰ ਘਾਰਣ
ਛਾਡ ਹਠੀ ਨਹਿ ਏਕ ਭਗਾਯੋ ॥
ਗਹਿ ਬਾਨ ਕਮਾਨ ਗਦਾ ਬਰਛੀ
ਉਤ ਤੇ ਦਲ ਰਾਵਨ ਕੋ ਓਮਗਾਯੋ ॥
ਝਟ ਜੂਝ ਜੂਝ ਗਿਰੇ ਧਰਨੀ
ਦਿਜ ਰਾਜ ਭ੍ਰਮਯੋ ਸਿਵ ਧਯਾਨ ਡਿਗਯੋ ॥

ਗੁਸੇ ਵਿੱਚ ਲਾਲ ਪੀਲੇ ਹੋਏ ਹੋਏ ਬਾਂਦਰ, ਦੈਂਤਾਂ ਉਤੇ ਜਾ ਪਏ । ਕਿਲਕਾਰਦਿਆਂ ਹੋਇਆਂ ਅਤੇ ਪੁਕਾਰਦਿਆਂ ਹੋਇਆਂ ਉਨ੍ਹਾਂ ਨੇ ਦੈਂਤਾਂ ਨੂੰ ਚੌਹਾਂ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਕਿਸੇ ਨੂੰ ਨੱਸਣ ਨਾ ਦਿਤਾ । ਤੀਰ, ਕਮਾਨ, ਗੱਦਾ ਅਤੇ ਬਰਛੀ ਆਦਿ ਜਿਹੜਾ ਵੀ ਹਥਿਆਰ ਹੱਥ ਆਇਆ ਲੈ ਕੇ ਰਾਵਨ ਦੇ ਦੱਲ ਉਤੇ ਹਮਲਾ ਕਰ ਦਿਤਾ । ਬੜੇ ਯੋਧੇ ਜੂਝ ਜੂਝ ਕੇ ਡਿਗ ਪਏ । ਰਾਵਣ ਚਕਰਾ ਗਿਆ ਅਤੇ ਉਹ ਵੀ ਧਰਤੀ ਉਤੇ ਡਿੱਗ ਪਿਆ ।

Infuriated with rage, the Vanaras host,
attacked the demons and besieged them.
Cheerfully and with shouts of joy, not a
single demon was able to escape.
Most furiously they hurled daggers and other weapons
at them. The great warriors rushed against
each other and fell dead on the ground.
Astounded and confused Ravana also fell down
unconscious.

Digitized by Panjab Digital Library | www.panjabdigilib.org

612

ਸੂਰ ਅਗੂਣ ਜਿਤੇ ਭਟਵਾਣਨ
ਰਣਿਹ ਅਰਿ ਘਣੇ ਵਿਭਰਾਨੇ ॥
ਸਾਰਕ ਜਿਕਰ ਪਿਸਾਚ ਨਿਸਾਚਰ
ਕੁਲ ਜਿਤੇ ਧਨ ਮੰਨਿ ਵਿਗਸਾਨੇ ॥
ਕਾਪ ਉਠੀ ਸੁ ਦਿਸਾ ਵਿਦਿਸਾ
ਚਿਰ ਪਾਲਨ ਛੋਰ.ਪ੍ਰਲੈ ਘਨ ਮਾਨੇ ॥
ਭੂਮਿ ਅਕਾਸ ਉਦਾਸ ਭਏ ਗਣ
ਦੇਵ ਅਦੇਵ ਭੂਮਿ ਭਹਰਾਨੇ ॥

ਯਤੇ ਯੱਧੇ ਸੂਰ ਜੁਧ ਕੇ ਭਿੜ ਪਏ, ਵੈਰੀਆਂ ਦਾ ਘਾਤ ਕਰਿਆ। ਵਾਰ ਮਹਾ ਬਹੁਤ ਘਬਰਾ ਗਏ। ਉਹ ਰਾਖਿਕ ਨੇ ਗਏ। ਜਿਵੇਂ, ਖੁਤ, ਪ੍ਰੇਤ ਅਤੇ ਹੋਰ ਰਾਖਸੀ ਜਾਨਵਰ, ਪਸੂ ਵਿਚ ਜਿਵੇਂ ਹਨ। ਸਾਰੀਆਂ ਦਿਸ਼ਾਵਾਂ ਕੰਬ ਉਠੀਆਂ, ਇਉਂ ਜਾਪਦਾ ਸੀ ਜਿਵੇਂ ਪ੍ਰਲੈ ਆ ਗਈ ਹੋਵੇ। ਧਰਤੀ ਅਤੇ ਅਕਾਸ਼ ਵਿਚ ਉਦਾਸੀ ਛਾ ਗਈ। ਦੇਵਤੇ ਅਤੇ ਦੈਂਤ ਸਭਨਾ ਵਿਚ ਵਿਆਕੁਲਤਾ ਅਤੇ ਭੈ ਛਾ ਗਿਆ।

Many a mighty heroes fell fighting furiously. Many were savagely killed and ruined. Terrific alarm, consternation and dreadful fright possessed every one. Jacals, goblins and imps rejoiced in delight. All the four regions vexed, trembled and shook with fear, as if dooms day had arrived. The earth and heaven shuddered in alarm, and were dismayed, The gods and demons all shivered in anguish.

Digitized by Panjab Digital Library | www.panjabdigilib.org

613

ਰਾਵਨ ਦੇਸ ਭਰਯੋ ਰਨ ਮੋ
ਰਿਸ ਸੋਂ ਸਰ ਓਘ ਪ੍ਰਓਘ ਪ੍ਰਹਾਰੇ ॥
ਭੂਮਿ ਅਕਾਸ ਦਿਸਾ ਬਿਦਿਸਾ
ਸਭ ਓਰ ਭੁਕੇ ਨਹਿ ਜਾਤ ਨਿਹਾਰੇ ॥
ਸ੍ਰੀ ਰਘੁਰਾਜ ਸਰਾਸਨ ਲੈ ਛਿਨ
ਮੋ ਛਡ ਕੈ ਸਰ ਪੁੰਜ ਨਿਵਾਰੇ ॥
ਜਾਨਕ ਭਾਨ ਉਦੈ ਨਿਸ ਕੋ ਲਖ ਕੈ
ਸਭ ਹੀ ਸਮਤੇਜ ਪਧਾਰੇ ॥

ਰਾਵਣ ਨੂੰ ਵੀ ਗੁਸਾ ਚੜ ਗਿਆ । ਉਸ ਨੇ ਹੋਹ ਵਿਚ ਆ ਬੇ ਇੱਕਠੇ ਕਰ ਕੇ ਕਈ ਤੀਰਾਂ ਦਾ ਸਮੂਹ, ਇਕੋ ਵਾਰਗੀ ਚਿੱਲੇ ਚੜਾਨਾ ਅਰੰਭ ਕਰ ਦਿਤਾ । ਧਰਤੀ ਅਕਾਸ ਅਤੇ ਸਾਰੀਆਂ ਦਿਸ਼ਾਵਾਂ ਭੀ ਭੀਤ ਹੋ ਗਈਆਂ । ਕੁਝ ਨਜ਼ਰ ਨਹੀਂ ਸੀ ਆਉਂਦਾ । ਰਾਮ ਨੇ ਝਟ ਪਟ ਧਨੁਖ ਉਠਾ ਕੇ ਤੀਰ ਚਲਾਏ ਅਤੇ ਰਾਵਣ ਦੇ ਤੀਰਾਂ ਨੂੰ ਕੱਟ ਕੱਟ ਕੇ ਸਟ ਦਿਤਾ । ਰਾਮ ਨੇ ਐਨੇ ਤੀਰ ਛਡੇ ਕਿ ਦਿਨ ਵੇਲੇ ਸੂਰਜ ਦੇ ਚੜ੍ਹਿਆਂ, ਰਾਤ ਪੈ ਗਈ ਸਮਝ, ਦੇਵੇ ਫਿਰਾਂ ਲੜਾਈ ਬੰਦ ਕਰ ਕੇ ਚਲੀਆਂ ਗਈਆਂ ।

Ravana, the demon king also got violent, and let fly incessant volleys of arrows. Earth, heaven and all the regions got frightened and alarmed. Nothing was visible. The heroic Rama, instantly took up his formidable bow, with great skill and prowness he destroyed Ravana's venomous arrows in between, by incessant showers of his piercing arrow. Rama, the incarnate, showered the arrows continuously and repeatedly. The

Digitized by Panjab Digital Library | www.panjabdigilib.org

bright Suoshine turned into pitch darkness.
The troops of both the sides retired to
their camps.

614

ਰੋਸ ਭਰੇ ਰਨ ਮੋ ਰਘੁਨਾਥ
ਕਾਮਠ ਲੈ ਬਾਨ ਅਨੇਕ ਚਲਾਏ ॥
ਬਾਜ ਗਜੀ ਗੱਜ ਰਾਜ ਘਨੈ
ਰਥ ਰਾਜ ਬਨੇ ਕਰ ਰੋਸ ਉਡਾਏ ॥
ਜੋ ਦੁਖ ਦੇਹ ਕਟੇ ਸੀਯ ਕੇ ਹਿਤ
ਤੇ ਰਨ ਆਜ ਪ੍ਰਤਛ ਦਿਖਾਏ ॥
ਰਾਜਵਿ ਲੋਚੰਨ ਰਾਮ ਕੁਮਾਰ
ਘਨੇ ਰਨ ਘਾਲ ਘਨੇ ਘਰ ਘਾਏ ॥

ਰਘੁਨਾਥ ਨੂੰ ਵੀ ਬਹੁਤ ਗੁੱਸਾ ਚੜ ਗਿਆ । ਉਨਾ ਨੇ ਕਮਾਨ ਲੈ ਕੇ ਬੜੇ ਤੀਰਾ ਦੀ ਬਰਖਾ ਕੀਤੀ । ਬੜੇ ਘੋੜੇ, ਹਾਥੀ, ਰਥ, ਰਥਵਾਨ, ਹਾਥੀਆ ਨੂੰ ਚਲਾਨ ਵਾਲੇ ਅਤੇ ਘੋੜ ਸੁਆਰਾਂ ਨੂੰ ਮਾਰ ਡਿਗਾਇਆ । ਉਨਾ ਨੇ ਸੋਚਿਆ ਕਿ ਜੇ ਸੀਤਾ ਦੇ ਕਾਰਣ ਅੱਜ ਸਰੀਰ ਕੱਟ ਦੀ ਜਾਏ ਤਾਂ ਕੋਈ ਡਰ ਨਹੀਂ, ਅੱਜ ਉਹ ਵੀ ਕਰ ਦਿਖਾਨਾ ਹੈ । ਇਉਂ ਸੋਚ ਕੰਵਲ ਨੈਣਾ ਵਾਲੇ ਰਾਮ ਨੇ ਘਣ ਘੋਰ ਬਦਲਾਂ ਦੀ ਤਰ੍ਹਾਂ ਤੀਰਾਂ ਦਾ ਮੀਂਹ ਬਰਸਾਇਆ ।

There upon Rama, the incarnate grew furious,
taking up his formidable bow, he let fly
volleys of arrows. He struck many steeds.
He struck elephants, drivers, chariots and
threw them dead on the ground. He was prepared
to lay down his life for the charming Sita,
but he must do something before sun-set.
Accordingly, Rama, the lotus-eyed, showered
and rained arrows like dark dense clouds.

Digitized by Panjab Digital Library | www.panjabdigilib.org

615

ਰਾਵਨ ਚੋਜ ਕਰਯੋ ਤਬਹਿਯੈ
ਹਨ ਹੈ ਹਨਿ ਹੈ ਸਬਦ ਸੁਨਾਇਓ ॥
ਆਪ ਤੀ [illegible]
[illegible] ਸ੍ਰੀ ਧਨੁਖਦਰਨ ਜੇ ਹਨ ਠਾਨਯੋ ॥
ਚਾਪੁਰ ਮਾਰ ਕਰਾਇ ਤੁਰਤਨ
ਜਾਇ ਪਰਿਯੋ ਕਹੁ ਤੁਮ ਨਹਿ ਮਾਨਯ ॥
ਧਾਨਨ ਤੇ ਖਿਤ ਧਾਨਨ ਤੇ
ਮਨ ਮਾਰਤ ਕੇ ਰਥ ਜੋਰ ਸਿਧਾਯੋ ॥

ਰਾਵਣ ਗੁਸ ਵਿਚ ਗਰਜਿਆ । ਉਸ ਨੇ ਕਰੋ-ਜੋ ਵਿਚ ਆ ਕੇ
ਸਾਰੀ ਸੈਨਾ ਨੂੰ ਭਜਾ ਦਿਤਾ । ਆਪ ਹੀ ਰੱਥ ਨੂੰ ਹੱਕਦਾ
ਹੋਇਆ, ਹਥਿਆਰ ਲੈ ਕੇ, ਸ੍ਰੀਧਰ ਰਾਮ ਸੀ ਓਹਲੇ ਨੂੰ ਭੱਜਾ ।
ਜਦੋਂ ਉਸ ਦਾ ਰੱਥ, ਰਾਮ ਦੇ ਤੀਰਾ ਨੇ ਨਕਾਰਾ ਕਰ ਦਿਤਾ ਤਾਂ ਉਹ
ਚਾਬਕ ਮਾਰ ਕੇ ਘੋੜੇ ਨੂੰ ਦੜਾ ਕੇ, ਨਿਧੜਕ ਹੋ ਕੇ
ਰਾਮ ਵੱਲੇ ਧਾਇਆ । ਜਦੋਂ ਉਸ ਦਾ ਘੋੜਾ ਤੀਰਾ ਨਾਲ ਢਿਠੁਆ ਹੋਇਆ
ਤਾ ਉਹ ਘੋੜੇ ਨੂੰ ਛਡ ਕੇ, ਟੱਸ ਪਿਆ ਅਤੇ ਰਾਮ ਨੂੰ ਮਾਰਨ ਲਈ ਦੌੜਿਆ ।

Ravana, the demon king, rushed foward with utmost impetuosity to meet the enemy and made a terrific roar. There upon, the vanaras fled in all directions. When his chariot was smashed and charioteer was slain, he mounted a steed and when his steed was pierced with sharp arrows he rushed forth towards Rama, the incarnate, to put him to sword.

Digitized by Panjab Digital Library | www.panjabdigilib.org

616

ਸ੍ਰੀ ਰਘੁਨੰਦਨ ਕੀ ਭੁਜ ਤੈ ਜਬ
ਛੋਰ ਸਿਰਾਸਨ ਬਾਨ ਉਡਾਨੇ ॥
ਭੂਮਿ ਅਕਾਸ ਪਤਾਰ ਚਹੂੰ ਚੱਕ
ਪੂਰ ਰਹੇ ਨਹੀ ਜਾਤ ਪਛਾਨੇ ॥
ਤੋਰ ਸਨਾਹ ਸੁਬਾਹਨ ਕੇ ਤਨ
ਆਹ ਕਰੀ ਨਹੀ ਪਾਰ ਪਰਾਨੇ ॥
ਛੇਦ ਕਰੋਟਨ ਓਟਨ ਕੋਟ
ਅਟਾਨ ਮੋ ਜਾਨਕੀ ਬਾਨ ਪਛਾਨੇ ॥

ਸ੍ਰੀ ਰਘੁਨੰਦਨ ਦੀਆਂ ਸ਼ਕਤੀ ਸ਼ਾਲੀ ਬਾਂਹਵਾਂ ਨੇ, ਜਦੋਂ
ਧਨੁਖ ਨੂੰ ਟੁੰਕਾਰਿਆ ਅਤੇ ਤੀਰ ਉਡਾਏ, ਤਾਂ ਧਰਤੀ ਅਕਾਸ
ਅਤੇ ਚਾਰੋਂ ਚੱਕਾਂ ਵਿੱਚ ਅੰਧੇਰਾ ਛਾ ਗਿਆ । ਕਿਸੇ ਨੂੰ ਹੱਥ
ਪਸਾਰਿਆ ਕੁਝ ਨਜ਼ਰ ਨਹੀਂ ਸੀ ਆਉਂਦਾ । ਰਾਮ ਦੇ ਤਿਖੇ ਤੇ
ਨੋਕੀਲੇ ਤੀਰ ਸ਼ਸ਼ਤ੍ਰਾਂ ਨੂੰ ਕਟ ਕੇ, ਰਾਵਨ ਦੇ ਸਰੀਰ ਨੂੰ ਪਾਰ
ਕਰ ਗਏ । ਪਰ ਰਾਵਨ ਨੂੰ ਜ਼ਰਾ ਨ ਪੋਹੇ । ਉਹ ਤੀਰ ਸਰੀਰ
ਨੂੰ ਪਾਰ ਕਰ ਕੇ ਕਰੋੜਾਂ ਕੰਧਾਂ ਨੂੰ ਛੇਦਦੇ ਹੋਏ ਜਾਨਕੀ ਕੋਲ ਜਾ
ਪਏ । ਅਟਾਰੀ ਉਤੇ ਖੜੀ ਜਾਨਕੀ ਨੇ ਰਾਮ ਦੇ ਬਾਨ ਪਹਿਚਾਣ ਲੀਤੇ ।

Shri Raghunandan, took up his formidable bow, with all the physical and divine powers at his command, he twanged the bow terribly, and volleyed forth incessant showers of arrows. The earth, sky and the whole creation got siezed with terror. The sharp arrows of Rama, the incarnate, pierced his arms and armour, passed through his

Digitized by Panjab Digital Library | www.panjabdigilib.org

body, piercing innumerable walls of the fort, reached Janaki. Janaki who was standing on the attic, rightly recognised the arrows of Rama, the incarnate.

617

ਸ੍ਰੀ ਅਸੁਰਾਰਦਨ ਕੇ ਕਰਕੇ
ਜਿਨ ਏਕ ਹੀ ਬਾਨ ਬਿਖੈ ਤਨ ਚਾਖਜੇ ॥
ਭਾਜਸਕਿਯੋ ਨ ਭਿਰਯੋ ਹਠ ਕੈ
ਛਟ ਏਕ ਹੀ ਆਇਧਰਾਧਰ ਰਾਖਯੋ ॥
ਛੇਦ ਸਨਾਹ ਸੁਬਾਹਨ ਕੇ ਸਰ
ਓਟਨ ਕਟ ਕਰੋਟ ਨ ਨਾਖਯੋ ॥
ਸੁਆਰ ਜੁਝਾਰ ਅਪਾਰ ਹਠੀ
ਰਨ ਹਾਰ ਗਿਰੇ ਧਰ ਹਾਇ ਨ ਭਾਖਯੋ ॥

ਅਸੁਰਾਂ ਦੇ ਰਾਜੇ ਰਾਵਣ, ਦੈਂਤ ਦੇ ਹਥਾਂ ਤੋਂ ਜਿਹੜਾ ਇੱਕ ਵਾਰੀ ਉਸ ਦਾ ਵਿਸਿਆਲਾ ਤੀਰ ਚੱਖ ਲੈਂਦਾ ਸੀ, ਉਹ ਨੱਸ ਨਹੀ ਸੀ ਸਕਦਾ । ਉਸ ਹਠੀ ਦਾ ਇਕੋ ਤੀਰ ਮਾਰ ਗਿਰਾਨ ਲਈ ਕਾਫੀ ਹੁੰਦਾ ਸੀ । ਉਸ ਹਠੀ ਨੂੰ ਰਾਮ ਦੇ ਤਿਖੇ ਬਾਣਾਂ ਨੇ, ਉਸ ਦੇ ਕਵਚ ਆਦਿ ਨੂੰ ਛੇਦ ਕੇ ਵਿੰਨ ਦਿਤਾ । ਉਹ ਯੋਧਾ ਜੂਝਦਾ ਹੋਇਆ, ਹਾਰ ਕੇ, ਧਰਤੀ ਉਤੇ ਡਿੱਗ ਪਿਆ । ਪਰ ਉਸ ਨੇ ਹਾਇ ਤੱਕ ਨ ਕਹੀ ।

The demon king Ravana, was known for his might and valour, he would strike off a person with one shaft, and never let him escape. One and only one arrow of Ravana was enough to crush any one. But that mightiest warrior was fatally pierced with the sharp arrow of Rama, the incarnate. The arrows perforated and bored through his armour and penetrated into his huge and bulky body.

Digitized by Panjab Digital Library | www.panjabdigilib.org

Thus, the valient warrior, utterly defeated fell down on the ground after waging a wild battle. But he never repented.

618

ਆਨ ਅਰੇ ਸੁ ਮਰੇ ਸਬ ਹੀ ਭਟ
ਜੋਤ ਬਚੇ ਰਨ ਛਾਡ ਪਰਾਨੇ ॥
ਦੇਵ ਅਦੇਵਨ ਕੋ ਜਿਤੀਯਾ ਰਨ
ਕੋਟ ਹਤੇ ਕਰ ਰੋਕ ਨ ਜਾਨੇ ॥
ਸ੍ਰੀ ਰਘੁਰਾਜ ਪ੍ਰਾਕ੍ਰਮ ਕੋ ਲੱਖ
ਤੋਜ ਸੰਬੂਹ ਸਬੈ ਭਹਰਾਨੇ ॥
ਓਟਨ ਕੂਦ ਕਰੋਟਨ ਫਾਂਧ
ਸੁ ਲੰਕਹਿ ਛਾਡ ਬਿਲੰਕ ਸਿਧਾਨੇ ॥

ਜਿਹੜੇ ਆ ਕੇ ਲੜੇ ਉਹ ਸਾਰੇ ਯੋਧੇ ਵਾਰੀ ਵਾਰੀ ਕਰਕੇ ਮਾਰੇ ਗਏ । ਜਿਹੜੇ ਬੱਚ ਗਏ ਉਹ ਰਣ-ਭੂੰਮੀ ਛਡ ਕੇ ਦੌੜ ਗਏ । ਦੈਂਤਾਂ ਨੂੰ ਜਿੱਤਨ ਵਾਲੇ ਦੇਵਤਾ-ਰਾਮ ਨੇ, ਕਰੋੜਾਂ ਦੈਂਤਾਂ ਦਾ ਘਾਤ ਕੀਤਾ । ਪਰ ਉਹਨਾਂ ਦੀ ਮੱਤ ਨੂੰ, ਉਨ੍ਹਾਂ ਨੇ ਕੁਝ ਨਾ ਸਮਝਿਆ । ਫੇਰ ਸ੍ਰੀ ਰਘੁਬੀਰ ਨੇ ਆਪਣੀ ਸ਼ਕਤੀ ਅਤੇ ਅਨੰਤ ਬਲ ਦਿਖਾਇਆ । ਜਿਸ ਨੂੰ ਦੇਖ ਕੇ ਸਭ ਭੈ ਭੀਤ ਹੋ ਗਏ । ਕਰੋੜਾਂ ਹੀ ਦੈਂਤ ਲੰਕਾ ਨੂੰ ਛਡ ਕੇ ਸਮੁੰਦ੍ ਤੋਂ ਪਾਰ ਟੱਪ ਗਏ ।

All the mighty warriors, who took up arms against Rama, the incarnate, were up to sword accordingly. The remanent, left the battlefield and took to heels. Rama, the victorious destroyed and slaughtered innumerable demons. But all insignificant as compared to the most unyielding, wild demon like Ravana. Thereupon Rama, the incarnate

Digitized by Panjab Digital Library | www.panjabdigilib.org

exhibited his excellent divine powers, infinite, eternal, strength and vigour. Every one became panicky and terror stricken. Innumerable demons left Lanka and went across the ocean.

619

ਰਾਵਨ ਰੋਸ ਭਰਯੋ ਰਨਮੋ
ਗਹਿ ਬੀਸਹੂ ਬਾਹਿ ਹਥਿਆਰ ਪ੍ਰਹਾਰੇ ॥
ਭੂਮਿ ਅਕਾਸ ਦਿਸਾ ਬਿਦਿਸਾ
ਚੱਕ ਚਾਰ ਚੁਕੇ ਨਹੀ ਜਾਤ ਨਿਹਾਰੇ ॥
ਫੋਕਨ ਤੈ ਫਲ ਤੈ ਮਧ ਤੈ
ਅਧ ਤੈ ਬਧ ਕੈ ਰਣ ਮੰਡਲ ਡਾਰੇ ॥
ਛਤ ਧੁਜਾ ਬਰ ਬਾਜ ਰਥੀ
ਰੱਘ ਕਾਟ ਸਬੈ ਰਘੁਰਾਜ ਉਤਾਰੇ ॥

ਰਾਵਣ ਨੂੰ ਬੜਾ ਗੁਸਾ ਚੜਿਆ । ਉਸ ਨੇ ਵੀਹਾਂ ਹੀ ਬਾਹਵਾਂ ਵਿੱਚ ਹਥਿਆਰ ਪਕੜ ਕੇ ਪ੍ਰਹਾਰ ਕੀਤਾ । ਧਰਤੀ, ਅਕਾਸ ਅਤੇ ਚਾਰ ਚੱਕ ਚਲਨੇ ਰੁੱਕ ਗਏ । ਕੁਝ ਵੀ ਦਿਖਾਈ ਨਹੀਂ ਦੇਂਦਾ ਸੀ । ਤਦ ਰਘੁਰਾਜ ਨੇ ਆਪਣੇ ਅਣੀਆਲੇ ਤੀਰਾਂ ਨਾਲ ਉਸ ਦਾ ਛਤ੍ਰ ਗਿਰਾ ਦਿਤਾ, ਝੰਡਾ ਡੇਗ ਦਿਤਾ, ਘੋੜਾ ਮਾਰ ਦਿਤਾ, ਰਥ ਟਕੜੇ ਟਕੜੇ ਕਰ ਦਿਤਾ । ਇਉਂ ਸਭ ਨੂੰ ਮਾਰ ਗਿਰਾਇਆ । ਰਾਮ ਨੇ ਰਾਵਨ ਨੂੰ ਮਾਰ ਕੇ ਧਰਤੀ ਉਤੇ ਇਉਂ ਸੁਟ ਦਿਤਾ ਜਿਵੇਂ ਫਲ ਦੇ ਫੋਕ ਨੂੰ ਸੁਟ ਦੇਈਦਾ ਹੈ ।

In terrible wroth, Ravana, wrought hevoc, by assaultitng with weapons held in his twenty arms. Earth, sky and all the regions were terror stricken and stood aghast. There upon, Rama, the incarnate, with his sharp arrows stroke off the royal embralla of Ravana, the demon king, smote the banner, pierced the horse,

Digitized by Panjab Digital Library | www.panjabdigilib.org

crushed the chariot, and smashed the charioteer. In this manner, Ravana was thrown on the ground violently like peel of the fruit.

620

ਰਾਵਨ ਚੋਪ ਚਲਯੋ ਚਪੁਕੈ
ਨਿਜ ਬਾਜ ਬਹੀਨ ਜਬੈ ਰਥ ਜਾਨਯੋ ॥
ਢਾਲ ਤ੍ਰਿਸੂਲ ਗਦਾ ਬਰਛੀ ਗਹਿ
ਸ੍ਰੀ ਰਘੁਨੰਦਨ ਸੋ ਰਨ ਠਾਨਯੋ ।
ਧਾਇ ਪਰਯੋ ਲਲਕਾਰ ਹਠੀ
ਕਪਿ ਪੰਜ ਨ ਕੋ ਕਛੁ ਤ੍ਰਾਸ ਨ ਮਾਨਯੋ ॥
ਅੰਗਦ ਆਦਿ ਹਨਵੰਤ ਤੇ ਲੈ ਭਟ
ਕੋਟ ਹਤੇ ਬਰ ਏਕ ਨ ਜਾਨਯੋ ॥

ਰਾਵਣ ਨੇ ਜਿਸ ਵੇਲੇ ਦੇਖਿਆ ਕਿ ਉਸ ਦੇ ਰੱਥ ਦੇ ਘੋੜੇ ਮਾਰੇ ਗਏ ਹਨ । ਤਾਂ ਉਸ ਨੂੰ ਬੜਾ ਕ੍ਰੋਧ ਚੜਿਆ । ਉਹ ਗਦਾ, ਤ੍ਰਿਸੂਲ, ਬਰਛੀ ਆਦਿ ਹਥਿਆਰ ਲੈ ਕੇ ਰਘੁਨੰਦਨ ਉਤੇ, ਹਮਲਾ ਕਰਨ ਲਈ ਦੌੜਿਆ । ਉਹ ਗਰਜਦਾ ਅਤੇ ਲਲਕਾਰਦਾ ਹੋਇਆ ਕਪਿ ਦਲ ਉਤੇ ਜਾ ਪਿਆ । ਉਸ ਨੂੰ ਅਨੰਤ ਕਪਿ ਦਲ ਤੋਂ ਜ਼ਰਾ ਵੀ ਭੈ ਨਾ ਆਇਆ । ਉਸ ਨੇ ਅੰਗਦ ਅਤੇ ਹਨੂਮਾਨ ਆਦਿ ਕਈ ਯੋਧਿਆਂ ਨੂੰ ਮਾਰ ਗਿਰਾਇਆ ਪਰ ਇਹਨਾਂ ਨੂੰ ਮਾਰਨਾ ਉਸ ਨੇ ਕੁਝ ਵੀ ਨਾ ਸਮਝਿਆ ।

When Ravana saw that he was rendered without chariot, and his horses were slain, he maddened in fury. He took up, a club, a trisul, and a dagger, thundering and challenging, he assaulted the kapi host. He was not afraid of the infinite vast host of the kapies. He killed Angada, Hanumana and innumerable other warriors but all these were insignificant to him.

Digitized by Panjab Digital Library | www.panjabdigilib.org

621

ਰਾਵਣ ਕੋ ਰਘਰਾਜ ਜਬੈ ਰਣ
ਮੰਡਲ ਆਵਤ ਮੱਧ ਨਿਹਾਰਯੋ ॥
ਬੀਸ ਸਿਲਾ ਸਿਤੁੱ ਸਾਯਕ ਲੈ
ਕਰ ਕੋਪ ਵਡੇ ਉਰ ਮੱਧ ਪ੍ਰਹਾਰਯੋ ॥
ਭੇਦ ਚਲੇ ਮਰਮ ਸਥਲ ਕੋ ਸਰ
ਪ੍ਰਾਣ ਨਦੀ ਸਰ ਬੀਚ ਪਖਾਰਯੋ ॥
ਆਗੋ ਹੀ ਬੇਗ ਚਲਯੋ ਹਠ ਕੈ
ਭਟ ਧਾਮ ਕੋ ਭੂਲ ਨ ਨਾਮ ਉਚਾਰਯੋ ॥

ਰਘੁਰਾਜ ਨੇ ਜਦੋਂ ਰਾਵਣ ਨੂੰ ਯੁਧ ਭੂਮੀ ਵਿੱਚ ਆਉਂਦਿਆ ਦੇਖਿਆ, ਤਾਂ ਵੀਹ ਚਿਟੇ ਤੀਰ, ਸਿੱਲ ਉਤੇ ਘਸਾ ਕੇ, ਬੜੇ ਜੋਸ਼ ਅਤੇ ਖਰੋਸ਼ ਨਾਲ, ਕਸ ਕੇ ਉਸ ਦੀ ਛਾਤੀ ਵਿਚ ਮਾਰੇ । ਤੀਰ ਉਸ ਦੇ ਹਿਰਦੇ ਨੂੰ ਚੀਰ ਕੇ ਲਹੂ ਦੀ ਨਦੀ ਵਿਚੋ ਨਹਾਤੇ । ਰਾਵਨ ਹਠੀ ਕ੍ਰੋਧ ਵਿਚ ਚੰਘਾੜਦਾ, ਅਗੇ ਹੀ ਅੱਗ ਜੋਧਿਆ ਵਾਗੂੰ ਭੜਿਆ, ਉਸ ਨੇ ਭੁਲ ਕੇ ਵੀ ਪਿਛੇ ਮੁੜਨ ਯਾ ਘਰ ਪਰਤ ਜਾਣ ਦਾ ਖਿਆਲ ਨਾ ਕੀਤਾ ।

On beholding, Ravana, the demon king, rushing forth towards the battlefield, Rama, the incarnate, took up twenty white arrows, sharpened them on a stone, aimed them towards his chest with tremendous vigour and valour. The sharp arrows pierced his heart, tore his body and bathed in the stream of gore. The arrogant and most haughty, Ravana, the demon king uproariously and screamingly sallied forth in consonant to a mighty warrior, never for a moment he thought of repairing or retracting his steps.

Digitized by Panjab Digital Library | www.panjabdigilib.org

622

ਰੋਸ ਭਰਯੋ ਰਨ ਮੌਂ ਰਘੁਨਾਥ
ਸੁਧਾਨ ਕੇ ਬੀਚ ਸਰਾਸਨ ਲੈ ਕੈ ॥
ਪਾਂਚਕ ਪਾਇ ਹਟਾਇ ਦਯੋ
ਤਹਿ ਬੀਸਹੂੰ ਬਾਂਹ ਬਿਨਾ ਉਹ ਕੈ ਕੈ ॥
ਦੈ ਦਸ ਬਾਨ ਬਿਮਾਨ ਦਸੋ ਸਿਰ
ਕਟਿ ਦਏ ਸਿਵ ਲੋਕ ਪਠੈ ਕੈ ॥
ਸ੍ਰੀ ਰਘੁਰਾਜ ਬਚਯੋ ਸੀਯ ਕੋ
ਬਹੁਰੋ ਜਨ ਜੁਧ ਸੁਅੰਬਰ ਜੈ ਕੈ ॥

ਰੋਸੇ ਭਰੇ ਜੋਸ ਨਾਲ ਰਘੁਨਾਥ ਨੇ, ਧਨੁਖ ਲੈ ਕੇ ਉਸ ਉਚੇ ਸਾਰੇ ਦੈਂਤ ਦੇ ਕਲੇਜੇ ਵਿੱਚ ਮਾਰੇ । ਉਸ ਭਿਆਨਕ ਦੈਂਤ ਨੂੰ ਪੰਜ ਕਦਮ ਪਿਛੇ ਹਟਾ ਦਿਤਾ । ਉਸ ਦੀਆਂ ਵੀਹ ਦੀਆ ਵੀਹ ਬਾਹਵਾਂ ਕਟ ਦਿਤੀਆਂ । ਦਸ ਤੀਰਾਂ ਨਾਲ ਉਸ ਦੇ ਦਸੋ ਸਿਰ ਕੱਟ ਕੇ ਉਸ ਨੂੰ ਪ੍ਰਲੋਕ ਭੇਜ ਦਿਤਾ । ਇਉਂ ਰਘੁਰਾਜ ਨੇ ਸੀਤਾ ਸੁਅੰਬਰ ਲਈ ਦੂਸਰਾ ਯੁਧ ਕਰਕੇ, ਸੀਤਾ ਨੂੰ ਜਿਤਿਆ ।

In terrible wroth and frenzy. Raghunath took up his formidable bow, and let fly his arrows into the depth of the navals of the huge and enormous demon and threw him five steps back. With each shaft he stroke off his twenty arms, one by oue, with the other ten shafts he cut off his ten huge heads, and lay him dead on the ground. In this manner, winning the victory, for the second time, for Swambra, Rama, the incarnate, secured Sita.

Digitized by Panjab Digital Library | www.panjabdigilib.org

ਅਥ ਮੰਦੋਦਰੀ ਸਮੋਧ ਬਭੀਛਨ ਕੋ ਲੰਕ ਰਾਜਦੀਸੇ ॥
ਸਵੈਯਾ ਛੰਦ ॥ ਸੀਤਾ ਮਿਲਬੇ ਕਥਨੰ ॥

623

ਇੰਦ੍ਰ ਡਰਾਕੁਲ ਥੇ ਜਿਹ ਕੇ ਡਰ
ਸੂਰਜ ਚੰਦ੍ਰ ਹੋਤ ਭਯ ਭੀਤੇ ॥
ਲੂਟ ਲਯ ਧਨ ਜੇਕ ਧਨੇਸਕੇ
ਬ੍ਰਹਮ ਹੁਤੇ ਚਿਤ ਮਨੋ ਨਚੀਤੇ ॥
ਇੰਦ੍ਰ ਸੇ ਭੂਮ ਅਨੇਕ ਲਰੈ
ਇਨ ਸੋ ਫਿਰ ਕੈ ਗਹ ਜਾਤ ਨ ਜੀਤੇ ॥
ਸੋ ਰਨ ਆਜ ਭਲੈ ਰਘੁਰਾਜ
ਸੁ ਜੁੱਧ ਸੁਯੰਬਰ ਕੋ ਸੀਯ ਜੀਤੇ ॥

ਉਹ ਰਾਵਣ, ਜਿਸ ਦੇ ਨਾਮ ਤੋਂ ਇੰਦ੍ਰ ਵੀ ਥਰ ਥਰ ਕੰਬਦਾ ਸੀ । ਸੂਰਜ ਅਤੇ ਚੰਦ ਡਰਦੇ ਸਨ । ਜਿਸ ਨੇ ਕੁਬੇਰ ਵਰਗੇ ਦਾ ਧਨ ਲੁੱਟ ਲਿਆ ਸੀ, ਬ੍ਰਹਮਾ ਵੀ ਜਿਸ ਦਾ ਖਿਆਲ ਆਉਣ ਉਤੇ ਖਾਮੋਸ਼ ਹੋ ਜਾਂਦਾ ਸੀ । ਉਹ ਮਹਾਂ ਬਲੀ ਰਾਵਣ, ਜਿਸ ਨੂੰ ਇੰਦ੍ਰ ਵਰਗਾ ਯੋਧਾ-ਜਿਸ ਨਾਲ ਧਰਤੀ ਦੇ ਬਹੁਤ ਸਾਰੇ ਬਲੀ ਰਾਜਿਆਂ ਨੇ ਲੜਾਈ ਕੀਤੀ ਪਰ ਜਿੱਤ ਨ ਸਕੇ-ਫਤਹ ਪ੍ਰਾਪਤ ਨ ਕਰ ਸਕਿਆ । ਉਹ ਰਾਵਣ ਅਜ ਰਘੁਰਾਜ ਦੇ ਹਥੋਂ ਮਾਰਿਆ ਗਿਆ । ਅਤੇ ਰਘੁਬੀਰ ਨੇ ਜੁਧ-ਸੁਅੰਬਰ ਜਿੱਝ ਕੇ ਸੀਤਾ ਨੂੰ ਵਰਿਆ ।

The mighty Ravana, from whom Indra the invincible shuddered. The sun and moon also quivered. Who ransacked Kubera of his vast treasures. Even Brahma kept silent at his thought. Whom Indra, the invincible-who conquered innumerable unconquerable kings-could not conquer. Whose sway was acknowledged by all kings, was to-day conquered by Rama, the incarnate. In this manner Raghu Raj won the victory of Swambra for the second time to wed charming Sita.

Digitized by Panjab Digital Library | www.panjabdigilib.org

624

ਅਲਕਾ ਛੰਦ ॥

ਚਟ ਪਟ ਸੈਂਨੰ ਖਟ ਪਟ ਭਾਜੇ ॥
ਝਟ ਪਟ ਜੁਝਿਯੋ ਲਖ ਰਣ ਰਾਜੇ ॥
ਸਟ ਪਟ ਭਾਜੇ ਅਟ ਪਟ ਸੂਰੰ ॥
ਝਟ ਪਤ ਬਿਸਰੀ ਘਟ ਪਟ ਹੂਰੰ ॥

ਰਾਵਣ ਨੂੰ ਮਰਿਆ ਦੇਖ ਕੇ ਸਾਰੀ ਸੈਨਾ ਏਧਰ ਓਧਰ ਭਜ ਗਈ। ਰਣ ਵਿਚ ਝਟ ਪਟ ਕਈ ਰਾਜੇ ਲੜ ਕੇ ਜੂਝ ਗਏ। ਕਈ ਸੂਰਮੇ ਭੱਜ ਗਏ। ਜਿਸ ਵੇਲੇ ਲੰਕਾ ਦੀਆਂ ਸੁੰਦਰ ਨਾਰੀਆਂ ਨੂੰ ਪਤਾ ਲਗਾ ਤਾਂ ਉਹ ਮਹਿਲਾਂ ਨੂੰ ਛਡ ਬਾਹਰ ਨਿਕਲ ਆਈਆਂ।

After the death of heroic Ravana, the demon host scattered about and dispersed. Many a brave warriors still fought to the end. The remanent warriors dispersed. Hearing of the death of Ravana, the beautiful and respected woman of Lanka came out of the palaces.

625

ਚਟ ਪਟ ਪੈਨੇ ਖਟ ਪਟ ਲੱਕੰ ॥
ਰਣ ਤਜ ਸੂਰ ਸਰ ਧਰ ਬੱਕੰ ॥
ਝਲ ਹਲ ਬਾਰੰ ਨਰ ਬਰ ਨੈਣੰ ॥
ਧਕ ਧਕ ਉਚਰੇ ਭਕ ਭਕ ਬੈਣੰ ॥

ਝਟ ਪਟ ਉਥੇ ਪਹੁੰਚੀਆਂ ਜਿਥੇ ਲੜਾਈ ਹੋਈ ਸੀ। ਯੁਧ ਨੂੰ ਛਡ ਕੇ ਸਾਰੇ ਯੋਧੇ ਸਿਰ ਸੁਟ ਕੇ ਬੈਠ ਗਏ। ਸਭਨਾਂ ਦੀਆਂ ਅਖਾਂ ਵਿਚ ਅਥਰੂ ਡਲ੍ਹਕ ਰਹੇ ਸਨ। ਧੜਕ ਦੇ ਹਿਰਦੇ ਨਾਲ ਉਹ ਵੈਣ ਪਾਣ ਲਗੀਆਂ।

Digitized by Panjab Digital Library | www.panjabdigilib.org

The Rakshasa women emerged out and arrived at the battlefield, where the warriors, after ceasing the battle and laying down the arms, were seated in great distress. There were tears in all the eyes. Overwhelmed with sorrow, grief and immense pain they lamented bitterly.

626

ਨਰ ਬਰ ਰਾਮੰ ਬਰ ਨਰ ਮਾਰੋ ॥
ਝਟ ਪਟ ਬਾਰੇ ਕਟ ਕਟ ਡਾਰੋ ॥
ਤਬ ਸਭ ਭਾਜੇ ਰਖ ਰਖ ਪ੍ਰਾਣੰ ॥
ਖਟ ਪਟ ਮਾਰੰ ਝਟ ਪਟ ਬਾਣੰ ॥

ਤਦ ਰਾਮ ਨੇ ਬਾਨਰਾਂ ਨੂੰ ਕਿਹਾ, ਕਿ ਜਿੰਨੇ ਵੱਡੇ ਵੱਡੇ ਦੈਂਤ ਹਨ, ਝੁਰੰਤ ਉਨਾਂ ਦੀਆਂ ਬਾਹਵਾਂ ਕੱਟ ਦਿਓ ਅਤੇ ਉਨਾਂ ਨੂੰ ਮਾਰ ਦਿਓ । ਤਦ ਸਾਰੇ ਰਾਖਸ਼ ਪ੍ਰਾਨ ਬਚਾ ਕੇ ਨਸ ਗਏ । ਬਹੁਤ ਸਾਰਿਆਂ ਨੂੰ ਲੜਾਈਆਂ ਵਿਚ ਤੀਰਾਂ ਨਾਲ ਮਾਰ ਦਿ ।

Rama, the incarnate asked the vanaras to cut the arms of the rest of mighty demons, and to put them to sword. All the demons fled away for life. Many demons were killedwith arrows.

627

ਚਟ ਪਟ ਰਾਨੀ ਸਟ ਪਟ ਧਾਈ ॥
ਰਟ ਪਟ ਰੋਵਤ ਅਟ ਪਟ ਆਈ ॥
ਚਟ ਪਟ ਲਾਗੀ ਅਟ ਪਟ ਪਾਯੰ ॥
ਬਰ ਬਰ ਨਿਰਖੋ ਰਘੁਬਰ ਰਾਯੰ ॥

Digitized by Panjab Digital Library | www.panjabdigilib.org

ਜਦੋਂ ਮਹਾਰਾਣੀ ਮੰਦੋਦਰੀ ਨੂੰ ਪਤਾ ਲਗਾ ਤਾਂ ਉਹ ਤੁਰੰਤ ਰਣ ਭੂੰਮੀ ਵਿਚ, ਜ਼ਾਰ ਜ਼ਾਰ ਰੋਂਦੀ ਹੋਈ ਆਈ । ਚਟ ਪਟ ਰਾਮ ਦੇ ਪੈਰੀ ਪੈ ਗਈ, ਜਿਸ ਨੇ ਰਾਵਣ ਨੂੰ ਮਾਰਿਆ ਸੀ । ਬਾਰ ਬਾਰ ਰਘੁਬੀਰ ਵੰਨੇ ਦੇਖਣ ਲਗੀ ।

In the meantime, Mandodri, the chief of the beloved queens of Ravana, arrived at the battlefield, lamenting bitterly in heart-rending sorrow. She fell down at the feet of Rama, the incarnate, who had destroyed Ravana, and looked at him repeatedly.

628

ਚਟ ਪਟ ਲੋਟੈ ਅਟ ਪਟ ਧਰਣੀ ॥
ਕਸ ਕਸ ਰੋਵੈਂ ਬਰ ਨਰ ਬਰਣੀ ॥
ਪਟ ਪਟ ਡਾਰੈਂ ਅਟ ਪਟ ਕੇਸੰ ॥
ਬਟ ਹਰਿ ਕੂਕੈਂ ਨਟ ਬਰ ਭੇਸੰ ॥

ਮਹਾਰਾਣੀ ਮੰਦੋਦਰੀ ਧਰਤੀ ਉਤੇ ਲੇਟ ਗਈ । ਬੜੇ ਦੁਖ ਅਤੇ ਵਿਆਕੁਲਤਾ ਨਾਲ ਵਰਲਾਪ ਕਰਨ ਲਗੀ । ਕੇਸਾ ਨੂੰ ਪੁਟ ਪੁਟ ਕੇ ਖੋਹਣ ਲਗੀ, ਚੀਕਾਂ ਮਾਰ ਮਾਰ ਕੇ ਨਾਟਕ ਕਰ ਕਰ ਕੇ ਰੋਣ ਲਗੀ ।

The chief of the queens, Mandodri, thus bitterly lamented, the loss of her husband and fell senseless on the ground She pulled her hair in extreme grief and sorrow. She screamed bitterly and lamented like an actor.

Digitized by Panjab Digital Library | www.panjabdigilib.org

629

ਚਟ ਪਟ ਚੀਰੇ ਅਟ ਪਟ ਪਾਰੈਂ ॥
ਧਰ ਕਰ ਧੂਰੰ ਸਰ ਬਰ ਡਾਰੈਂ ॥
ਸਟ ਪਟ ਲੋਟੈਂ ਖਟ ਪਟ ਭੂੰਮੈ ॥
ਝਟ ਪਟ ਝੂਰੈਂ ਘਰ ਹਰ ਘੂੰਮੈ ॥

ਉਸ ਨੇ ਆਪਣੇ ਕਪੜੇ ਪਾੜ ਸੁਟੇ, ਖੇਹ ਸਿਰ ਵਿਚ ਪਾ ਲਈ ਅਤੇ ਧਰਤੀ ਉਤੇ ਲੋਟਨ ਲਗ ਗਈ। ਮੜ ਮੁੜ ਕੇ ਰਾਵਣ ਨੂੰ ਯਾਦ ਕਰ ਕੇ ਝੁਰਨ ਲਗੀ ।

She tore off her clothes, put clay on her head, rolled on the ground in tense pain, grief and lamented bittery again and again.

630

ਰਸਾਵਲ ਛੰਦ ॥

ਜਬੈ ਰਾਮ ਦੇਖੇ ॥ ਮਹਾ ਰੂਪ ਲੇਖੇ ॥
ਰਹੀ ਨਿਯਾਦਿ ਸੀਸੰ ॥ ਸਬੈ ਨਾਰ ਈਸੰ ॥

ਜਦੋਂ ਰਾਵਣ ਦੀਆਂ ਰਾਣੀਆਂ ਨੇ ਰਾਮ ਨੂੰ ਦੇਖਿਆ ਤਾਂ ਉਨਾਂ ਦਾ ਤੇਜਸਵੀ ਰੂਪ ਦੇਖ ਕੇ ਸਭਨਾਂ ਨੇ ਸੀਸ ਨਿਵਾਏ ।

On beholding, Rama the effulgent, his glory and radience, all the queens of Ravana, bowed their heads in reverence.

631

ਲਖੈ ਰੂਪ ਮੋਹੀ ॥ ਫਿਰੀ ਰਾਮ ਦੇਹੀ ॥
ਦਈ ਤਾਹਿ ਲੰਕਾ ॥ ਜਿਮੰ ਰਾਜ ਟੰਕਾ ॥

ਰਾਮ ਦੇ ਰੂਪ ਦੇਖਦੀਆਂ ਹੀ ਉਹ ਮੋਹੀਆਂ ਗਈਆਂ। ਉਹਨਾਂ ਨੇ ਰਾਮ ਨੂੰ ਸਹਾਇਤਾ ਕਰਨ ਲਈ ਪ੍ਰਾਰਥਨਾ ਕੀਤੀ, ਕਿ

Digitized by Panjab Digital Library | www.panjabdigilib.org

ਇਹ ਲੰਕਾ ਆਪ ਦੀ ਹੈ ਜਿਵੇਂ ਮਰਜ਼ੀ ਆਵੇ, ਇਸ ਦਾ ਰਾਜ ਸੰਭਾਲੋ ।

They were captivated to see the winning radience of Rama, the effulgent. They solicited his support, help and protection in managing and controlling Lanka, in the manner he held fit.

632

ਕ੍ਰਿਪਾ ਦ੍ਰਿੱਸਟ ਭੀਨੇ ॥ ਤਰੇ ਨੇਤ੍ਰ ਕੀਨੇ ॥
ਝਰੈ ਬਾਰ ਐਸੇ ॥ ਮਹਾਂ ਮੇਘ ਜੈਸੇ ॥

ਜਦੋਂ ਰਾਮ ਨੇ ਉਨਾਂ ਉਤੇ ਮੇਹਰ ਭਰੀ ਨਜ਼ਰ ਕੀਤੀ ਤਾਂ ਦੈਂਤਾਂ ਦੀਆਂ ਇਸਤ੍ਰੀਆਂ ਇਸ ਤਰ੍ਹਾਂ ਰੋਈਆਂ ਜਿਵੇਂ ਸਾਵਣ ਦੇ ਬੱਦਲ ਬਰਸਦੇ ਹਨ ।

When Rama the most gracious, beheld them with compassion, the demon, women folk, wept bitterly with tears like showers of dense clouds.

633

ਛਕੀ ਰੇਖ ਨਾਰੀ ॥ ਸਰੰ ਕਾਸ ਮਾਰੀ ॥
ਬਿਧੀ ਰੂਪ ਰਾਮੰ ॥ ਮਹਾਂ ਧਰਮ ਧਾਮੰ ॥

ਉਹ ਰਾਮ ਦੇ ਰੂਪ ਨੂੰ ਦੇਖਦਿਆਂ ਮੋਹਿਤ ਹੋ ਗਈਆਂ । ਕਾਮ ਦੇ ਤੀਰਾਂ ਨਾਲ ਵਿੰਨੀਆਂ ਗਈਆਂ । ਮ੍ਰਿਯਾਦਾ ਪ੍ਰਸ਼ੋਤਮ ਰਾਮ ਦੇ ਰੂਪ ਨੇ ਉਨਾਂ ਨੂੰ ਘਾਇਲ ਕਰ ਦਿਤਾ ।

They were enchanted, captivated and charmed to behold the most elegant, graceful and winsome personality of Rama, the incarnation of Vishnu the effulgent.

Digitized by Panjab Digital Library | www.panjabdigilib.org

634

ਤਜੀ ਨਾਥ ਪ੍ਰੀਤੰ ॥ ਚਤੇ ਰਾਮ ਚੀਤੰ ॥
ਰਹੀ ਜੋਰ ਨੈਣੰ ॥ ਕਹੇ ਮੰਦ ਬੈਣੰ ॥

ਉਨਾ ਨੂੰ ਰਾਵਣ ਦਾ ਪਿਆਰ ਵਿਸਰ ਗਿਆ । ਰਾਮ ਦਾ ਸਰੂਪ ਹਿਰਦੇ ਵਿਚ ਵਸ ਗਿਆ । ਉਨ੍ਹਾਂ ਵਲ ਦੇਖਣ ਲਗੀਆਂ ਅਤੇ ਮਿਠੇ ਮਿਠੇ ਬਚਨ ਕਰਨ ਲਗੀਆਂ ।

Love of Kavana, disappeared, vanished, and went out of their minds. Rama, the incarnate and most captivating, was rooted in their hearts. They kept on beholding him and talked to him in sweet words.

635

ਸੀਯਾ ਨਾਥ ਲੀਤੇ ॥ ਹਰੰ ਹਾਰ ਜੀਕੇ ॥
ਲਏ ਜਾਤ ਚਿਤੰ ॥ ਮਨੋ ਚੋਰ ਬਿਤੰ ॥

ਸੀਤਾ ਦੇ ਪਤੀ, ਰਾਮ ਦੀ ਸੁੰਦਰਤਾ ਇਉਂ ਸਭਨਾਂ ਦੇ ਹਿਰਦਿਆਂ ਨੂੰ ਮਿੱਤੀ ਜਾਂਦੀ ਸੀ ਅਤੇ ਚੋਰੀ ਕਰੀ ਜਾਂਦੀ ਸੀ ਜਿਵੇਂ ਕੋਈ ਚੋਰ, ਧਨ ਨੂੰ ਚੁਰਾ ਲੈਂਦਾ ਹੈ ।

Rama the effulgent, Lord of Sita, bewitched, charmed and stole their hearts as a robber steals treasures.

636

ਸਬੈ ਪਾਇ ਲਾਗੇ ॥ ਪਤੰ ਦੇਹ ਤਯਾਗੇ ॥
ਲਗੀ ਧਾਇ ਪਾਯੰ ॥ ਸਬੈ ਨਾਰਿ ਆਯੰ ॥

ਸਾਰੀਆਂ ਹੀ ਨਾਰੀਆਂ ਇਸ ਗਲ ਨੂੰ ਭੁਲ ਗਈਆਂ ਕਿ ਰਾਮ, ਉਨ੍ਹਾਂ ਦੇ ਪਤੀ ਦੇ ਵੈਰੀ ਸਨ । ਸਾਰੀਆਂ ਰਾਣੀਆਂ ਆ ਕੇ ਰਾਮ ਦੇ ਪੈਰੀ ਪਈਆਂ ।

Digitized by Panjab Digital Library | www.panjabdigilib.org

All the women and queens of Ravana,
sallied forth, fell on the honoured feet
of Rama, the incarnate, forgetting all about
his hostility and enemity towards their
Lord Ravana.

637

ਮਹਾਂ ਰੂਪ ਜਾਨੇ ॥ ਚਿਤੰ ਚੋਰ ਮਾਨੰ ॥
ਚੁਭੇ ਚਿੱਤ ਐਸੇ ॥ ਸਿਤੰ ਗਾਇ ਕੈਸੇ ॥

ਰਾਮ ਦੇ ਅਤਿ ਸੁੰਦ ਸਰੂਪ ਨੇ ਉਹਨਾਂ ਦੇ ਹਿਰਦੇ ਨੂੰ ਚੋਰੀ ਕਰ
ਲਿਆ, ਅਤੇ ਉਨਾਂ ਦੇ ਹਿਰਦੇ ਨੂੰ ਇਉਂ ਵਿਨਿਆ ਜਿਵੇਂ
ਚਿਟਾ ਤੀਰ ਵਿੰਨਦਾ ਹੈ ।

The most charming Rama the effulgent,
captivated and pierced their hearts
like a sharp white arrow.

638

ਲਗੋ ਹੇਮ ਰੂਪੰ ॥ ਸਬੈ ਭੂਪ ਭੂਪੰ ॥
ਰੰਗ ਰੰਗ ਨੈਣੰ ॥ ਛਕੇ ਦੇਵ ਗੈਣੰ ॥

ਰਾਮ, ਸਾਰੇ ਰਾਜਿਆਂ ਦਾ ਰਾਜਾ ਜਾਪਦਾ ਸੀ । ਉਸ ਦੀ
ਸੁਨੈਹਰੀ ਪ੍ਰਭਾ ਬੜੀ ਅਨੁਪਮ ਲਗ ਰਹੀ ਸੀ । ਸਾਰੇ ਦੇਵਤੇ
ਗਣ ਅਤੇ ਗੰਧਰਵ ਉਨਾ ਦਾ ਸਰੂਪ ਦੇਖ ਦੇਖ ਕੇ ਖੁਸ਼ ਹੋਣ ਲਗੇ ।

Rama, the effulgent, looked glorious and
radient and appeared like the king of kings.
All the gods and gandharwas felt delighted
to see his charm.

639

ਜਿਨੈ ਏਕ ਬਾਰੰ ॥ ਲਖੇ ਰਾਵਣਾਰੰ ॥
ਰਹੀ ਮੋਹਡ ਹੈ ਕੈ ॥ ਰਹੀ ਦੇਖ ਲੈ ਕੈ ॥

Digitized by Panjab Digital Library | www.panjabdigilib.org

ਜੇ ਕਿਸੇ ਨੇ, ਇੱਕ ਵਾਰੀ ਵੀ ਰਾਵਣ ਨੂੰ ਮਾਰਨ
ਵਾਲੇ ਰਾਮ ਦਾ ਸੁੰਦ੍ ਸਰੂਪ ਦੇਖ ਲਿਆ ਤਾਂ ਉਹੋ ਹੀ ਮੋਹਿਤ
ਹੋ ਗਿਆ ਅਤੇ ਦੇਖਦਾ ਹੀ ਰਹਿ ਗਿਆ ।

Who so ever beheld, Rama, the effulgent,
the destroyer of Ravana, the demon king,
for even once, he was captivated and
bewitched, and kept on looking upon him
constantly.

640

ਛਕੀ ਰੂਪ ਰਾਮੰ ॥ ਗਏ ਭੂਲ ਧਾਮੰ ॥
ਕਰਯੰ ਰਾਮ ਬੋਧੰ ॥ ਮਹਾਂ ਜੁਧ ਜੋਧੰ ॥

ਰਾਮ ਦੇ ਰੂਪ ਉਤੇ ਮੋਹੇ ਹੋਏ, ਉਹ ਘਰ ਜਾਣਾ ਵੀ ਭੂਲ
ਗਏ । ਰਾਮ ਨੇ ਉਨਾਂ ਨੂੰ ਦਸਿਆ ਕਿ ਉਨਾਂ ਨੂੰ ਐਠਾ
ਮਹਾਨ ਯੁਧ ਕਿਉਂ ਕਰਨਾ ਪਿਆ ।

Spell bound and exceedingly delighted
they forgot to return home. Rama, the
incarnate consoled them and informed them
the reasons of waging the great war
against Ravana.

641

ਰਾਮ ਵਾਚ ਮਚੋਦਰੀ ਪ੍ਰਤਿ ॥ ਰਸਾਵਲ ਛੰਦ ॥

ਸੁਨੇ ਰਾਜ ਨਾਰੀ ॥ ਕਹਾਂ ਭੂਲ ਹਮਾਰੀ ॥
ਚਿਤੰ ਚਿੱਤ ਕੀਜੈ ॥ ਪੁਨਰ ਦੋਸ ਦੀਜੈ ॥

ਰਾਮ ਨੇ ਮਹਾਰਾਣੀ ਮੰਦੋਦਰੀ ਨੂੰ ਕਿਹਾ, "ਹੇ ਰਾਣੀ ਮੋਰੀ
ਭੂਲ ਖਿਮਾ ਕਰਨੀ ਕਿ ਮੈਂ ਆਪ ਦੇ ਪਤੀ ਨੂੰ ਯੁਧ ਵਿਚ ਮਾਰਿਆ
ਹੈ । ਚਿਤ ਵਿੱਚ ਯੁਧ ਕਰਨ ਦਾ ਕਾਰਨ ਵਿਚਾਰਨਾ, ਫੇਰ
ਮੈਨੂੰ ਦੋਸ਼ ਦੇਨਾ ।"

Digitized by Panjab Digital Library | www.panjabdigilib.org

Rama, the incarnate addressing the queen Mandodri said, "O worshipful queen, pardon me for my action of killing your Lord in the battlefield. Acuse me after giving me allowances for the reasons of fighting against him."

642

ਮਿਲੈ ਮੋਹ ਸੀਤਾ ॥ ਚਲੈ ਧਰਮ ਗੀਤਾ ॥
ਪਠਯੋ ਪਉਨ ਪੂਤੰ ॥ ਹੁਤੋ ਅਗ੍ਰ ਦੂਤੰ ॥

ਤਦ ਰਾਮ ਨੇ ਕਿਹਾ, "ਹੁਣ ਮੇਰੀ, ਗੀਤਾ ਤੋਂ ਵੀ ਪਵਿਤ੍ਰ ਸੀਤਾ ਮੈਨੂੰ ਦਿਓ।" ਉਸ ਸਮੇਂ ਪਵਨ-ਪੁਤ੍ਰ ਹਨੂੰਮਾਨ ਨੂੰ ਸੀਤਾ ਦਾ ਹਾਲ ਪੁਛਨ ਲਈ ਘਲਿਆ।

There upon Rama, the incarnate asked Hanuman, the Pavan-Putar, to take leave and ascertain the welfare of his beloved Sita who was pious like Geeta.

643

ਚਲਾਯੋ ਧਾਇ ਕੈ ਕੈ ॥ ਸੀਯਾ ਬੋਧ ਲੈ ਕੈ ॥
ਹੁਤੀ ਬਾਗ ਮਾਹੀ ॥ ਤਰੇ ਬ੍ਰਿਛ ਛਾਹੀ ॥

ਹਨੂੰਮਾਨ ਜਲਦੀ ਨਾਲ ਉਸ ਬਾਗ ਵਿੱਚ ਗਿਆ ਜਿਥੇ ਇਕ ਰੁਖ ਦੀ ਛਾਯਾ ਹੇਠਾਂ ਸੀਤਾ ਬੈਠੀ ਸੀ।

Hanuman rushed forth and arrived at the garden, where Sita was sitting under the shadow of a tree.

644

ਪਰਯੋ ਜਾਇ ਪਾਯੰ ॥ ਸੁਨੋ ਸੀਯ ਮਾਯੰ ॥
ਰਿਪੰਰਾਮ ਮਾਰੇ ॥ ਖਰੇ ਤੋਹਿ ਦੁਆਰੇ ॥

Digitized by Panjab Digital Library | www.panjabdigilib.org

ਹਨੂੰਮਾਨ ਜਾ ਕੇ ਸੀਤਾ ਦੇ ਪੈਰੀਂ ਪਿਆ ਅਤੇ ਕਹਿਣ ਲਗਾ,
"ਹੇ ਮਾਤਾ, ਰਾਮ ਨੇ ਸਾਰੇ ਸ਼ਤਰੂਆਂ ਨੂੰ ਮਾਰ ਦਿਤਾ ਹੈ ਅਤੇ
ਹੁਣ ਮਿਲਨ ਲਈ ਆਪ ਦੇ ਦੁਆਰ ਉਤੇ ਖੜੇ ਹਨ।"

Hanuman approached Sita, most humbly and after offering obeisance said, "O worshipful noble lady, I deliver to you the happy news that Rama your Lord, has attained victory, vanquished the great enemy and is waiting at your door to meet you."

645

ਚਲੋ ਬੇਗ ਸੀਤਾ ॥ ਜਹਾਂ ਰਾਮ ਜੀਤਾ ॥
ਸਬੈ ਸਤ੍ਰ ਮਾਰੇ ॥ ਭੂਅ ਭਾਰ ਉਤਾਰੇ ॥

"ਹੇ ਸੀਤੇ : ਓਥੇ ਚਲੋ ਜਿਥੇ ਰਾਮ ਨੇ ਸ਼ਤਰੂ ਨੂੰ ਜਿਤਿਆ ਹੈ।
ਸਾਰੇ ਵੈਰੀਆਂ ਨੂੰ ਮਾਰ ਕੇ ਧਰਤੀ ਦਾ ਭਾਰ ਹੌਲਾ ਕੀਤਾ ਹੈ।"

"O Noble lady, proceed to the place, where Rama, the incarnate has destroyed the enemy, to protect the earth from the burden of the wicked demons.

646

ਚਲੀ ਮੋਦ ਕੈ ਕੈ ॥ ਹਨੂ ਸੰਗ ਲੈ ਕੈ ॥
ਸੀਆ ਰਾਮ ਦੇਖੇ ॥ ਉਹੀ ਰੂਪ ਲੇਖੇ ॥

ਹਨੂੰਮਾਨ ਦੇ ਨਾਲ, ਸੀਤਾ ਬੜੀ ਖੁਸ਼ੀ ਖੁਸ਼ੀ ਤੁਰ ਪਈ।
ਉਥੇ ਸੀਤਾ ਨੇ ਰਾਮ ਨੂੰ ਉਸੇ ਤੇਜਸਵੀ ਰੂਪ ਵਿੱਚ ਦੇਖਿਆ।

Accompanied by Hanuman, Sita, set forth, cheerfully and with great delight. There she beheld the same glorious and rediant face of Rama, the effulgent.

Digitized by Panjab Digital Library | www.panjabdigilib.org

647

ਲਗੀ ਆਨ ਪਾਯੰ ॥ ਲਖੀ ਰਾਮ ਰਾਯੇ ॥
ਕਹਯੋ ਕਵਲ ਨੈਨੀ ॥ ਬਿਧੂ ਬਾਕ ਬੈਨੀ ॥

ਸੀਤਾ ਨੇ ਆ ਕੇ ਰਾਮ ਦੇ ਪੈਰਾਂ ਉਤੇ ਮੱਥਾ ਟੇਕਿਆ । ਜਿਸ ਵੇਲੇ ਰਾਮ ਨੇ ਸੀਤਾ ਨੂੰ ਦੇਖਿਆ ਤਾਂ ਕਿਹਾ, "ਹੇ ਕੰਵਲ ਨੈਣੀ, ਅਤੇ ਮਿਠ ਬੋਲੀ ਸੀਤਾ ।"

Sita offered obeisence and salutation to Rama, her Lord. When Rama, the incarnate saw her, he said, "O Lotus eyed and sweet tongued beloved."

648

ਧਸੋ ਆਗ ਮੱਧੰ ॥ ਤਬੈ ਹੋਇ ਸੁਧੰ ॥
ਲਈ ਮਾਨ ਸੀਸੰ ॥ ਰਚਯੋ ਪਾਵਕੀਸੰ ॥

"ਰਾਵਣ ਦੇ ਕੋਲ ਰਹਿ ਕੇ, ਮੈਨੂੰ ਕੀ ਪਤਾ ਕਿ ਤੂੰ ਸੁਧ ਰਹੀ ਹੈ ਯਾ ਨਹੀਂ । ਇਸ ਲਈ ਤੂੰ ਅਗਨੀ ਪ੍ਰੀਖਿਆ ਦੇਹ ।" ਸੀਤਾ ਨੇ ਅਗਨੀ ਪ੍ਰੀਖਿਆ ਦੇਨੀ ਸਵੀਕਾਰ ਕਰ ਲਈ । ਉਸੇ ਵੇਲੇ ਚਿਤਾ ਤਿਆਰ ਕੀਤੀ ਗਈ ।

Having lived with Ravana, how can I take you back, considering you chaste and pure. Enter into flames for the trial, and give the proof of your chastity. Sita accepted the trial, immediately the pyre was prepared.

649

ਗਈ ਪੈਠ ਐਸੇ ॥ ਘਨੰ ਬਿੱਜ ਜੈਸੇ ॥
ਸੁਤੰ ਜੋਮ ਗੀਤਾ ॥ ਮਿਲੀ ਤੇਮਸੀਤਾ ॥

ਸੀਤਾ, ਚਿਖਾ ਵਿੱਚ ਜਾ ਕੇ ਇਉਂ ਪੈਠ ਗਈ ਜਿਵੇਂ ਕਾਲੇ ਕਾਲੇ ਬਦਲਾਂ ਵਿੱਚ ਬਿਜਲੀ । ਜਿਵੇਂ ਗੀਤਾ ਦੀ ਸਚਾਈ ਉਤੇ ਅਖਾਹ

Digitized by Panjab Digital Library | www.panjabdigilib.org

ਭਰੋਸਾ, ਵਿਸ਼ਵਾਸ਼ ਅਤੇ ਸ਼ਰਧਾ ਹੁੰਦੀ ਹੈ ਤਿਵੇਂ ਸੀਤਾ ਆਪਣੀ ਸਚਾਈ ਦੇ ਭਰੋਸੇ ਚਿਖਾ ਵਿਚ ਜਾ ਕੇ ਬੈਠ ਗਈ ।

Sita, the chaste and noble lady, entered into the flames, like a flash of lighting midst dark dense clouds. With a firm and immutable faith in her chastity and sincerity, like the established unshaken immeasurable faith and trust in the truthfulness of the Holy Geeta, Sita sat on flames of fire."

650

ਧਸੀ ਧਾਇ ਕੈ ਕੈ ॥ ਕਢੀ ਕੁੰਦਨ ਹ੍ਵੈ ਕੈ ॥
ਗਰੇ ਰਾਮ ਲਾਈ ॥ ਕਬੰ ਕ੍ਰਿਤੱ ਗਾਈ ॥

ਸੀਤਾ, ਅੱਗ ਦੀਆਂ ਲਾਟਾਂ ਵਿੱਚ, ਨਿਧੜਕ ਹੋ ਕੇ ਧੱਸ ਗਈ ਅਤੇ ਉਸ ਵਿਚੋਂ ਕੁੰਦਨ ਹੋ ਕੇ ਨਿਕਲ ਆਈ । ਰਾਮ ਨੇ ਉਸ ਨੂੰ ਗਲੇ ਨਾਲ ਲਾ ਲਿਆ । ਕਵੀਆਂ ਨ ਬੜੀ ਮਹਿਮਾ ਗਾਇਨ ਕੀਤੀ ।

Without a particle of fear Sita entered the flames, to under go the ordeal. She emerged out of flames like pure gold. Rama, the incarnate, accepted her with delight. The bards sang her glory immensely.

651

ਸਬੈ ਸਾਧੁ ਮਾਨੀ ॥ ਤਿਹੂੰ ਲੋਗ ਜਾਨੀ ॥
ਬਜੇ ਜੀਤ ਬਾਜੇ ॥ ਤਬੈ ਰਾਮ ਗਾਜੇ ॥

ਸਭਨਾਂ ਨੇ ਸੀਤਾ ਨੂੰ ਪਵਿਤ੍ਰ ਮੰਨਿਆ । ਤਿੰਨਾਂ ਲੋਕਾਂ ਵਿੱਚ ਸੀਤਾ ਦੀ ਮਹਿਮਾ ਹੋਈ । ਤਦ ਜਿਤ ਦੇ ਵਾਜੇ ਵਜਾਏ ਗਏ ਅਤੇ ਰਾਮ ਬਹੁਤ ਪ੍ਰਸੰਨ ਹੋਏ ।

Digitized by Panjab Digital Library | www.panjabdigilib.org

Every one accepted her as pure and stainless. In all the three worlds, people sang glory of the purest Sita. Bands and trempet played the tunes to celebrate the victorious day. Rama, the incarnate felt excedingly happy.

652

ਲਈ ਜੀਤ ਸੀਤਾ ॥ ਮਹਾਂ ਸੁਭ੍ਰ ਗੀਤਾ ॥
ਸਬੈ ਦੇਵ ਹਰਖੇ ॥ ਨਭੰ ਪੁਹਪ ਬਰਖੇ ॥

ਮਹਾਨ ਅਤੇ ਅਤੀ ਸੁੰਦ੍ ਸੀਤਾ ਨੂੰ ਪਾ ਕੇ ਰਾਮ ਬੜੇ ਖੁਸ਼ ਹੋਏ । ਸ੍ਹਾਰੇ ਦੇਵਤੇ ਪ੍ਰਸੰਨ ਹੋਏ । ਉਨਾਂ ਨੇ ਅਕਾਸ਼ ਤੋਂ ਫੁਲਾਂ ਦੀ ਬਰਖਾ ਕੀਤੀ ।

Rama, the incarnate was exceedingly happy to receive the charming and most bewitchingly beautiful Sita. All the gods felt delighted and showered flowers from the blue firmament.

(ਇਤੀ ਸ੍ਰੀ ਬਚਿਤ੍ ਨਾਟਕੇ ਰਾਮਾਤਾਰ ਬਤੀਬਨ ਕੋ ਲੰਕ ਰਾਜ ਦੀਬੋ ਮਦੋਦਰੀ ਸਮੋਧ ਕੀਬੋ ਸੀਤਾ ਮਿਲਬੋ ਧਯਾਇ ਸਮਾਪਤੰ)

653

ਅਥ ਅਜੁਧੱਯਾ ਆਗਮਨ ਕਥਨੰ ॥ ਰਸਾਵਲ ਛੰਦ ॥

ਤਬੈ ਪੁਹਪ ਪੈ ਕੈ ॥ ਚੜੇ ਜੁਧ ਜੈ ਕੈ ॥
ਸਬੈ ਸੂਰ ਗਾਜੇ ॥ ਜਯੰ ਗੀਤ ਬਾਜੇ ॥

ਤਦ ਪੁਸ਼ਪਕ ਬਿਮਾਨ ਵਿੱਚ ਬੈਠ ਕੇ, ਸਾਰੇ ਜੋਧਿਆ ਅਤੇ ਸੂਰਬੀਰਾਂ ਸਮੇਤ ਜਿੰਨਾਂ ਨੇ ਜੁਧ ਵਿੱਚ ਹਿਸਾ ਲਿਆ ਸੀ

Digitized by Panjab Digital Library | www.panjabdigilib.org

ਰਾਮ ਅਯੁਧਿਆ ਨੂੰ ਚਲ ਪਏ । ਜਿਤ ਦੇ ਨਾਹਰੇ ਲਗਾਏ ਗਏ । ਜੈ ਜੈ ਕਾਰ ਹੋਈ । ਵਿਜਯ ਦੇ ਗੀਤ ਗਾਏ ਗਏ ।

Seated in Pushpaka Vimana, Rama, the incarnate, along with all the mighty heroes and warriors-who allied to him in waging the war; started for Ayudhya. Songs of Victory were sung. Hymns in praise of the splendid and illustrious Victory were chanted. Rama, the Incarnate, was cheered and glorified for the conquest.

654

ਚਲੇ ਮੋਦ ਹੈ ਕੈ ॥ ਜਪੀ ਬਾਜਨ ਲੈ ਕੈ ॥
ਪੁਰੀ ਅਵਧ ਪੰਨੀ ॥ ਮੁਤੇ ਸੁਰਜਾ ਲਖੀ ॥

ਖੁਸ਼ੀਆਂ ਦੇ ਵਿਚ ਮਸਤ ਹੋਇਆ ਹੋਇਆ ਕਪਿ ਦਲ ਵੀ ਬਿਬਾਨ ਵਿਚ ਬੈਠ ਕੇ ਅਵਧ ਪੁਰੀ ਨੂੰ ਰਾਮ ਦੇ ਨਾਲ ਚਲਿਆ । ਉਨਾ ਨੂੰ ਦੇਖਨ ਲਈ ਸੁਰਗ ਵਿਚੋਂ ਮ੍ਰਿਤਕ-ਦਸਰਥ ਵੀ ਆਏ ।

Highly delighted and engaged in merry making the Kapi host, sat in the Vimana, and most cheerfully proceeded towards Ayodhya. Dasaratha also came from the Heavens to behold the delightful sight.

655

ਮਕਰਾ ਛੰਦ ॥

ਸੀਯ ਲੌ ਸੀਏਸ ਆਏ ॥ ਮੰਗਲ ਮੁਚਾਰ ਗਾਏ ॥
ਆਨੰਦ ਹੀਏ ਬਢਾਏ ॥ ਸਹਰ ਅਵਧ ਜਹਾਰੇ ॥

Digitized by Panjab Digital Library | www.panjabdigilib.org

ਸੀਤਾ ਨੂੰ ਲੈ ਕੇ, ਸੀਤਾ ਦੇ ਪਤੀ, ਰਾਮ, ਜਿਥੇ ਅਵਧ ਸ਼ਹਿਰ ਸੀ ਉਥੇ ਆਏ। ਉਥੇ ਬੜੀਆਂ ਖੁਸ਼ੀਆਂ ਅਤੇ ਮੰਗਲਾਚਾਰ ਹੋਏ। ਸਭਨਾਂ ਨੂੰ ਬਹੁਤ ਅਨੰਦ ਪ੍ਰਾਪਤ ਹੋਇਆ।

Rama, the Lord of Sita, accompanied by her, reached Ayodhya city. The joyous shouts rented the city. Auspicious and blissful rites were performed. Every body rejoiced to the utmost, satiated in tranquillity.

656

ਧਾਈ ਲੁਗਾਈ ਆਵੈ ॥ ਭੀੜ ਨ ਬਾਰ ਪਾਵੈ ॥
ਆਕਲ ਖਰੇ ਉਘਾਵੈ ॥ ਭਾਖੈ ਢੋਲਨ ਕਹਾਂ ਰੇ ॥

ਅਵਧ ਦੀਆਂ ਨਰ, ਨਾਰੀਆਂ, ਹੁੰਮ ਹੁੰਮਾ ਕੇ ਦਰਸ਼ਨਾਂ ਨੂੰ ਆਈਆਂ। ਐਨੀ ਭੀੜ ਹੋ ਗਈ ਕਿ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਸੀ। ਵਡੇ ਵਡੇ ਬੁਧੀਮਾਨ ਵੀ ਉਡੀਕ ਵਿਚ ਬਿਹਬਲ ਹੋ ਗਏ। ਉਚੀ ਉਚੀ ਜੈ ਜੈ ਕਾਰ ਦੇ ਨਾਹਰੇ ਲਾਨ ਲਗੇ ਅਤੇ ਕਹਿਣ ਲਗੇ "ਦਸੋ ਸਾਡਾ ਪਿਆਰਾ ਢੋਲ, ਰਾਮ ਕਿਥੇ ਹੈ ?"

All the men and women of Avedh, collected together to behold their beloved Rama, the incarnate. The whole population crowded and thronged like a swarm of multitude. Many wise and sagacious men got agitated, longing to see their reverend and most endeared Lord. They shouted his glory and asked, "Where is our beloved, where is our dear one ?"

657

ਜੁਲਫੈ ਅਨੂਪ ਜਾਂਕੀ ॥ ਨਾਗਨ ਕਿ ਸਿਯਾਹ ਬਾਂਕੀ ॥
ਅਤਭੁਤ ਅਦਾਇ ਤਾਂਕੀ ॥ ਐਸੇ ਢੋਲਨ ਕਹਾਂ ਹੈ ॥

Digitized by Panjab Digital Library | www.panjabdigilib.org

ਜਿਸ ਦੀਆਂ ਕਾਲੀਆਂ ਸਿਆਹ ਜੁਲਫ਼ਾਂ ਬੜੀਆਂ ਅਨੂਪਮ ਸ਼ੋਭਾਂ ਦੇਂਦੀਆ ਹਨ । ਜਿਸ ਦੀ ਅਦਾ ਬੜੀ ਪਿਆਰੀ ਹੈ । ਉਹ ਸਾਡਾ ਪਿਆਰਾ ਰਾਮ ਕਿਥੇ ਹੈ ?

Where is our most adored, Rama the incarnate, with incomparable, lovely and peerless black curly locks.

658

ਸਰਵੋ ਸਹੀ ਚਮਨਰਾ ॥ ਧਰ ਚੁਸਤ ਜਾਂ ਵਤਨ ਕੋ ॥
ਜਿਨ ਦਿਲ ਹਰਾ ਹਮਾਰਾ ॥ ਵਹ ਮਨ ਹਰਨ ਕਹਾਂ ਹੈ ॥

ਜਿਹੜਾ ਸਰੂ ਦੀ ਤਰ੍ਹਾਂ ਲੰਮਾ ਹੈ ਅਤੇ ਫੁਲਾਂ ਦੀ ਤਰ੍ਹਾਂ ਖਿੜਿਆ ਰਹਿਣ ਵਾਲਾ, ਆਪਣੇ ਹਮ-ਵਤਨਾਂ ਦੀ ਜਿੰਦ ਜਾਨ ਹੈ ਅਤੇ ਜਿਸ ਨੇ ਸਾਡਾ ਦਿਲ ਚੁਰਾਇਆ ਹੋਇਆ ਹੈ, ਉਹ ਸਾਡਾ ਚਿੱਤ-ਚੋਰ ਕਿਥੇ ਹੈ ?

Where is our adorable one, who has charmed our hearts and bewitched them ? Who is tall like cypress tree, ever smiling like blossomed flowers and is the beloved of his country men ?"

659

ਚਿਤ ਕੋ ਚੁਰਾਇ ਲੀਨਾ ॥ ਜ਼ਾਲਮ ਫਿਰਾਕ ਦੀਨਾਂ ॥
ਜਿਨ ਦਿਲ ਹਰਾ ਹਮਾਰਾ ॥ ਵਹ ਗੁਲਚਿਹਰ ਕਹਾਂ ਹੈ ॥

ਜਿਹੜਾ ਸਾਡੇ ਚਿੱਤ ਨੂੰ ਚੁਰਾ ਕੇ ਸਾਨੂੰ ਵਿਛੋੜੇ ਦੀ ਭਠੀ ਵਿਚ ਸੁਟ ਗਿਆ ਸੀ ਉਹ ਸੋਹਣਾ ਕਿਥੇ ਹੈ ?

Where is our fascinating and winning sweet heart, who bereaved us in separation ?

Digitized by Panjab Digital Library | www.panjabdigilib.org

660

ਕੋਊ ਬਤਾਇ ਦੇ ਰੇ ॥ ਚਾਹੋ ਸੁ ਆਨ ਲੈਰੇ ॥
ਜਿਨ ਦਿਲ ਹਰਾ ਹਮਾਰਾ ॥ ਵਹ ਮਨ ਹਰਨ ਕਹਾਂ ਹੈ ॥

"ਕੋਈ ਸਾਨੂੰ ਦਸੇ ਅਤੇ ਮੂੰਹੋ ਮੰਗੀਆਂ ਮੁਰਾਦਾਂ ਪਾਵੇ । ਜਿੰਨੇ ਸਾਡਾ ਦਿਲ ਚੋਰੀ ਕੀਤਾ ਹੈ ਉਹ ਸਾਡਾ ਮਨਮੋਹਣ ਕਿਥੇ ਹੈ ?"

"Pray tell us and you will be amply rewarded with your first best wish. Where is our desired Lord, who has stolen our hearts ?"

661

ਮਾਤੇ ਮਨੋ ਅਮਲ ਕੇ ॥ ਹਰੀਆ ਕਿ ਜਾਂ ਵਤਨ ਕੇ ॥
ਆਲਮ ਕੁਸ਼ਾਇ ਖੂਬੀ ॥ ਵਹ ਗੁਲ ਚਿਹਰ ਕਹਾਂ ਹੈ ।

"ਜਿਹੜਾ ਮਰਯਾਦਾ ਪ੍ਰਸ਼ੋਤਮ ਹੈ । ਜਿਹੜਾ ਸਾਡੇ ਸਰੀਰ ਅਤੇ ਮਨ ਨੂੰ ਹਰਨ ਵਾਲਾ ਹੈ । ਜਿਹੜਾ ਸਾਰੇ ਸੰਸਾਰ ਦਾ ਦਿਲਕਸ਼ ਹੈ । ਉਹ ਗੁਲਾਬ ਦੇ ਫੁਲ ਵਰਗੇ ਖਿੜੇ ਹੋਏ ਚਿਹਰੇ ਵਾਲਾ ਕਿਥੇ ਹੈ ?"

Where is our beloved, with the blossomed rose like face, the fascinater of our bodies and hearts, charmer of the world, and the most resolute in the propriety of conduct ?

662

ਆਲਮ ਅਦਾਇ ਲੀਨੇ ॥ ਖੰਜਨ ਖਿਸਾਨ ਕੀਨੇ ।
ਜਿਨ ਦਿਲ ਹਰਾ ਹਮਾਰਾ ॥ ਵਹ ਮਹ ਬਦਨ ਕਹਾਂ ਹੈ ॥

"ਜਿਸ ਦਾ ਠਾਜ ਅਤੇ ਨਖਰਾ ਮਨ ਨੂੰ ਕੋਹ ਸੁਟਦਾ ਹੈ ਅਤੇ ਖੰਜਨ ਦੀ ਤਰ੍ਹਾਂ ਮੁੜ ਮੁੜ ਕੇ ਆਪਣੇ ਵੰਨੇ ਦੇਖਣ ਨੂੰ ਪ੍ਰੇਰਦਾ ਹੈ, ਉਹ ਚੰਦ੍ ਮੁੱਖ ਮਨ ਮੋਹਣ ਕਿਥੇ ਹੈ ?"

Digitized by Panjab Digital Library | www.panjabdigilib.org

"Where is our adored beloved, fairer than the moon, who bewitched our hearts with his most elegant and graceful coquetry, attracted us again and again towards himself to fondle ?"

663

ਜ਼ਾਲਮ ਆਦਾਇ ਲੀਨੇ ॥ ਜਾਨਕੁ ਸ਼ਰਾਬ ਪੀਨੇ ॥
ਰੁਖਸਰ ਜਹਾਨ ਤਾਂਬਾ ॥ ਵਹ ਗੁਲ ਬਦਨ ਕਹਾਂ ਹੈ ॥

ਸਿਹ ਦੀ ਬਾਂਕੀ ਅਦਾ ਮਨ ਨੂੰ ਇਉਂ ਮਸਤ ਕਰ ਦੇਂਦੀ ਹੈ ਜਿਵੇਂ ਕਿਸੇ ਨੇ ਸ਼ਰਾਬ ਪੀਤੀ ਹੋਵੇ । ਜਿਸ ਦੀਆਂ ਗੱਲਾਂ ਜਹਾਨ ਨੂੰ ਰੋਸ਼ਨ ਕਰਦੀਆਂ ਹਨ । ਉਹ ਪੁਸ਼ਪ ਸਮ ਕੋਮਲ, ਸਾਡਾ ਪਿਆਰਾ ਕਿਥੇ ਹੈ ?"

Where is our fascinator, captivator delicate, than flowers, with cheeks brighter than the sun, and intoxicates like liquor, with his fine coquetry.

664

ਜ਼ਾਲਮ ਜਮਾਲ ਖ਼ੂਬੀ ॥ ਰੌਸ਼ਨ ਦਿਮਾਗ ਅਖ਼ਸਰ ॥
ਖ਼ੁਰ ਦਸਤ ਜਾਂ ਜਿਗਰ ਹਾ ॥ ਵਹ ਗੁਲ ਚਿਹਰ ਕਹਾਂ ਹੈ ॥

"ਜਿਹੜਾ ਅਤਿ ਸੁੰਦਰ ਹੈ । ਜਿਸ ਦਾ ਮਸਤਕ ਪ੍ਰਕਾਸ਼ ਮਈ ਹੈ । ਜਿਹੜਾ ਅਤਿ ਤੇਜਸੱਵੀ ਹੈ । ਉਹ ਪੁਸ਼ਪ ਸਰੂਪ ਕਿਥੇ ਹੈ ?"

"Where is our rose faced beloved, who is exceedingly beautiful, supreme in intelligence, glorious, magnificent and effulgent."

665

ਬਾਲਮ ਬਿਦੇਸ਼ ਆਏ ॥ ਜੀਤੇ ਜੁਆਨ ਜ਼ਾਲਮ ॥
ਕਾਮਲ ਕਮਾਲ ਸੂਰਤ ॥ ਵਹ ਗੁਲ ਚਿਹਰ ਕਹਾਂ ਹੈ ॥

"ਸਾਡਾ ਪਿਆਰਾ, ਜਿਹੜਾ ਪ੍ਰਦੇਸ਼ ਵਿਚੋਂ ਜੁਆਨਾਂ ਨੂੰ ਜਿਤ ਕੇ ਆਇਆ ਹੈ । ਜਿਹੜਾ ਕਮਾਲ ਦਾ ਖ਼ੂਬਸੂਰਤ ਹੈ, ਉਹ ਕਮਲ-ਸਰੂਪ ਕਿਥੇ ਹੈ ?"

Digitized by Panjab Digital Library | www.panjabdigilib.org

"Where is our lotus faced darling, who is perfect in beauty, who is coming from abroad, after winning victory over the mighty young demons."

666

ਰੋਸ਼ਨ ਜਹਾਨ ਖ਼ੂਬੀ ॥ ਜ਼ਾਹਰ ਕਲੀਮ ਹਫ਼ਤਜ ॥
ਆਲਮ ਕੁਸ਼ਾਇ ਜਲਵਾ ॥ ਵਹ ਗੁਲ ਚਿਹਰ ਕਹਾਂ ਹੈ ॥

"ਜਿਸ ਦੀ ਸੋਭਾ ਸਾਰੇ ਸੰਸਾਰ ਅਤੇ ਸੱਤਾਂ ਵਲੈਤਾਂ ਵਿੱਚ ਪਸਰੀ ਹੋਈ ਹੈ ਜਿਸ ਨੇ ਕੁਲ ਸੰਸਾਰ ਦਾ ਦਿਲ ਮੋਹਿਆ ਹੋਇਆ ਹੈ, ਉਹ ਰੂਪ ਵਾਨ ਕਿਥੇ ਹੈ ?"

"Where is the exceedingly handsome, who is resplendently glorious, known all the world over and over the seven regions, who is the captivator of the whole creation ?"

667

"ਜੀਤੇ ਬਜੰਗ ਜਾਲਮ ॥ ਕੀਨੇ ਖਤੰਗ ਪਰੱਰਾ ॥
ਪੁਹਪਕ ਬਿਬਾਨ ਬੈਠੇ ॥ ਸੀਤਾ ਰਵਨ ਕਹਾਂ ਹੈ ॥

"ਜਿਸ ਨੇ ਅਜਿਤ ਸ਼ਤਰੂਆਂ ਨੂੰ ਜਿਤਿਆ ਹੈ । ਜਿਸ ਨੇ ਤੀਰਾਂ ਨੂੰ ਉੱਡਨ ਯੋਗ ਬਣਾ ਦਿਤਾ ਹੈ ਜਿਹੜਾ ਪੁਸ਼ਪਕ ਵਿਬਾਨ ਵਿੱਚ ਬੈਠ ਕੇ ਆਇਆ ਹੈ । ਉਹ ਸੀਤਾ ਦਾ ਪਤੀ ਕਿਥੇ ਹੈ ?"

"Where is our beloved Lord of Sita, who has come in a Pushpak Vimana after winning the victory over the invincible enemies and winged his arrows to enable them to fly violently.

668

ਮਾਦਰ ਖ਼ੁਸਾਲ ਖਾਤਰ ॥ ਕੀਨੇ ਹਜ਼ਾਰ ਡਾਵਰ ॥
ਮਾਤੁਰ ਸ਼ਿਤਾਬ ਧਾਈ ॥ ਵਹ ਗੁਲ ਚਿਹਰ ਕਹਾਂ ਹੈ ॥

Digitized by Panjab Digital Library | www.panjabdigilib.org

"ਜਿਸ ਨੇ ਮਾਤਾ ਦੀ ਖੁਸ਼ੀ ਵਾਸਤੇ ਸਭ ਕੁਝ ਕੁਰਬਾਨ ਕਰ ਦਿਤਾ ।
ਜਿਸ ਨੂੰ ਮਿਲਨ ਲਈ ਉਸ ਦੀ ਮਾਤਾ ਜਲਦੀ ਨਾਲ ਆਈ ਹੈ,
ਉਸ ਪੁਸ਼ਪ ਸਰੂਪ ਕਿਥੇ ਹੈ ?"

"Where is our flower faced most delicate
beloved, who sacrificed everything for the
happiness of his mother. Whom the mothers,
enraptured in delight have rushed to
behold his holy face ?"

(ਇਤਿ ਸ੍ਰੀ ਰਾਮ ਅਵਤਾਰ ਸੋਭਾ ਅਯੁਧਯਾ
ਆਗਮ ਨਾਮ ਧਯਾਇ ਸਮਾਪਤੰ ॥
ਅਥ ਕਥਨੰ ॥)

669

ਰਸਾਵਲ ਛੰਦ ॥

ਸੁਨੈ ਰਾਮ ਆਏ ॥ ਸਭੈ ਲੋਕ ਧਾਏ ॥
ਲਗੇ ਆਨ ਪਾਯੰ ॥ ਮਿਲੇ ਰਾਮ ਰਾਯੰ ॥

ਜਦੋਂ ਜੋਅਧਿਆ ਵਾਸੀਆਂ ਨੇ ਸੁਣਿਆ ਕਿ ਰਾਮ ਆਏ ਹਨ,
ਤਾਂ ਉਹ ਸਾਰੇ ਨੱਸ ਆਏ । ਰਾਮ ਨੂੰ ਮਿਲ ਕੇ ਉਨ੍ਹਾਂ ਦੇ ਪੈਰੀ ਪਏ ।

When the whole population of Ayodhya
heard about the arrival of Rama, the
incarnate, they rushed forth in delight.
They all embraced, Lord's holy feet.

670

ਕੋਊ ਚੋਰ ਚਾਰੈਂ ॥ ਕੋਊ ਪਾਨ ਖੁਆਰੈ ॥
ਪਰੈ ਮਾਤ ਪਾਯੰ ॥ ਲਏ ਕੰਠ ਲਾਯੰ ॥

ਕੋਈ ਚੋਰ ਝੁਲਾਨ ਲੱਗਾ, ਕੋਈ ਪਾਨ ਖੁਆਨ ਲੱਗਾ । ਰਾਮ ਨੇ
ਜਦੋਂ ਮਾਤਾ ਕੁਸ਼ਲਿਆਂ ਨੂੰ ਦੇਖਿਆ ਤਾਂ ਉਨਾਂ ਦੇ ਪੈਰੀਂ ਪਏ
ਅਤੇ ਮਾਤਾ ਜੀ ਨੇ ਉਨਾਂ ਨੂੰ ਆਪਣੇ ਗੱਲੇ ਲਗਾ ਕੇ ਪਿਆਰ ਕੀਤਾ ।

Digitized by Panjab Digital Library | www.panjabdigilib.org

Some waved royal flapper over him and
some gave him auspicious articles to eat.
When Rama, the incarnate, saw his mother, he
clasped her feet. She embraced him in
affection and delight, and pressed him to
his bosom.

671

ਮਿਲੇ ਕੰਠ ਰੱਵੇਂ ॥ ਮਨੋ ਸੋਕ ਧੋਵੇਂ ॥
ਕਰੇ ਬੀਰ ਬਾਤੈਂ ॥ ਸੁਨੇ ਸਰਬ ਮਾਤੈਂ ॥

ਰਾਮ ਅਤੇ ਲਛਮਨ ਨੂੰ ਕੰਠ ਨਾਲ ਲਗਾ ਕੇ ਮਾਤਵਾਂ ਰੋ ਰੋ ਕੇ
ਆਪਣੀ ਬਿਹਾ ਦੀ ਕਾਲਖ ਧੋਣ ਲਗੀਆਂ, ਫੇਰ ਉਨ੍ਹਾਂ ਕੋਲੋਂ
ਬਣਬਾਸ ਦੀਆਂ ਗਲਾਂ ਸੁਣਨ ਲਗੀਆਂ ।

The royal mothers embraced Rama and Lakshmna
and clasped them close to their hearts,
beaming with love and affection they shed
tears to wash away the painful blot of
separation. There upon they heard to their
woeful tales of the forest life.

672

ਮਿਲੇ ਲਛ ਮਾਤੈਂ ॥ ਪਰੇ ਪਾਇ ਭ੍ਰਾਤੈਂ ॥
ਕਰਯੋ ਦਾਨ ਏਤੇ ॥ ਗਨੈ ਕਵੁਨ ਕੇਤੇ ॥

ਰਾਮ, ਫੇਰ ਲਛਮਨ ਦੀ ਮਾਤਾ ਸੁਮਿਤ੍ਰਾ ਨੂੰ ਜਾ ਕੇ ਮਿਲੇ ।
ਅਤੇ ਉਨ੍ਹਾਂ ਦਾ ਭਰਾ ਲਛਮਨ ਵੀ ਮਾਤਾ ਦੇ ਪੈਰੀ ਪਿਆ ।
ਮਾਤਾ ਨੇ ਖਸੀ ਵਿੱਚ ਐਨਾ ਦਾਨ ਕੀਤਾ । ਜਿਹੜਾ ਗਿਣਿਆ
ਨਹੀਂ ਜਾ ਸ਼ਕਦਾ ।

Then Rama, the incarnate, approached Lakshmna's
mother, Sumitra, Lakshman also clasped her
feet. She felt so happy that she distributed
alms, in exceedingly liberal way.

Digitized by Panjab Digital Library | www.panjabdigilib.org

673

ਮਿਲੇ ਭੂਖ ਮਾਤੰ ॥ ਕਹੀ ਸਰਬ ਬਾਤੰ ॥
ਧਨੰ ਮਾਤ ਤੋਕੋ ॥ ਅਰਿਣਿ ਕੀਨ ਮੋਕੋ ॥

ਤਦ ਰਾਮ, ਭਰਤ ਦੀ ਮਾਤਾ ਕੈਕਈ ਨੂੰ ਜਾ ਕੇ ਮਿਲੇ। ਉਨ੍ਹਾਂ ਨਾਲ ਸਾਰੀਆਂ ਗਲਾਂ ਕੀਤੀਆਂ। ਅਤੇ ਕਹਿਣ ਲਗੇ, "ਹੇ ਮਾਤਾ ਤੂੰ ਧੰਨ ਹੈ, ਤੂੰ ਮੈਨੂੰ ਮੇਰੇ ਪਿਤਾ ਦੇ ਰਿਣ ਤੋਂ ਮੁਕਤ ਕਰ ਦਿੱਤਾ ਹੈ।"

Then Rama, the incarnate, met Bharata's mother, Kaikey, talked to her and narrated his tales and said, "O mother, I express my gratitude to you for enabling me to pay off the debt of my royal father."

674

ਕਹਾਂ ਦੋਸ ਤੇਰੇ ॥ ਲਿਖੀ ਲੱਖ ਮੇਰੇ ॥
ਹੁਨੀ ਹੈ ਸੁ ਹੋਈ ॥ ਕਰੈ ਕਉ ਨ ਕੋਈ ॥

"ਹੇ ਮਾਤਾ ਤੇਰਾ ਕੋਈ ਦੋਸ ਨਹੀਂ, ਜੋ ਬਿਧਾਨਾ ਨੇ ਲਿਖਿਆ ਸੀ ਸੋ ਹੋਇਆ ਹੈ। ਜੋ ਹੋਣਾ ਸੀ ਸੋ ਹੋ ਗਿਆ, ਹੁਣ ਕੁਝ ਵੀ ਨਾ ਕ ।

"O, mother, every thing has happened according to the ordained Supreme will, you are not at all, at fault. Do not say anything now."

675

ਕਰੋ ਬੋਧ ਮਾਤੰ ॥ ਮਿਲਯੋ ਫੇਰ ਭ੍ਰਾਤੰ ॥
ਸੁਨਯੋ ਰਾਮ ਪਾਏ ॥ ਪਗੰ ਸੀਸ ਲਾਏ ॥

ਇਉਂ ਭਰਤ ਦੀ ਮਾਤਾ ਨੂੰ ਸਿਖਿਆ ਦੇ ਕੇ, ਰਾਮ ਭਰਥ ਨੂੰ ਜਾ ਕੇ ਮਿਲੇ, ਜਿਸ ਵੇਲੇ ਭਰਤ ਨੇ ਸੁਣਿਆ ਕਿ ਰਾਮ ਆਏ ਹਨ ਤਾਂ ਉਹ ਸ਼ੀਘਰ ਹੀ ਆਏ ਅਤੇ ਉਨਾ ਦੇ ਪੈਰੀ ਪਏ।

Digitized by Panjab Digital Library | www.panjabdigilib.org

Instructing her in this manner, Rama, the incarnate, proceeded towards Bharta. As soon as Bharta learnt about the arrival of his reverend brother, he came to meet him and embraced his holy feet.

676

ਭਰੋ ਰਾਮ ਅੰਕੰ ॥ ਮਿਟੀ ਸਰਬ ਸੰਕੰ ॥
ਮਿਲਿਯੋ ਸਤ੍ਰ ਹੰਤਾ ॥ ਸਰੰ ਸਾਸਤ੍ਰ ਗੰਤਾ ॥

ਰਾਮ ਨੇ ਉਸ ਨੂੰ ਬਾਹਵਾਂ ਵਿਚ ਲੈ ਕੇ ਜਫੀ ਪਾਈ। ਉਨਾਂ ਦੇ ਸਭ ਸੰਸੇ ਭਰਮ ਦੂਰ ਹੋ ਗਏ। ਫਿਰ ਰਾਮ ਸ਼ਤ੍ਰੂਘਣ ਨੂੰ ਮਿਲੇ ਜਿਹੜਾ ਸ਼ਸਤ੍ਰ ਵਿਦਿਆ ਵਿੱਚ ਨਿਪੁੰਨ ਸੀ।

Rama, the incarnate, embraced and pressed to his heart, his brother, Bharta. All his doubts and delusions vanished and disappeared. In the mean time, Shatrughna, perfect and skilled in the science of archery, met Rama the incarnate.

677

ਜਟੰ ਧੂਰਿ ਝਾਰੀ ॥ ਪਗੰ ਰਾਮ ਰਾਰੀ ॥
ਕਰੀ ਰਾਜ ਅਰਚਾ ॥ ਦਿਜੰ ਬੇਦ ਚਰਚਾ ॥

ਭਰਤ ਨੇ ਆਪਣੀਆਂ ਜਟਾਂ ਨਾਲ ਰਾਮ ਦੇ ਚਰਨ ਝਾੜੇ। ਉਹਨਾਂ ਦੀ ਪੂਜਾ ਕੀਤਾ ਅਤੇ ਵੇਦ ਪਾਠ ਕੀਤਾ।

With the extreme humility Bharata dusted the holy feet of Rama, the incarnate with the matted hair of his head, worshipped him and chanted holy hymns.

678

ਕਰੈਂ ਗੀਤ ਗਾਨੰ ॥ ਭਰੈ ਬੀਰ ਮਾਨੰ ॥
ਦੀਯੋ ਰਾਮ ਰਾਜੰ ॥ ਸਰੇ ਸਰਬ ਕਾਜੰ ॥

Digitized by Panjab Digital Library | www.panjabdigilib.org

ਬੜੀਆਂ ਖੁਸ਼ੀਆਂ ਮਨਾਈਆਂ ਗਈਆਂ । ਫੇਰ ਬੜੇ ਮਾਨ ਨਾਲ ਭਰਤ ਨੇ ਰਾਮ ਨੂੰ ਰਾਜ ਵਾਪਸ ਕੀਤਾ । ਸਾਰੇ ਕਾਰਜ ਸੁਹੇਲੇ ਹੋ ਗਏ ।

Great rejoicings were held. There upon Bharata with high, dignity and veneration, returned the kingdom, to Rama, the incarnate, which had been conferred on him for some time.

679

ਬੁਲੈ ਬਿਪ੍ਰ ਲੀਨੇ ॥ ਸੁਤੰ ਚਾਰ ਕੀਨੇ ॥
ਭਏ ਰਾਮ ਰਾਜਾ ॥ ਬਜੇ ਜੀਤ ਬਾਜਾ ॥

ਰਿਖੀਆਂ ਮੁਨੀਆਂ ਅਤੇ ਮਾਨਨੀਯ ਬ੍ਰਾਹਮਣਾਂ ਨੂੰ ਸੱਦਾ ਦਿਤਾ । ਸਭ ਪੁਭ ਪ੍ਰਸਿਧ ਅਤੇ ਉਘੀਆਂ ਰੀਤਾਂ ਰਸਮਾਂ ਕੀਤੀਆਂ ਗਈਆਂ । ਰਾਮ ਨੂੰ ਰਾਜਾ ਬਨਾਇਆ ਗਿਆ । ਜਿੱਤ ਦੇ ਵਾਜੇ ਵੱਜੇ ।

Rishies, holy sages and brahminas were invited. All the auspicious famous royal ceremonies were performed. Thereupon Rama, the incarnate, was enthroned as the king. Trumpets played the tune of Victory.

680

ਭੁਜੰਗ ਪ੍ਰਯਾਤ ਛੰਦ ॥

ਚਹੂੰ ਚੱਕਕੇ ਛਤ੍ਰ ਧਾਰੀ ਬੁਲਾਏ ॥
ਧਰੇ ਅੱਤ੍ਰ ਨੀਕੇ ਪੁਰੀ ਅਵਧ ਆਏ ॥
ਗਏ ਰਾਮ ਪਾਸੇ ਪਰਮ ਪ੍ਰੀਤ ਕੈ ਕੈ ॥
ਮਿਲ ਚੱਤ੍ਰ ਦੇਸੀ ਵਡੀ ਭੇਟ ਦੈ ਕੈ ॥

ਚੌਵਾਂ ਦਿਸ਼ਾਵਾਂ ਦੇ ਛਤ੍ਰ ਧਾਰੀ ਰਾਜੇ ਬੁਲਾਏ । ਉਹ ਬੜੇ ਉਤਮ ਪਦਾਰਥ ਲੈ ਕੇ ਅੱਵਧ ਪੁਰੀ ਵਿੱਚ ਆਏ । ਬੜੇ ਪਿਆਰ ਅਤੇ ਸਤਿਕਾਰ ਨਾਲ ਉਹ ਰਾਮ ਦੇ ਪੈਰੀਂ ਪਏ । ਚੌਦਾਂ ਦੇਸ਼ਾਂ ਦੇ ਰਾਜੇ ਬੜੀਆਂ ਬੜੀਆਂ ਭੇਟਾ ਲੈ ਕੇ ਹਾਜ਼ਰ ਹੋਏ ।

Digitized by Panjab Digital Library | www.panjabdigilib.org

Many kings, carrying royal umbrallas, arrived from all the four regions, with best presents to offer. They reached Ayodhya Puri, in humility and reverence, they paid homage to Rama, the incarnate. Kings from various fourteen countries participated in the coronation celebrations with gifts and presents.

681

ਦਏ ਚੀਨ ਮੀਨੰ ਮਚੀਨੰਤ ਦੇਸੰ ॥
ਮਹਾਂ ਸੁੰਦਰੀ ਚੇਰਕਾ ਚਾਰ ਕੇਸੰ ॥
ਮਨੰ ਮਾਨਕੰ ਹੀਰ ਚੀਰੰ ਅਨੇਕੰ ॥
ਕੀਏ ਖੋਜ ਪੱਈਯੈ ਕਹੁੰ ਏਕ ਏਕੰ ॥

ਚੀਨ ਅਤੇ ਮਚੀਨ ਆਦਿ ਦੇਸਾਂ ਦੇ ਰਾਜਿਆਂ ਨੇ ਅਤਿ ਸੁੰਦਰ ਸੋਹਣੇ ਸੋਹਣੇ ਕੇਸਾਂ ਵਾਲੀਆਂ ਦਾਸੀਆਂ ਮਨੀ, ਮਾਣਕ, ਹੀਰੇ ਅਤੇ ਅਨੇਕ ਪ੍ਰਕਾਰ ਦੇ ਬਸਤ੍ਰ ਖੋਜ ਖੋਜ ਕੇ ਇੱਕ ਤੋਂ ਇੱਕ ਵਧੀਆ ਭੇਟਾ ਕੀਤੇ ।

The kings of China and Manchuria presented beautiful damsels of charming lock's, precious and choicest gems, diamonds, jewels and robes of innumerable varieties.

682

ਮਨੰ ਮੁਤੀਯੰ ਮਾਨਕੰ ਬਜਰਾਜੰ ॥
ਦਏ ਦੰਤ ਪੰਤ ਸਜੇ ਸਰਬ ਸਾਜੰ ॥
ਰਥੰ ਬੇਸਟੇ ਹੀਰ ਚੀਰੰ ਅਨੰਤੰ ॥
ਮਨੰ ਮਾਨਕੰ ਬਧੱਛਯੰ ਦੁਰੰਤੰ ॥

ਅਨਮੋਲ ਮਨੀ, ਮੋਤੀ, ਮਾਨਕ ਅਤੇ ਬਜਰਾ ਆਦਿ ਭੇਟ ਕੀਤੇ । ਅਨੇਕਾਂ ਲੰਮੇ ਲੰਮੇ ਦੰਦਾਂ ਵਾਲੇ ਸਿੰਗਾਰੇ ਹੋਏ ਹਾਥੀ, ਰਥ ਅਤੇ ਘੋੜੇ ਤੋਹਫੇ ਦੇ ਤੌਰ ਉਤੇ ਦਿਤੇ ।

Digitized by Panjab Digital Library | www.panjabdigilib.org

Rare precious stones like ruby, pearls, gems etc were offered. Huge elephants beautifully decorated with long tusks, horses and chariots wrapped with fine clothes, were presented as gifts.

683

ਕਿਤੇ ਸੇਤ ਐਰਾਵਤੇ ਤੁਲਦੰਤੀ ॥
ਦਏ ਮੁਤੀ ਅੰਗ ਸਾਜ ਸੱਜੇ ਸੁਪੰਤੀ ॥
ਕਿਤੇ ਬਾਜ ਰਾਜੰ ਜਗੰ ਜੀਨ ਸੰਗੰ ॥
ਨਚੈ ਨਟ ਮਾਨੋ ਮਚੇ ਜੰਗ ਰੰਗੰ ॥

ਕਿੰਨੇ ਹੀ ਸਫੇਦ, ਇੰਦ੍ਰ ਦੇ ਐਰਵਾਤ ਹਾਥੀ ਦੇ ਸਮਾਨ, ਹਾਥੀ, ਸੋਹਣੇ ਸੋਹਣੇ ਸਾਜ਼ਾਂ ਅਤੇ ਮੋਤੀਆਂ ਨਾਲ ਸ਼ਿੰਗਾਰ ਕੇ ਦਿਤੇ । ਕਿੰਨੇ ਹੀ ਵਧੀਆ ਘੋੜੇ ਜ਼ੀਨ ਆਦਿ ਸਮੇਤ ਦਿਤੇ, ਜਿਹੜੇ ਜੰਗ ਵਿਚ ਨੱਟ ਦੀ ਤਰ੍ਹਾਂ ਨਾਚ ਕਰਦੇ ਹਨ ।

Many white elephants like the chief elephant of Lord Indra, highly embellished and adorned were presented. Many horses of best breed, accoutremented and harnessed, which danced like acrobats in the battle-field, were gifted.

684

ਕਿਤੇ ਪਖੱਰੇ ਪੀਲ ਰਾਜਾ ਪ੍ਰਾਣੰ ॥
ਦਏ ਬਾਜ ਰਾਜੀ ਸਿਰਾਜੰ ਕ੍ਰਿਪਾਣੰ ॥
ਦਈ ਰਕਤ ਨੀਲੰ ਮਣੀ ਰੰਗ ਰੰਗੰ ॥
ਲਖਿਯੋ ਰਾਮ ਕੋ ਅਸਤ੍ਰ ਧਾਰੀ ਅਭੰਗੰ ॥

ਕਿੰਨੇ ਹੀ ਜੰਗੀ ਝਾਲਰਾਂ ਨਾਲ ਕਸੇ ਹੋਏ ਹਾਥੀ ਅਤੇ ਘੋੜੇ ਜਿਹੜੇ ਰਾਜਿਆਂ ਨੂੰ ਪ੍ਰਾਣਾਂ ਤੋਂ ਵੀ ਵਧ ਪਿਆਰੇ ਸਨ, ਉਹ

Digitized by Panjab Digital Library | www.panjabdigilib.org

ਸਿਰਾਜ਼ ਦੇ ਰਾਜੇ ਨੇ ਦਿਤੇ । ਕਿੰਨੇ ਹੀ ਰਤਨ, ਨੀਲਮ, ਮਣੀ ਆਦਿ ਕਈ ਰੰਗਾਂ ਦੇ ਅਨਮੋਲ ਮੋਤੀ ਦਿਤੇ । ਰਾਮ ਨੂੰ ਸਭਨਾਂ ਨੇ ਮਹਾਨ ਅਤੇ ਅਜਿੱਤ ਯੋਧਾ ਸਵੀਕਾਰ ਕੀਤਾ ।

Many armoured elephants and horses
were presented by His royal Highness of
Shiraj, waich were very dear to the king.
Many gems, jewels, rubies and sapphires
of various bright shades were offered.
Rama. the incarnate, was recognised as the
invincible and great warrior and hero.

685

ਕਿਤੇ ਪਸਮ ਪਾਟੰਬਾਰੰ ਸੁਰਣ ਬਰਣੰ ॥
ਮਿਲੇ ਭੇਟ ਲੈ ਭਾਂਤ ਭਾਂਤ ਅਭਰਨੰ ॥
ਕਿਤੇ ਪਰਮ ਪਾਟੰ ਬਰੰ ਭਾਨ ਤੇਜੰ ॥
ਦਏ ਸੀਅ ਧਾਮੰ ਸਭੰ ਭੋਜ ਭੋਜੰ ॥

ਕਿੰਨੇ ਹੀ ਪਸ਼ਮ ਦੇ ਅਤੇ ਪੱਟ ਦੇ ਸੋਹਣੇ ਸੋਹਣੇ ਕੀਮਤੀ ਸੋਨੇ ਰੰਗੇ ਭਾਂਤ ਭਾਂਤ ਦੇ ਕਪੜੇ, ਭੇਟਾ ਲੈ ਕੇ ਮਿਲੇ । ਪੱਟ ਦੇ ਕਪੜੇ ਅਜਿਹ ਸੋਹਣੇ ਸਨ ਅਤੇ ਸੋਨੇ ਦੇ ਤੇਜ ਨੂੰ ਵੀ ਮਾਤ ਪਾਂਦੇ ਸਨ । ਕਈ ਭੋਜਨ ਦੇ ਪਦਾਰਥ ਭਟਾ ਹੋਏ । ਸਭ ਸੀਤਾ ਦੇ ਮਹਿਲਾਂ ਵਿੱਚ ਭੇਜ ਦਿਤੇ ।

Innumerable clothes of fine soft wool,
garments of superior silk entwined with
golden thread, which surpassed the lustre
and splendour of the sun, were presented
along with delicious dishes and junkets.
All these gifts were consigned and delivered
in the palace of Sita.

Digitized by Panjab Digital Library | www.panjabdigilib.org

686

ਕਿਤੈ ਕੂਖਣੰ ਭਾਨ ਤੇਜੰ ਅਨੰਤੰ ॥
ਪਠੈ ਜਾਨਕੀ ਭੇਟ ਦੈ ਦੈ ਦੁਰੰਤੰ ॥
ਘਨੇ ਰਾਮ ਮਾਤਾਨ ਕੀ ਭੇਟ ਭੇਜੇ ॥
ਹਰੇ ਚਿੱਤ ਕੇ ਜਾਹਿ ਹੇਰੇ ਕਲੇਜੇ ॥

ਕਿੰਨੇ ਹੀ ਗਹਿਣੇ, ਜਿਹੜੇ ਸੂਰਜ ਵਾਂਗ ਛਲਕਾਂ ਮਾਰਦੇ ਸੀ ਉਹ ਜਾਨਕੀ ਦੇ ਲਈ ਭੇਜੇ ਗਏ । ਕਿੰਨੇ ਹੀ ਗਹਿਣੇ ਕਪੜੇ ਰਾਮ ਨੇ ਮਾਤਾਵਾਂ ਦੇ ਲਈ ਭੇਜ ਦਿਤੇ, ਜਿੰਨਾਂ ਨੂੰ ਦੇਖ ਦੇਖ ਕੇ ਮਨ ਮੋਹਿਆ ਜਾਂਦਾ ਸੀ ।

Numerous ornaments, embellished and jarnished, jewels were delivered to charming Janki. Many more precious ornaments and extremety beautiful jewel were consigned to the mothers.

687

ਘੁੰਮੰ ਚਕ੍ਰ ਚਕ੍ਕੰ ਫਿਰੀ ਰਾਮ ਦੋਹੀ ॥
ਮਨੋ ਬਿਯੋਤੁੱ ਬਾਗੋ ਤਿਮੰ ਸੀਆ ਸੋਹੀ ॥
ਪਠੈ ਛਤ੍ਰ ਦੈ ਦੈ ਛਿਤ੍ਰੰ ਛੋਣ ਧਾਰੀ ॥
ਹਰੇ ਸਰਬ ਗਰਬੰ ਕਰੇ ਪੁਰਬ ਭਾਰੀ ॥

ਰਾਮ ਦਾ ਨਾਮ ਚਾਰੋਂ ਦਿਸ਼ਾਵਾਂ ਵਿਚ ਉਘਾ ਹੋ ਗਿਆ । ਜਿਵੇਂ ਬਸੰਤ ਵਿਚ ਬਾਗ ਖਿੜ ਪੈਂਦਾ ਹੈ ਅਤੇ ਸੁੰਦਰ ਲਗਦਾ ਹੈ ਤਿਵੇਂ ਸੀਤਾ ਖੁਸ਼ ਹੋਈ । ਕਈ ਵਡੇ ਵਡੇ ਰਾਜਿਆਂ ਨੇ ਛਤ੍ਰ ਭੇਟ ਕੀਤੇ । ਬੜੇ ਉਤਸਵ ਅਤੇ ਤਿਉਹਾਰ ਮਨਾਏ ਗਏ ।

Rama, the incarnate, became famous and known, in all the four regions. Sita the charming queen, blossomed like the spring in bloom. Numerous mighty kings presented royal umberallas. Great festivities, fetes and celebrations were held.

Digitized by Panjab Digital Library | www.panjabdigilib.org

688

ਕਟਿਯੋ ਕਾਲ ਏਵੰ ਭਏ ਰਾਮ ਰਾਜੰ ॥
ਫਿਰੀ ਆਨ ਰਾਮੰ ਸਿਰੰ ਸਰਬ ਰਾਜੰ ॥
ਫਿਰਯੋ ਜੋਤ ਪੱਤ੍ਰੰ ਸਿਰੰ ਸੋਭ ਛੱਤ੍ਰੰ ॥
ਕਰੇ ਰਾਜ ਆਗਯਾ ਧਰੇ ਬੀਰ ਅਤ੍ਰੰ ॥

ਇਉਂ, ਕਿੰਨਾ ਹੀ ਸਮਾਂ ਰਾਮ ਨੂੰ ਰਾਜ ਕਰਦਿਆਂ ਗੁਜ਼ਰ ਗਿਆ । ਰਾਮ ਉਤੇ ਸਫੇਦ ਛਤ੍ਰ ਅਤੇ ਚੌਰ ਝੁਲਾਇਆ ਗਿਆ । ਰਾਮ, ਰਾਜਿਆਂ ਸਿਰ ਰਾਜਾ, ਅਰਥਾਤ ਅਧਿਰਾਜ ਸਥਾਪਤ ਕੀਤਾ ਗਿਆ । ਕਿੰਨੀ ਹੀ ਦੇਰ, ਤਦ ਰਾਮ ਨੇ ਇਉਂ ਹੁਕਮ ਹਾਸਲ ਕੀਤਾ ।

In this manner, Rama, the incarnate, ruled for sufficiently long period. Seated on a magnificent throne, under an embellished moon like white royal umbrella and a flapper moved over his head. He was recognised as the sovereign king. He swayed over all the dominions with great eminence.

689

ਦਸੋ ਏਕ ਦੇਕੰ ਅਨੇਕੰ ਪ੍ਰਕਾਰੰ ॥
ਲਖੇ ਸਰਬ ਲੋਕੰ ਸਹੀ ਰਾਵਣਾਰੰ ॥
ਸਹੀ ਬਿਸ੍ਨ ਦੇਵਾ ਰਦਨ ਦੇਹ ਹਰਤਾ ॥
ਚਹੂੰ ਚਕਰ ਜਾਨਿਯੋ ਸੀਯਾ ਨਾਥ ਭਰਤਾ ॥

ਸਾਰੇ ਦੇਵਤਿਆਂ ਨੇ, ਸਾਰੇ ਲੋਕਾ ਨੇ, ਰਾਵਣ ਨੂੰ ਮਾਰਣ ਵਾਲੇ, ਸੀਤਾ ਦੇ ਪਤੀ ਨੂੰ, ਸਚ ਮੁਚ ਬਿਸ਼ਨੂੰ ਦਾ ਅਵਤਾਰ ਮੰਨਿਆ ।

Rama, the incarnate, Lord of the charming Sita, destroyer of the demon king Ravana

Digitized by Panjab Digital Library | www.panjabdigilib.org

was esteemed, honoured and acknowledged as true and real incarnation of Vishnu the effulgent.

690

ਸਹੀ ਬਿਸਨ ਅਵਤਾਰ ਕੌ ਤਹਿ ਜਾਨਿਯੋ ॥
ਸਬੈ ਲੋਕ ਖਿਯਾਤਾ ਬਿਧਾਤਾ ਪਛਾਨਯੋ ॥
ਫਿਰੀ ਚਾਰ ਚੱਕੰ ਚਤੁਰ ਚੱਕ੍ਰੰ ਧਾਰੰ ॥
ਭਯੋ ਚਕਰੱ ਵਰਤੀ ਭੁਅ ਰਾਵਨਾਰੰ ॥

ਰਾਮ ਨੂੰ, ਸਭਨਾਂ ਨੇ ਅਸਲੀ ਵਿਸ਼ਨੂੰ ਦਾ ਅਵਤਾਰ ਮੰਨਿਆ । ਜੰਗ ਵਿੱਚ ਸ਼ਤਰੂਆਂ ਦਾ ਨਾਸ ਕਰਨ ਵਾਲਾ ਪ੍ਰਵਾਣ ਕੀਤਾ । ਚਾਰੇ ਦਿਸ਼ਾਵਾ ਵਿੱਚ ਰਾਮ ਦੀ ਦਹਾਈ ਫਿਰ ਗਈ । ਇਉ ਰਾਮ ਚਕ੍ਰਵਰਤੀ ਰਾਜਾ ਬਣਿਆ ।

Rama, the incarnate, destroyer of the enemy in the battlefield, was rightly recognised as the embodiment of Lord Vishnu. the effulgent. He became known in all the four regions and was acknowledged as the celebrated supreme ruler, universal monarch and a sovereign emperor.

691

ਲਖਯੋ ਪਰਮ ਜੋਗਿੰਦ੍ਰਣੋ ਜੋਗ ਰੂਪੰ ॥
ਮਹਾਂ ਦੇਵ ਦੇਵੰ ਲਖਯੋ ਭੂਪ ਭੂਪੰ ॥
ਮਹਾਂ ਸ਼ਤ੍ਰੁ ਸ਼ਤ੍ਰੁ ਮਹਾਂ ਸਾਧ ਸਾਧੰ ॥
ਮਹਾਂ ਰੂਪ ਰੂਪ ਮਹਾਂ ਬਿਆਧ ਬਿਆਧੰ ॥

ਮਹਾਨ ਯੋਗੀਆਂ ਨੇ ਉਨ੍ਹਾਂ ਨੂੰ ਪਰਮ ਯੋਗੀ ਮੰਨਿਆ । ਦੇਵਤਿਆਂ ਨੇ ਉਨ੍ਹਾਂ ਨੂੰ ਸਰੋਮਣੀ ਦੇਵਤਾ ਜਾਣਿਆ, ਰਾਜਿਆਂ ਨੇ ਉਨ੍ਹਾਂ ਨੂੰ ਮਹਾਰਾਜਾ, ਸੱਤ੍ਰੂਆਂ ਨੇ ਸ਼ਤਰੂਆਂ ਦਾ ਨਾਸ ਕਰਨ ਵਾਲਾ, ਸਾਧੂਆ ਨੇ ਪਵਿਤ੍ਰ ਸਾਧੂ, ਰੂਪਵਾਨਾਂ ਨੇ ਉਨ੍ਹਾਂ ਨੂੰ ਅਤਿ ਰੂਪਵਾਨ, ਰੋਗੀਆਂ ਅਤੇ ਦੁਖੀਆਂ ਨੇ ਉਨ੍ਹਾਂ ਦਾ ਰੋਗ ਅਤੇ ਦੁਖ ਦੂਰ ਕਰਨ ਵਾਲਾ ਮੰਨਿਆ ।

Digitized by Panjab Digital Library | www.panjabdigilib.org

The ascetics and holy sages, considered him to be an ascetic of the high order. The gods acknowledged him to be the foremost jewel amongst the gods. The kings recognised him to be the sovereign ruler. The enemies took him to be the destroyer of the enemies. The holy sages esteemed him as the most holy one. The handsome considered him to be the most bewitching. The sick and the grieved found him to be the remover of the sickness and distress.

692

ਤ੍ਰੀਯੰ ਦੇਵ ਤੁਲੰ ਨਰੰ ਨਾਰ ਨਾਰੰ ॥
ਮਹਾਂ ਜੋਧ ਜੋਧੰ ਮਹਾਂ ਬਾਹ ਬਾਹੰ ॥
ਸੁਤੰ ਬੇਦ ਕਰਤਾ ਗਨੰ ਰੁਦ੍ਰ ਰੂਪੰ ॥
ਮਹਾਂ ਜੋਗ ਜੋਗੰ ਮਹਾਂ ਭੂਪ ਭੂਪੰ ॥

ਸੀਤਾ ਨੇ ਰਾਮ ਨੂੰ ਦੇਵਤੇ ਦੇ ਸਮਾਨ ਮੰਨਿਆ । ਸਾਧਾਰਣ ਮਨੁਖਾਂ ਨੇ ਉਨ੍ਹਾਂ ਨੂੰ ਮਹਾਨ ਵਿਅਕਤੀ ਸਵੀਕਾਰ ਕੀਤਾ । ਯੋਧਿਆਂ ਨੇ ਮਹਾਨ ਯੋਧਾ ਅਤੇ ਗਰੀਬਾਂ ਨੇ ਅੰਨ ਦਾਤਾ ਜਾਣਿਆ । ਸਰਧਾਵਾਨ ਭਗਤਾਂ ਨੇ ਵੇਦਾਂ ਦਾ ਕਰਤਾ, ਦੇਵਤਿਆਂ ਨੇ ਰੁਦ੍ਰ ਦਾ ਰੂਪ, ਯੋਗੀਆਂ ਨੇ ਮਹਾਨ ਯੋਗੀ ਅਤੇ ਰਾਜਿਆਂ ਨੇ ਮਹਾਨ ਰਾਜਾ ਸਮਝਿਆ ।

Sita esteemed her Lord like god, the human masses regarded him to be a great personage and magnate. The warriors accepted him to be an illustrious hero. The poor admitted him to be a liberal, and their benefactor. the devotees respected him like the glorious and supreme creator of the Holy Vedas. Amongst

Digitized by Panjab Digital Library | www.panjabdigilib.org

the gods be was considered Lord Rudra. He was the holiest amongest the sages and emperor amongst the kings.

693

ਪਰੰ ਪਾਰ ਗੰਤਾ ਸਿਵੰ ਸਿੱਧ ਰੂਪੰ ॥
ਬੁਧੰ ਬੁਧ ਦਾਤਾ ਰਿਧੰ ਰਿਧੱ ਕੂਪੰ ॥
ਜਹਾਂ ਭਾਵ ਕੈ ਜੇਨ ਜੈਸੇ ਬਿਚਾਰੇ ॥
ਤਿਸੀ ਰੂਪ ਸੋ ਤਉਨ ਤੈਸੇ ਨਿਹਾਰੇ ॥

ਮਹਯਾਦਾ ਪੁਰੁਸੋਤਮ ਰਾਮ ਨੂੰ, ਸਿੱਧਾਂ ਨੇ ਸ਼ਿਵ ਰੂਪ, ਬੁਧੀਮਾਨਾਂ ਨੇ ਬੁਧ ਰੂਪ, ਦੌਲਤਮੰਦਾਂ ਨੇ ਮਹਾਂ ਦੌਲਤਮੰਦ ਅਤੇ ਧਨੀ ਮੰਨਿਆ। ਤੁਹ ਕੀ ਜਿਸ ਜਿਸ ਭਾਵ ਨਾਲ ਕਿਸੇ ਨੇ, ਰਾਮ ਨੂੰ ਦੇਖਿਆ, ਉਸ ਨੂੰ ਉਹੀ ਉਹੀ ਰੂਪ ਨਜ਼ਰ ਆਏ।

Excellent in propriety of moral conduct, Rama, the incarnate, was considered by the men of learning, as an eminent Poly-histor and ploymath. The rich and wealthy considered him to be magnanimously rich. As a matter of fact, every one found him perfect from any angle he tried to see Rama, the incarnate.

694

ਸਬੈ ਸਸਤ੍ਰ ਧਾਰੀ ਲਹੇ ਸਸਤ੍ਰ ਰੀਤਾ ॥
ਦੁਰੰਦੇ ਵਦੇਹੀ ਲਖੇ ਪ੍ਰਾਣ ਹੰਤਾ ॥
ਜਿਸੀ ਭਾਵ ਸੋ ਜਉਨ ਜੈਸੇ ਬਿਚਾਰੇ ॥
ਤਿਸੀ ਹੰਗ ਕੋ ਕਾਂਛ ਕਾਂਛੇ ਨਿਹਾਰੇ ॥

Digitized by Panjab Digital Library | www.panjabdigilib.org

ਸਾਰੇ ਸਸ਼ਤ੍ਰ ਧਾਰੀਆਂ ਨੇ ਉਨ੍ਹਾਂ ਨੂੰ ਸਭ ਸਸ਼ਤ੍ਰਾਂ ਦਾ ਜਾਨਣ ਹਾਰ
ਅਤੇ ਅਜਿਤ ਵਿਦਰੋਹੀਆਂ ਨੇ ਉਨਾਂ ਨੂੰ ਪ੍ਰਾਣ ਨਾਸ਼ਕ ਜਾਣਿਆ । ਭਾਵ,
ਜਿਸ ਜਿਸ ਭਾਵ ਨਾਲ, ਜਿਸ ਭਾਵਨਾ ਨਾਲ ਕਿਸੇ ਦੇਖਿਆ ।
ਉਸ ਦੀ ਉਹੀ ਭਾਵਨਾ ਪੂਰਣ ਹੋਈ ।

All the men of arms recognised him to be
the most skilled in the science of archery.
The invincible, rebelleous enemies considered
him to be their annihilator. In fact, with
whatever intention, spirit, emotion and
devotion one beheld him, his innermost
desires were entirely satisfied and fulfilled.

695

ਅਨੰਤ ਤੁਕਾ ਭੁਯੰਗ ਪ੍ਰਯਾਤ ਛੰਦ ॥

ਕਿਤੇ ਕਾਲ ਬੀਤਯੋ ਭਯੋ ਰਾਮ ਰਾਜੰ ॥
ਸਬੈ ਸੱਤ੍ਰੁ ਜੀਤੇ ਮਹਾਂ ਜੁੱਧ ਮਾਲੀ ॥
ਫਿਰਯੋ ਚੱਕ੍ਰ ਚਾਰੈ ਦਿਸਾ ਮੱਧ ਰਾਮੰ ॥
ਭਯੋ ਨਾਮ ਤਾਤੇ ਮਹਾਂ ਚੱਕ੍ਰ ਵਰਤੀ ॥

ਕਿੱਨੀ ਹੀ ਦੇਰ ਰਾਮ ਨੇ, ਇਉਂ ਰਾਜ ਕੀਤਾ । ਸਾਰੇ ਦੁਸ਼ਮਨਾ ਨੂੰ
ਜਿਤਿਆ, ਜਿਹੜੇ ਵਡੇ ਵਡੇ ਯੋਧੇ, ਜੁਧ-ਮਾਲੀ ਸਨ ਉਨ੍ਹਾਂ ਨੂੰ ਫਤਹ
ਕੀਤਾ । ਚਾਰੋਂ ਦਿਸ਼ਾਵਾਂ ਵਿੱਚ ਰਾਮ ਦੇ ਨਾਮ ਦਾ ਚਕਰ ਚਲਿਆ ।
ਅਤੇ ਇਸੇ ਕਰ ਕੇ ਰਾਮ, ਚਕਰਵਰਤੀ ਰਾਜਾ ਕਹਿਲਾਇਆ ।

In this manner, Rama, the incarnate reigned
for a pretty long time. He destroyed the
revoltees, rebeleous and invincible kings.
He wielded his sceptre into all the
regions and directions of the world. He
was thus honoured to be the Emperor of the
universe.

Digitized by Panjab Digital Library | www.panjabdigilib.org

696

ਸਬੈ ਬਿਪ ਆਗਸਤ ਤੇ ਆਕ ਲੈ ਕੇ ॥
ਭ੍ਰਿਗੰ ਅੰਗੁਰਾ ਬਯਾਸਤੈ ਲੈ ਵਸਿਸਟੰ ॥
ਬਿਸ੍ਵਾਮਿਤ੍ਰ ਔ ਬਾਲਮੀਕੰ ਸੁਅਤ੍ਰੰ ॥
ਦੁਰਬਾਸਾ ਸਬੈ ਕਸਪ ਤੇ ਆਦਿ ਲੈ ਕੈ ॥

ਇੱਕ ਵਾਰੀ ਰਾਮ ਨੇ ਸਭ ਬ੍ਰਹਮਣਾਂ ਨੂੰ, ਆਦਰ ਯੋਗ ਰਿਸ਼ੀਆਂ ਮੁਨੀਆਂ ਨੂੰ ਬੁਲਾਇਆ । ਜਿੰਨਾਂ ਵਿਚ ਅਗਸੱਤ ਮੁਨੀ, ਭ੍ਰਿੰਗੀ ਰਿਸੀ, ਅੰਗੁਰਾ, ਵਿਆਸ, ਵਸ਼ਿਸ਼ਟ, ਵਿਸ੍ਵਾਮਿਤ੍ਰ, ਬਾਲਮੀਕ, ਅਤ੍ਰ ਮੁਨੀ, ਦੁਰਬਾਸ਼ਾ ਅਤੇ ਕਸ਼ਮ ਮੁਨੀ ਆਦਿ ਵੀ ਸਨ ।

Once, Rama, the incarnate, invited all the Brahmnas, holy sages and saints to his place. Amongst the invitees, were, the holy sage Angusta, Bharingi, Angura, Vyasa, Vasista, Visavamitra, Balmiki, the holy sage Attra, Durbasa and Kayshapa.

697

ਜਬੈ ਰਾਮ ਦੇਖੈ ਸਬੈ ਬਿਪੑ ਆਏ ॥
ਪਰਯੋ ਧਾਇ ਪਾਯੰ ਸੀਆ ਜਗਤ ਨਾਰੰ ॥
ਦਯੋ ਆਸਨੰ ਅਰਘ ਪਾਦਰਘੁ ਤੋਨੰ ॥
ਦਈ ਆਸਖੰ ਮੋਨ ਨੈਸੰ ਪ੍ਰਸੰਨਿਯੰ ॥

ਜਦੋਂ ਰਾਮ ਨੇ ਦੇਖਿਆ ਸਾਰੇ ਬ੍ਰਾਹਮਣ ਆ ਗਏ ਹਨ । ਤਾਂ ਸੀਤਾਂ ਦੇ ਪਤੀ-ਰਾਮ, ਜਲਦੀ ਨਾਲ ਜਾ ਕੇ ਉਨ੍ਹਾਂ ਦੇ ਪੈਰੀ ਪਏ । ਉਨ੍ਹਾਂ ਨੂੰ ਬੈਠਨ ਲਈ ਆਸਨ ਦਿਤਾ, ਪੈਰ ਧੋਤੇ ਅਤੇ ਉਨਾਂ ਦੀ ਪੂਜਾ ਕੀਤੀ । ਅਤੇ ਰਾਮ ਨੇ ਰਿਖੀਆਂ ਨੂੰ ਪ੍ਰਸੰਨ ਕਰਨ ਦੇ ਬੜੇ ਸਾਧਨ ਕੀਤੇ ।

On the arrival of the Brahmnas, holy sages and the saints, Rama, the Lord of Sita, received them with respect and fell at their feet. Offered them best seats, washed their holy feet and worshiped them and paid them homage and honour, and took all the care and precaution, to ensure all comfort to them.

Digitized by Panjab Digital Library / www.panjabdigilib.org

698

ਭਈ ਰਿਖ ਰਾਮ ਵਡੀ ਗਯਾਨ ਚਰਚਾ ॥
ਕਹੋ ਸਰਬ ਜੋ ਪੈ ਬਢੈ ਏਕ ਗ੍ਰੰਥਾ ॥
ਬਿਦਾ ਬਿਪੑ ਕੀਨੇ ਘਨੀ ਦੱਛਨਾ ਦੈ ॥
ਚਲੇ ਦੇਸ ਦੇਸੰ ਮਹਾਂ ਚਿਤ ਹਰਖੰ ॥

ਰਿਖੀਆਂ ਵਿਚ ਅਤੇ ਰਾਮ ਵਿਚ ਬੜੀ ਗਿਆਨ ਚਰਚਾ ਹੋਈ । ਜੇ ਉਸ ਸਾਰੀ ਚਰਚਾ ਦਾ ਵਰਨਣ ਕੀਤਾ ਜਾਏ ਤਾ ਇੱਕ ਹੋਰ ਗ੍ਰੰਥ ਬਣ ਜਾਏ । ਚਰਚਾ ਤੋਂ ਮਗਰੋਂ ਰਾਮ ਨੇ ਸਾਰੇ ਬ੍ਰਹਮਣਾਂ ਨੂੰ ਦਖਨਾ ਦੇ ਕੇ ਵਿਦਾ ਕੀਤਾ । ਸਾਰੇ ਰਿਖੀ, ਮਹਾਂ ਰਿਖੀ, ਬੜੇ ਖੁਸ਼ ਹੋ ਕੇ, ਆਪਣੇ ਆਪਣੇ ਦੇਸ਼ ਨੂੰ ਪਰਤ ਗਏ ।

They debated, discussed and contented, codes of law, scriptures and sacred books of spiritual enlightenment, the details of which require another volume to be written. After the discussion of the high order, Rama the incarnate, permitted them to proceed to their lands. and bestowed on them precious gifts and rewards.

699

ਇਹੀ ਬੀਚ ਆਯੋ ਮ੍ਰਿਤੰ ਸੂਨ ਬਿਪੰ ॥
ਜੀਐ ਬਾਲ ਆਜੋ ਨਹੀਂ ਤੋਹਿ ਸ੍ਰਾਪੰ ।
ਸਬੈ ਰਾਮ ਜਾਨੀ ਚਿਤੰ ਤਾਹਿ ਬਾਤਾ ॥
ਦਿਸੰ ਬਾਚਨੀ ਤੇ ਬਿਬਾਣੰ ਹੰਕਾਰਯੋ ॥

ਇਹਨਾਂ ਹੀ ਦਿਨਾਂ ਵਿੱਚ ਇੱਕ ਬ੍ਰਾਹਮਣ, ਆਪਣੇ ਮਰੇ ਹੋਏ ਬੇਟੇ ਨੂੰ ਲੈ ਕੇ, ਰਾਮ ਦੇ ਦਰਬਾਰ ਵਿਚ ਹਾਜ਼ਰ ਹੋਇਆ । ਕਹਿਣ ਲਗਾ, "ਮੇਰੇ ਬਾਲਕ ਨੂੰ ਜਿਵਾ ਦਿਓ, ਨਹੀਂ ਤੇ ਸ੍ਰਾਪ ਦੇ ਦਿਆਂਗਾ" ਰਾਮ ਨੇ ਉਹਦੇ ਦਿਲ ਦੀ ਸਾਰੀ ਗੱਲ ਸਮਝ ਲਈ ਕਿ ਇਹ ਬ੍ਰਾਹਮਣ ਸੋਚਦਾ ਹੈ ਕਿ ਅੰਨੇ ਹਾਥੀਆਂ ਦੇ ਦਲਾਂ ਦਾ ਮਾਲਕ ਹੋ ਕੇ ਅਤੇ ਬਿਬਾਨ ਆਦਿ ਦੇ ਪ੍ਰਾਪਤ ਹੋ ਜਾਣ ਕਾਰਨ, ਮੇਰੇ ਰਾਜ ਵਿਚ ਕੋਈ ਅਵਗਿਆ ਹੋ ਗਈ ਹੈ । ਜਿਸ ਕਰ ਕੇ ਛੋਟੇ ਬੱਚੇ ਦੀ ਮ੍ਰਿਤੂ ਆਪਣੇ ਪਿਤਾ ਦੇ ਜੀਉਦੇ ਜੀਅ ਹੋਈ ਹੈ।"

Digitized by Panjab Digital Library | www.panjabdigilib.org

One day an old Brahmin, arrived at the Palace gate of Rama, the incarnate, with a dead child on his lap. The Brahmina said, "Restore my dead child to life or I shall curse you." Rama, the incarnate, understood the secret that the Brahmna had a notion that myself having attained Emperorship, have committed some sin or some body else had committed a misdeed, otherwise a young child could not have died in the life time of his father, during Rama Rajya.[1]

700

ਹੁਤੋ ਏਸ ਸੂਦ੍ਰ ਵਿਸਾਓਤ੍ਰ ਮਧੰ ॥
ਝਲੈ ਕੂਪ ਮੱਧੇ ਪਰਯੋ ਔਧ ਮੁਖੰ ॥
ਮਹਾਂ ਉਗ੍ਰ ਤੇ ਜਾਤ ਪਸਯਾਤ ਉਰ੍ਗੰ ॥
ਹਨਯੋ ਤਾਹਿ ਰਾਮੰ ਅਸੰ ਆਪ ਹਾਥੰ ॥

ਰਾਮ ਨੇ ਚਾਰੇਂ ਦਿਸ਼ਾਵਾ ਵਿਚ ਪੁਛ ਪੜਤਾਲ ਕੀਤੀ । ਉਤ੍ਰ ਦਿਸ਼ਾ ਵਿੱਚ ਉਨਾਂ ਨੂੰ ਇਕ [2]ਸ਼ੂਦ੍ਰ ਜਾਤੀ ਦਾ ਉਰ੍ਗੰ ਨਾਮੀ ਆਦਮੀ ਖੂਹ ਦੇ ਵਿੱਚ ਉਲਟਾ ਲਟਕ ਚੇ ਤਪਸਿਆ ਕਰਦਾ ਮਿਲਿਆ । ਰਾਮ ਨੇ ਆਪਣੇ ਹੱਥ ਨਾਲ, ਸ਼ਸਤ੍ਰ ਦੁਆਰਾ, ਉਸ ਦਾ ਸਿਰ ਕੱਟ ਦਿਤਾ ।

---

1. It was a prevalent notion during Rama Rajya that people died untimely because of the sins of the king or that the crimes were not duly punished Or that the people did some misdeed.
2. During those times, a Shudra, or a low caste, was not permitted to practise penance.

Digitized by Panjab Digital Library | www.panjabdigilib.org

Rama, the incarnate, enquired from all the quarters, but no trace of impiety was found. In the Northern regions he found an ascetic of low caste, a shundra practising hard penance, by hanging from a tree, with head hanging downward, in a deep well. Rama, the, incarnate, severed his head with his own sword.

701

ਜੀਯੇ ਬ੍ਰਹਮ ਪੁਤ੍ਰ ਹਰਯੋ ਬ੍ਰਹਮ ਸੋਗੰ ॥
ਥਵੀ ਕ੍ਰਿਤ ਰਾਮੰ ਚਤੁਰ ਕੂੰਟ ਮੱਦੰ ॥
ਕਰਯੋ ਦੁਸ ਸਹੇਸ੍ਰ ਲੰ ਰਾਜ ਅਵਧੰ ॥
ਫਿਰੀ ਚਕਰ ਚਾਰੋ ਬਿਖੈ ਰਾਮ ਦੋਹੀ ॥

ਜਿਉ ਹੀ ਉਗ੍ਰ ਮਰਿਆ । ਬ੍ਰਹਮਣ ਦਾ ਪੁਤ੍ਰ ਜੀਉ ਪਿਆ । ਰਾਮ ਦੀ ਚਾਰੇ ਦਿਸ਼ਾਵਾ ਵਿੱਚ ਵਡੀ ਕੀਰਤੀ ਹੋਈ । ਦਸ ਹਜਾਰ ਸਾਲ ਰਾਮ ਨੇ ਅਵਧ ਵਿੱਚ ਰਾਜ ਕੀਤਾ । ਰਾਮ ਦੇ ਨਾਮ ਦਾ ਚਕਰ ਚੌਹਾਂ ਚੱਕਾਂ ਵਿੱਚ ਫਿਰਿਆ ।

As soon as Ugra was slain, the Brahmna's boy was restored to life. All the regions uttered praise for Rama, the incarnate. In this manner, Rama, the incarnate, ruled over Ayodhya for ten thousand years. Rama became famous and well known sovereign ruler and emporer.

702

ਜਿਣੈ ਦੇਸ ਦੇਸੰ ਨਰੇਸੰਤ ਰਾਮੰ ॥
ਮਹਾ ਜੁੱਧ ਜੇਤਾ ਤਿਹੂ ਲੋਕ ਜਾਨਯੋ ॥
ਦਯੋ ਮੰਤ੍ਰੀ ਅਤ੍ਰੰ ਮਹਾਂ ਭ੍ਰਾਤ ਭਰਥੰ ॥
ਕੀਯੋ ਸੈਨ ਨਾਥੰ ਸੁਮਿਤ੍ਰੰ ਕੁਮਾਰੰ ॥

Digitized by Panjab Digital Library | www.panjabdigilib.org

ਰਾਮ ਨੇ ਬੜੇ ਦੇਸ਼ਾਂ ਦੇ ਰਜਿਆਂ ਨੂੰ ਜਿਤਿਆ । ਤਿੰਨਾਂ ਲੋਕਾਂ ਨੇ ਉਨਾਂ ਨੂੰ ਮਹਾਂ ਜੁਧ ਜਿਤਨ ਵਾਲਾ ਮੰਨਿਆ : ਰਾਮ ਨੇ ਭਰਥ ਨੂੰ ਆਪਣਾ ਮੰਤ੍ਰੀ ਬਣਾਇਆ ਅਤੇ ਸੁਮਿਤ੍ਰਾ ਦੇ ਪੁਤ੍ਰ ਲਛਮਨ ਨੂੰ ਸੈਨਾ ਪਤੀ ਬਣਾਇਆ ।

Rama, the incarnate, conquered many countries and held victory over many kings. He was well known for his heroic feats, and as a man of arms. He appointed Bharata as his minister and Lakshmna, the son of Royal queen Sumitra as the commander of his armed forces.

703

ਅੰਮ੍ਰਿਤ ਗਤ ਛੰਦ ॥

ਸੁਮਤਿ ਮਹਾਂ ਰਿਖ ਰਘੁਬਰ ॥
ਦੁੰਦਭ ਬਾਜਤ ਦਰ ਦਰ ॥
ਜਗ ਕੀ ਅਸਧੁਠਿ ਘਰ ਘਰ ॥
ਪੂਰ ਰਹੀ ਧੁਨਿ ਸੁਰ ਪੁਰ ॥

ਸਾਰੇ ਰਿਖੀਆਂ, ਮਹਾਂ ਰਿਖੀਆਂ ਨੇ, ਰਾਮ, ਰਘੁਬੀਰ ਨੂੰ [1]ਅਸ੍ਵਮੇਧ ਜੱਗ ਕਰਨ ਦੀ ਪ੍ਰੇਰਨਾ ਦਿਤੀ । ਸਾਰੇ ਨਗਰ ਵਿੱਚ ਦੁੰਦਭ ਵਜਾ ਕੇ, ਅਸ੍ਵਮੇਧ ਜੱਗ ਆਰੰਭ ਕਰਨ ਦੀ ਘੋਸ਼ਨਾ ਕੀਤੀ ਗਈ । ਦੇਵ-ਆਂ ਨੇ ਜੈ ਜੈ ਕਾਰ ਦੀ ਧੁਨੀ ਲਾਈ ।

---

1 Aswamedha sacrifice used to be performed for (i) destroying sins. (ii) blessing for getting children. After killing Ugra, Rama, the incarnate expressed his desire to perform Rajsui sacrifice. But Bharata said to him that all the Kings looked upon him as their father. They were all obedient to him, so he must not perform Raj Sui sacrifice to ruin them. Thereupon Lakshmna advised him to perform Aswamedha sacrifice to destroy his sins. (Ramayana Valmiki) (conti. to next page)

Digitized by Punjab Digital Library | www.panjabdigilib.org

The holy sages and saints advised, Rama, the incarnate, to perform Aswamedha sacrifice. A general proclamation was made in the city, with the help of trumpets, for the performance of Aswamedha. The gods shouted cheers in delight.

704

ਸੁਢਰ ਮਹਾਂ ਰਘੁਨੰਦਨ ॥
ਜਗ ਪਤਿ ਮਨਿ ਗਨ ਬੰਦਨ ॥
ਧਰੰ ਧਰ ਲੈ ਨਰ ਚੀਨੇ ॥
ਸੁਖ ਦੈ ਦਖ ਬਿਨ ਕੀਨੇ ॥

ਇਉਂ ਸਡੋਲ ਅਤੇ ਅਤਿ ਸੁੰਦਰ, ਜੱਗ-ਪਤੀ, ਰਘੁਨੰਦਨ, ਵਿਸ਼ਨੂੰ ਦੇ ਅਵਤਾਰ ਨੇ, ਹਰ ਉਮਰ, ਹਰ ਅਵਸਥਾ ਦੇ ਲੋਕਾਂ ਨੂੰ ਸੁਖ ਦਿਤਾ ਅਤੇ ਦੁਖਾਂ ਤੋਂ ਰਹਿਤ ਕੀਤਾ ।

In Aswamedha sacrifice, a black buck and a beautiful horse is let loose with the name of the king written on the forhead, protected under the care of great warriors. The horse is allowed to roam into various territories. The kings and rulers of those places, if agree to the supermacy, they let the horse pass through their land and attend the performance of sacrifice consequently.

The sacrificial ground is prepared with 21 pillars of 1¼ yds wide and seven yards long. Eghteen ladders to perform oblations to consecrated fire are erected, where several birds and animals are offered to the sacred fire to burn. The horse then is sacrificed by the king and the queen, themselves and offered to the consecrated fire.

(conti. to next page)

Digitized by Panjab Digital Library | www.panjabdigilib.org

In this manner, the most attractive, well shaped and graceful Rama, the incarnation of Vishnu, the effulgent, destroyed the sins of men of different age groups, afforded them relief happiness and tranquillity.

705

ਅਰਿ ਹਰ ਨਰ ਕਰ ਜਾਨੇ ॥
ਦੁਖ ਹਰ ਸੁਖ ਕਰ ਮਾਨੇ ॥
ਉਰ ਧਰ ਨਰ ਬਰ ਸੋ ਹੈ ॥
ਰੂਪ ਅਨੂਪ ਅਭੈ ਹੈਂ ॥

ਅਨੂਪਮ ਸਰੂਪ ਅਤੇ ਸ਼ੋਭਾ ਵਾਲੇ ਨਿਰਭੈ ਰਾਮ ਨੂ, ਸ਼ਤਰੂਆਂ ਨੇ, ਅਤੇ ਹੋਰ ਸਭਨਾਂ ਨੇ ਵਿਸ਼ਨੂੰ ਦਾ ਅਵਤਾਰ ਮੰਨਿਆ । ਨਿਸ਼ਚੇ ਕਰਕੇ ਸਰਬ ਸ੍ਰੇਸ਼ਟ ਜਾਣਿਆ । ਉਹਨਾਂ ਦੇ ਦਿਤੇ ਦੁਖਾਂ ਨੂੰ ਸੁਖ ਕਰਕੇ ਸਮਝਿਆ ।

The most charming, unequalled, incomparable, undaunted and glorious, Rama, was recognised by friends and foes as Vishnu, the effulgent, the paramount and foremost of men. They received the pa : or suffering offered by him with great delight and contentment.

706

ਅਨਬਾ ਛੰਦ ॥

ਪ੍ਰਭੁ ਹੈਂ ॥ ਅਜੂ ਹੈਂ ॥
ਅਜੈ ਹੈਂ ॥ ਅਭੈ ਹੈਂ ॥

It is said that a king who performed 100 such sacrifices was entitled as Indra, the mighty. When Dasratha performed this sacrifice, he offered 300 animals to the sacred fire.
(Mahan Kosh)

Digitized by Panjab Digital Library | www.panjabdigilib.org

ਰਾਮ ਰਘੁਬੀਰ ਨੂੰ, ਸਭਨਾਂ ਨੇ ਆਪਣਾ ਪ੍ਰਭੂ, ਅਚਲ, ਅਜਿਤ ਅਤੇ ਅਭੈ ਮੰਨਿਆ ।

Rama, the incarnate, was esteemed ss their Lord, ever young, not liable te deeay or death, insuperable, invincible, most fearless and extremely courageous.

707

ਅਜਾ ਹੈਂ ॥ ਅਭਾ ਹੈਂ ॥
ਅਲੈ ਹੈਂ ॥ ਅਜੈ ਹੈਂ ॥

ਉਨਾਂ ਨੂੰ ਜਨਮ ਰਹਿਤ, ਮਹਾਂ ਦਾਨੀ, ਸ਼ਕਤੀ ਸ਼ਾਲੀ ਅਤੇ ਅਚਲ ਜਾਣਿਆ ।

He was considered to be the epithet of God, beyond death, most powerful, bountiful, generous and magnificent.

708

ਭੁਯੰਗ ਪ੍ਰਯਾਤ ਛੰਦ ॥

ਬੁਲਯੋ ਚੱਤ੍ਰ ਭ੍ਰਾਤੰ ਸੁਮਿਤ੍ਰਾ ਕੁਮਾਰੰ ॥
ਕਰਯੋ ਮਧੁਰੇਸੰ ਤਿਸੇ ਰਾਵਣਾਰੰ ॥
ਤਹਾਂ ਏਕ ਦਈਤੰ ਲਵੰ ਉਗ੍ਰ ਤੇਜੰ ॥
ਦਯੋ ਤਾਹਿ ਅੱਪੰ ਸਿਵੰ ਸੂਲ ਭੇਜੰ ॥

ਇਕ ਦਿਨ ਰਾਵਣ ਦਾ ਨਾਸ ਕਰਨ ਵਾਲੇ ਰਾਮ ਨੇ, ਰਾਣੀ ਸੁਮਿਤ੍ਰਾ ਦੇ ਬੇਟੇ ਸ਼ਤਰੂਘਨ-ਆਪਣੇ ਚੌਥੇ ਭਰਾ, ਨੂੰ ਬੁਲਾਇਆ ! ਅਤੇ ਕਿਹਾ ਕਿ "ਮਧੁਰ ਦੇਸ਼ ਵਿਚ ਇਕ ਲਵਣਾਸੁਰ ਦੈਂਤ ਰਹਿੰਦਾ ਹੈ । ਉਸ ਨੇ ਸ਼ਿਵਜੀ ਕੋਲੋਂ ਇਕ ਨੇਜਾ ਪ੍ਰਾਪਤ ਕੀਤਾ ਹੋਇਆ ਹੈ । ਜਿਸ ਦੇ ਪ੍ਰਤਾਪ ਕਰ ਕੇ ਉਸ ਦੈਂਤ ਦਾ ਬੜਾ ਤੇਜ ਹੈ । ਤੂੰ ਉਸ ਨੂੰ ਮਾਰ ਦੇਹ । ਮੈਂ ਤੈਨੂੰ ਮਧੁਰ ਦੇਸ਼ ਦਾ ਰਾਜਾ ਬਨਾਇਆ ।"

Digitized by Panjab Digital Library | www.panjabdigilib.org

One day, Rama the incarnate, destroyer of Ravana, invited and summoned, Satrughana, his fourth brother son of Royal queen Sumitra, to his court and invested him with the crown of Madhur Desh. He told him that in the city of Madhur there lived a mighty demon named Lavanasura. He was a very powerful and able demon. He was in possession of the most formidable lance, presented to him by god Rudra. It was due to that lance that the demon was very powerful and had become terror for the holy ones. Go and destroy him, and be the king of that place.

709

ਪਠਯੋ ਤੀਰ ਮੰਤ੍ਰੰ ਦੀਯੋ ਏਕ ਰਾਮੰ ॥
ਮਹਾਂ ਜੁਧ ਮਾਲੀ ਮਹਾਂ ਧਰਮ ਧਾਮੰ ॥
ਜਿਵੇ ਸੂਲ ਹੀਣੰ ਜਬੈ ਸੱਤ੍ਰ ਜਾਨਯੋ ॥
ਤਬੈ ਗੰਜ ਤਾਕੈ ਮਹਾਂ ਜੁਧੑ ਠਾਨਯੋ ॥

ਮਹਾਂ ਬਲੀ ਅਤੇ ਮਰਯਾਦਾ ਪ੍ਰਸੋਤਮ ਰਾਮ ਨੇ, ਇਕ ਮੰਤ੍ਰਿਤ ਤੀਰ ਸਤਰੂਘਨ ਨੂੰ ਦਿਤਾ ਅਤੇ ਕਿਹਾ, "ਜਿਸ ਵੇਲੇ ਸ਼ਿਵ ਜੀ ਦਾ ਦਿਤਾ ਹੋਇਆ ਨੇਜ਼ਾ ਲਵਲਾਸੁਰ ਦੇ ਕੋਲ ਨ ਹੋਵੇ ਤਾਂ ਉਸ ਦੇ ਨਾਲ ਯੁਧ ਕਰਨ ਲਈ ਉਸ ਨੂੰ ਲਲਕਾਰਨੀ ।"

All powerful and most restricted to propriety and rules of conduct, Rama, the incarnate, offered him an enchanted and spelled arrow. He also advised him to intercept the demon, on his way and challenge him when he was unarmed, bereft of Rudra's lance.

Digitized by Panjab Digital Library | www.panjabdigilib.org

710

ਲਜੋ ਮੰਤ ਤੀਰ ਚਲਯੋ ਨਿਯਾਇ ਸੀਸ ॥
ਤ੍ਰਿਪੁਰ ਸੁੱਧ ਜੇਤਾ ਚਲਯੋ ਜ਼ਾਨ ਈਸੰ ॥
ਲਖਯੋ ਸੂਲ ਹੀਣੰ ਰਿਪੰ ਜੇਣ ਕਾਲੇ ॥
ਤਬੈ ਕੋਪ ਮੰਡਯੋ ਰਣੰ ਬਿਕੱਰਾਲੇ ॥

ਮੰਤ੍ਰਿਤ ਭੀਰ ਲੈ ਕੇ, ਸ਼ਤਰੁਘਨ ਨੇ ਆਪਣੇ ਕੁਰਾ ਰਾਮ ਨੂੰ, ਤ੍ਰਿਪੁਰੀ ਵਿਜੇਤਾ, ਅਤੇ ਸਭਨਾ ਤੋਂ ਵਡਾ ਮਸਤ ਕੇ, ਮਥਾ ਟੇਕਿਆ ਅਤੇ ਤੁਰ ਪਿਆ । ਜਦੋਂ ਉਸ ਨੇ ਦੇਖਿਆ ਕਿ ਲਵਨਾਸੁਰ ਕੋਲ ਸਿਵਜੀ ਦਾ ਨੇਜਾ ਨਹੀਂ ਹੈ ਤਾ ਉਸ ਨਾਲ, ਉਸ ਨੇ ਘੋਰ ਲੜਾਈ ਕੀਤੀ ।

After taking the enchanted arrow from his brother, whom he held in great esteem and considered him to be the supreme and paramount conquerer of the three worlds, he clasped his holy feet and set forth. When Satrughana found that Lavanasura was without the lance of Rudar he challenged him to duel and the struggle ensued.

711

ਭਜੈ ਘਾਇ ਖਾਯੇ ਅਘਾਯੰਤ ਸੂਰੰ ॥
ਹਸੇ ਕੰਕ ਬੰਕੰ ਘੁੰਮੀ ਗੈਣ ਹੂਰੰ ॥
ਉਠੇ ਟੋਪ ਟੂਕ ਕਮਾਣੰ ਪ੍ਰਹਾਰੇ ॥
ਰਣੰ ਰੋਸ ਰੰਜੇ ਮਹਾਂ ਛਤ੍ਰ ਧਾਰੇ ॥

ਕਈ ਯੋਧੇ ਘਾਇਲ ਹੋ ਹੋ ਕੇ ਨੱਸ ਗਏ । ਕਈਆਂ ਪਾਪੀਆ ਦਾ ਸ਼ਤਰੁਘਨ ਨੇ ਨਾਸ ਕੀਤਾ । ਸ਼ਤਰੁਘਨ ਦੇ ਕੰਕ ਦੇ ਪਰਾਂ ਵਾਲੇ, ਖਮਦਾਰ ਤੀਰ, ਅਕਾਸ਼ ਵਿਚ ਪਰੀਆਂ ਦੀ ਤਰ੍ਹਾਂ ਘੁੰਮਨ ਲਗ । ਕਵੱਚ ਟੁਟ ਗਏ । ਟੋਪ ਡਿੱਗ ਪਏ । ਕਮਾਣਾਂ ਟੁਕੜੇ ਟੁਕੜੇ ਹੋ ਗਈਆਂ । ਬੜਾ ਘੋਰ ਜੁਧ ਹੋਇਆ । ਕਈ ਛਤ੍ਰ ਧਾਰੀ ਰਣ ਵਿਚ ਮਾਰੇ ਗਏ ।

Digitized by Panjab Digital Library | www.panjabdigilib.org

Many warriors were wounded. They took to their heels. Many sinful and hedious demons were destroyed. The volleys of curved arrows, made of feathers of Kank, flew in the sky, like nymphs. The armours were pierced. The helmets were blown off. The bows were broken-into pieces. It was a terrible and dreadful fight. Many princes, kings and chieftains fought furiously.

712

ਫਿਰਯੋ ਅੱਪ ਦਈਤੰ ਮਹਾਂ ਰੋਸ ਕੈ ਕੈ ॥
ਹਣੇ ਰਾਮ ਭ੍ਰਾਤੰ ਵਹੈ ਬਾਣ ਲੈ ਕੈ ॥
ਰਿਪੰ ਨਾਸ ਹੋਤੰ ਦੀਯੋ ਰਾਮ ਅੱਪੰ ॥
ਹਨਯੋ ਤਰਹਿ ਸੀਸੰ ਦੁਗਾ ਜਾਪ ਜਪੰ ॥

ਲਵਨਾਸੁਰ ਦੈਂਤ ਨੇ ਬੜਾ ਯਤਨ ਕੀਤਾ ਕਿ ਉਹ ਰਾਮ ਦੇ ਭਰਾ, ਸ਼ਤਰੂਘਨ ਨੂੰ, ਸ਼ਿਵਜੀ ਦੇ ਨੇਜ਼ੇ ਨਾਲ ਮਾਰੇ ਤੇ ਉਹ ਆਪਣੇ ਘਰ ਦੇ ਅੰਦਰੋ ਜਾ ਕੇ ਲੈ ਆਏ । ਪਰ ਸ਼ਤਰੂਘਨ ਨੇ, ਰਾਮ ਦੇ ਦਿਤੇ ਹੋਏ ਮੰਤ੍ਰਿਤ ਤੀਰ ਨਾਲ, ਦੁਰਗਾ ਦਾ ਜਾਪ ਕਰਕੇ, ਲਵਨਾਸੁਰ ਨੂੰ ਮਾਰ ਦਿਤਾ ।

Lavanasura tried his best to advanee toward his house, to get the formidable lance of Rudra, to kill Shatrughana, brother of Rama, the incarnate. But Shatrughana took up his irresistable shaft given by his brother, with all his physical and divine powers at his command, he struck a fatal blow against the demon.

Digitized by Panjab Digital Library / www.panjabdigilib.org

713

ਗਿਰਯੋ ਝੂੰਮ ਝੂੰਮੰ ਅਘੂਮਯੋ ਅਰਿ ਘਾਯੰ ॥
ਹਣਿਯੰ ਸਤ੍ਰ ਹੰਤਾ ਤਿਸੰ ਚਉਪ ਚਾਯੰ ॥
ਗਣੰ ਦੇਵ ਹਰਖੰ ਪ੍ਰਬਰਖੰਤ ਫੂਲੰ ॥
ਹਤਯੋ ਦੈਤ ਦੱਹੀ ਮਿਟਿਯੋ ਸਰਬ ਸੂਲੰ ॥

ਸ਼ਤਰੂਘਨ ਦੇ ਵਿਸ਼ਿਆਲੇ ਤੀਰ ਦੇ ਲਗਦਿਆਂ ਹੀ, ਲਵਨਾਸੁਰ,
ਝੂੰਮਦਾ ਹੋਇਆ, ਘਾਇਲ ਹੋ ਕੇ, ਧਰਤੀ ਉਤੇ ਡਿਗ ਪਿਆ ।
ਉਸ ਨੂੰ ਮਰਿਆ ਪਿਆ ਦੇਖ ਕੇ, ਸ਼ਤਰੂਘਨ ਨੂੰ ਬੜੀ ਖੁਸ਼ੀ ਹੋਈ ।
ਦੇਵਤਿਆਂ ਨੇ ਫੁਲਾਂ ਦੀ ਬਰਖਾ ਕੀਤੀ । ਦੈਂਤ ਦੇ ਮਰਨ ਦੀ ਖਬਰ
ਚਾਰੋਂ ਪਾਸੇ ਫੈਲ ਗਈ । ਸਾਰੇ ਦੁਖਾਂ ਕਲੇਸ਼ਾਂ ਦਾ ਅੰਤ ਹੋ ਗਿਆ ।

Pierced by the burning arrov of Shatrughana,
Lavanasura, reeled and fell dead on the ground.
Shatrughana felt delighted at his death. The
gods showered flowers in extreme delight,
and victory over the demon. The news of the
death of Lavanasura spread like wild fire,
into all thd regions. In this manner, Shatrughana
put an ent to pain, affliction and suffering
of the people,

714

ਲਵੰ ਨਾਸ ਰੋਯੰ ਲਵੰ ਕੀਨ ਨਾਸੰ ॥
ਸਬੈ ਸੰਤ ਹਰਖੇ ਰਿਪੰ ਕੇ ਉਦਾਸੰ ॥
ਭਜੇ ਪ੍ਰਾਨ ਲੈ ਕੇ ਤਜਯੋ ਨਗਰ ਬਾਸੰ ॥
ਕਰਯੋ ਮਧੁਰੇਸੰ ਪੁਰੀਵਾ ਨਿਵਾਸੰ ॥

ਇਉਂ ਲਵਨ ਦੈਂਤ ਦੇ ਨਾਸ ਕਰਨ ਵਾਲੇ, ਸ਼ਤਰੂਘਨ ਨੇ ਲਵਨਾਸੁਰ
ਨੂੰ ਮਾਰਿਆ । ਸਾਰੇ ਸੰਤ ਜਨਾਂ ਨੂੰ ਬੜੀ ਪ੍ਰਸੰਨਤਾ ਹੋਈ ਪਰ ਦੁਸ਼ਮਨ
ਬੜੇ ਉਦਾਸ ਹੋ ਗਏ । ਉਹ ਨਗਰ ਛੱਡ ਕੇ, ਪ੍ਰਾਣ ਬਚਾ ਕੇ ਨੱਸ ਗਏ ।
ਸ਼ਤਰੂਘਨ ਨੇ ਮਧੁਰਾ ਪੁਰੀ ਵਿਚ ਨਿਵਾਸ ਕੀਤਾ ।

Digitized by Panjab Digital Library | www.panjabdigilib.org

In this manner, the destroyer of Lavanasura demon, Shatrughana, annihilated him. All the saints and holy sages rejoiced but the opponents felt sad and distressed. They left the city and saved their lives. Shatrughana settled himself in Madhura puri.

715

ਭਯੋ ਮਾਧੁਰੇਸੰ ਲਵੇ ਨਾਸ ਹੰਤਾ ॥
ਸਬੈ ਸ਼ਸਤ੍ਰ ਗਾਮੀ ਸੁਭ ਸਸਤ੍ਰ ਗੰਤਾ ॥
ਭਏ ਦੁਸ਼ਟ ਦੂਰੰ ਕਟੂਰੰ ਸੁ ਠਾਮੰ ॥
ਕਰਯੋ ਰਾਜ ਤੈਸੋ ਜਿਮੰ ਅਉਧ ਰਾਮ ॥

ਇਉਂ ਲਵਨਾਸੁਰ ਨੂੰ ਮਾਰਨ ਵਾਲਾ, ਸ਼ਤ੍ਰੁਘਨ, ਸ਼ਸਤ੍ਰ ਵਿਦਿਆ ਦਾ ਧਨੀ, ਸਭ ਸ਼ਸਤ੍ਰਾਂ ਦਾ ਜਾਨਣ ਵਾਲਾ, ਰਾਜਾ ਬਣਿਆ, ਜਿੰਨੇ ਦੁਸ਼ਟ ਅਤੇ ਭੈੜੇ ਦੁਸ਼ਟ ਸਨ, ਸਭ ਉਥੋਂ ਦੂਰ ਭੱਜ ਗਏ । ਅਤੇ ਸ਼ਤ੍ਰੁਘਨ ਇਉਂ ਮਧੁਰ ਦੇਸ਼ ਵਿਚ ਰਾਜ ਕਰਨ ਲਗਾ ਜਿਵੇਂ ਅਯੋਧਿਆ ਵਿਚ ਰਾਮ ਕਰ ਰਹੇ ਸਨ ।

In this manher, Shatrughana, skilled in the art of archery and a man at arms, became the supreme ruler. The wicked, vile and villians decamped away. Shatrughana reigned over Mandhura like, Rama, the incarnate, in Ayodhya.

716

ਕਰਯੋ ਦਸ਼ਟ ਨਾਸੰ ਪਾਪਾਤੰਤ ਸੂਰੰ ॥
ਉਠੀ ਜੋ ਧੁਣੰ ਪੂਰ ਚੀ ਲੋਗ ਪੂਰੰ ॥
ਗਈ ਪਾਰ ਸਿੰਧੰ ਸੁਬਿੰਧੰ ਪ੍ਰਹਾਰੰ ॥
ਸੁਨਯੋ ਚੱਕ੍ਰ ਚਾਰੋ ਲਵੰ ਲਾਵਣਹਾਰੰ ॥

Digitized by Panjab Digital Library | www.panjabdigilib.org

ਇਉਂ ਸ਼ਤ੍ਰੁਘਨ ਨੇ ਦੁਸ਼ਟਾਂ ਅਤੇ ਪਾਪੀਆਂ ਦਾ ਨਾਸ ਕੀਤਾ । ਸਾਰੀ ਪੁਰੀ ਵਿਚ ਉਸ ਦੀ ਜੈ ਜੈ ਕਾਰ ਹੋਈ । ਉਸ ਦੀ ਸੋਭਾ ਸਿੰਧ ਤੋਂ ਅਤੇ ਬਿੰਧਿਆਚਲ ਤੋਂ ਵੀ ਪਰ੍ਹੇ ਫੈਲ ਗਈ । ਮਾਨੋਂ ਲਵਨਾਸੁਰ ਨੂੰ ਮਾਰਨ ਵਾਲੇ ਸਤਰੁਘਣ ਨੂੰ ਚਾਰੇ ਚੱਕ ਜਾਨਣ ਲਗੇ ।

Thus Satrughana, put an end to all the mischievous and impious rogues. He was praised and applauded in the whole city. His glory spread beyond the boundaries of Sindh and Vidhachal. The destrayer of Lavanasur was recognised in all the four regions.

ਇਤੀ ਸੀ ਲਵੰ ਨਾਮ ਦਈਤ ਬਧਹ
ਅਧਆਇ ਸਮਾਪਤੰ ।

717

ਅਬ ਸੀਤਾ ਕੋ ਬਨਬਾਸ ਦੀਬੋ ॥
ਭੁਜੰਗ ਪ੍ਰਯਾਤ ਛੰਦ ॥

ਭਈ ਏਮ ਤੇਨੇ ਦਿਤੈ ਰਾਵਣਾਰੰ ॥
ਕਹੀ ਜਾਨਕੀ ਸੋ ਸੁਕਬੇ ਸੁਧਾਰੰ ॥
ਰਚੇ ਏਕ ਬਾਗੰ ਅਭਿਰਾਮੰ ਸੁ ਸੋਭੰ ॥
ਲਖੇ ਨੰਦਨੰ ਜੋਨ ਕੀ ਕ੍ਰਾਂਤ ਛੋਭੰ ॥

ਏਧਰ, ਇੱਕ ਦਿਨ, ਰਾਵਣ ਦਾ ਨਾਸ ਕਰਨ ਵਾਲੇ ਰਾਮ ਨੇ, ਸੀਤਾ ਨੂੰ ਕਿਹਾ ਕਿ ਉਸ ਨੇ ਇੱਕ ਉਪਵਨ ਰਚਿਆ ਹੈ, ਜਿਸ ਦੀ ਸੋਭਾ ਇੰਦ੍ਰ ਦੇ ਨੰਦਨ ਬਾਗ ਨਾਲੋਂ ਵੀ ਵਧੇਰੀ ਹੈ ।

On the other side, Rama the incarnate, destroyer of, the demon king Ravana, told Sita of the creation of a most beautiful, charming and bewitching garden, which surpassed in beauty, the famous garden of Lord Indra.

Digitized by Panjab Digital Library | www.panjabdigilib.org

718

ਸੁਨੀ ਏਮ ਬਾਨੀ ਸੀਆ ਧਰਮ ਧਾਮੰ ॥
ਰਚਿਯੋ ਏਕ ਬਾਗੰ ਮਹਾਂ ਅਭਿਰਾਮੰ ॥
ਮਣੀ ਕੂਖਤੰ ਹੀਰ ਚੀਰੰ ਅਨੰਤੰ ॥
ਲਖੇ ਇੰਦ੍ ਪੱਥੰ ਨਜੇ ਸੋਭ ਵੰਤੰ ॥

ਜਦੋਂ ਸੀਤਾ ਨੇ, ਮਰਯਾਦਾ ਪ੍ਰਸ਼ੋਤਮ ਰਾਮ ਤੋਂ, ਸੁੰਦ੍ ਉਪਵਨ ਦੀ ਬਾਬਤ ਸੁਣਿਆ ਤਾ ਉਸ ਨੇ ਬੜੇ ਹਾਰ ਸਿੰਗਾਰ ਕੀਤੇ। ਹੀਰੇ ਅਤੇ ਮਣੀ ਦੇ ਗਹਿਣੇ ਪਹਿਣ ਕੇ, ਸੁੰਦ੍ ਸੁੰਦ੍ ਬਸਤ੍ ਧਾਰਨ ਕੀਤੇ। ਜਿਸ ਨੂੰ ਦੇਖ ਕੇ ਇੰਦ੍ ਵੀ ਅਤੇ ਹੋਰ ਵੀ ਸੋਭਾਵੰਤ ਲਜਿਆਮਾਨ ਹੋ ਗਏ।

When Sita heard of the Surpassing beauty of the garden, from her Lord, most elaborately and carefully [illegible] toilete[illegible] and put on best costumes, adorned herself with precious and beautiful ornaments of gems and diamands. Lord, Indra and other glorious kings when beheld her beauty and embellishment, felt humbled.

719

ਮਣੀ ਮਾਲ ਬੱਜੇ ਸੁ ਸੋਭਾਂਇ ਮਾਨੰ ॥
ਸਬੈ ਦੇਵ ਦੇਵੇ ਦੁਤੀ ਸ੍ਵਰਗ ਜਾਨੰ ॥
ਗਏ ਰਾਮ ਤਾਮੋ ਸੀਆ ਸੰਗ ਲੀਨੇ ॥
ਕਿਤੀ ਕੋਟ ਸੁੰਦ੍ਰੀ ਸਬੈ ਸੰਗ ਕੀਨੇ ॥

ਰਾਮ ਵੀ ਮਣੀ ਅਤੇ ਹੀਰਿਆਂ ਦੀ ਮਾਲਾ ਪਾ ਕੇ ਉਸ ਬਾਗ ਵਿਚ ਸੁਭਾਇਮਾਨ ਹੋਏ। ਇਉਂ ਜਾਪਦਾ ਸੀ ਜਿਵੇਂ ਧਰਤੀ ਉਤੇ ਦੂਸਰਾ ਸ੍ਵਰਗ ਆ ਗਿਆ ਹੋਵੇ। ਉਸ ਬਾਗ ਵਿੱਚ ਰਾਮ, ਸੀਤਾ ਨੂੰ ਨਾਲ ਲੈ ਕੇ ਗਏ। ਕਿੰਨੀਆਂ ਹੀ ਹੋਰ ਸੁੰਦ੍ਰੀਆਂ ਉਨਾਂ ਦੇ ਨਾਲ ਗਈਆਂ।

Digitized by Panjab Digital Library | www.panjabdigilib.org

Wearing a necklace decked with diamonds, rubies and gems, Rama, the incarnate, seated himself in the garden and looked most graceful and glorious. It appeared as if the Heaven had descended on earth. Rama, the incarnate, accompanied by his charming wife Sita, entered that garden. Innumerous damsels followed them there.

720

ਰਚਯੋ ਏਕ ਮੰਦ੍ਰੰ ਮਹਾਂ ਸੁਭ੍ਰ ਠਾਮੰ ॥
ਕਰਯੋ ਰਾਮ ਸੈਨੰ ਤਹਾਂ ਧਰਮ ਧਾਮੰ ॥
ਕਰੀ ਕੇਲ ਖੇਲੰ ਸੁ ਖੇਲੰ ਸਭੇਗੰ ॥
ਹੁਤੋ ਜਉਨ ਕਾਲੰ ਸਮੈ ਜੋਸ ਜੋਗੰ ॥

ਉਸ ਅਦਭੁਤ ਬਾਗ ਵਿਚ ਰਾਮ ਨੇ ਇਕ ਅਤਿ ਸੁੰਦ੍ਰ ਮੰਦਰ ਆਪਨੇ ਰਹਿਣ ਲਈ ਅਤੇ ਸੋਣ ਲਈ ਬਣਵਾਇਆ । ਉਸ ਸੁੰਦ੍ਰ ਬੇਲੇ ਵਿੱਚ ਰਾਮ ਨੇ ਭੋਗ ਕੀਤਾ ਅਤੇ ਕੇਲ-ਖੇਲ ਕੀਤਾ, ਜਦੋਂ ਵੀ ਉਸ ਨੂੰ ਰਾਜ ਕਾਜ ਦੇ ਕੰਮਾਂ ਤੋਂ ਵੇਹਲ ਮਿਲਿਆ ।

Rama the incarnate, regaled in that wonderful, admirable and marvellous garden. He retired for the night into the surpassingly beautiful marble palace, erected in the garden. He looked after the royal business during the day and the later half of the day, he spent in that harem.

721

ਰਹਯੋ ਸੀਯ ਗਰਭੰ ਸੁਨਯੋ ਸਰਬ ਬਾਮੰ ॥
ਕਹੋ ਏਮ ਸੀਤਾ ਪੁਨਰ ਬੈਠ ਰਾਮੰ ॥
ਫਿਰੋਂ ਬਾਗ ਬਾਗੰ ਬਿਦਾ ਨਾਥ ਦੀਜੈ ॥
ਸੁਨੋ ਪ੍ਰਾਨ ਪਿਆਰੇ ਇਹੋ ਕਾਜ ਕੀਜੈ ॥

Digitized by Panjab Digital Library | www.panjabdigilib.org

ਇੱਕ ਦਿਨ ਸੀਤਾਂ ਨੇ ਰਾਮ ਨੂੰ ਦਸਿਆ ਕਿ ਉਹ ਗਰਭਵਤੀ ਹੋ ਗਈ ਹੈ। ਉਸ ਨੇ ਕਿਹਾ, "ਹੇ ਪ੍ਰਾਣ ਪਿਆਰੇ ਮੇਰੀ ਇਛਾ ਹੈ ਕਿ ਮੈਂ ਬਾਗਾਂ ਦੀ ਸੈਰ ਕਰਾਂ। ਉਥੇ ਫਿਰਾਂ ਤੁਰਾਂ। ਇਸ ਲਈ ਆਪ ਮੇਰੀ ਮਨੋਕਾਮਨਾ ਪੂਰੀ ਕਰੋ ਅਤੇ ਮੈਨੂੰ ਜਾਣ ਦੀ ਆਗਿਆ ਦਿਓ।"

One day Sita told Rama, the incarnate, about the symtems of pregnancy in her, and said, "My beloved Lord, I wish to revisit the gardens of the hermits. Fulfil my heart's desire and permit me to go."

722

ਦੀਯੋ ਰਾਮ ਸੰਗ ਸੁਮਿਤ੍ਰਾ ਕੁਮਾਰੰ ॥
ਦਈ ਜਾਨਕੀ ਸਗ ਤਾਕੇ ਸੁਧਾਰੰ ॥
ਜਹਾਂ ਘੋਰ ਸਾਲੰ ਤਮਾਲੰ ਬਿਕ੍ਰਾਲੰ ॥
ਤਹਾਂ ਸੀਯ ਕੋ ਛੋਰ ਆਯੋ ਉਤਾਲੰ ॥

ਰਾਮ ਨੇ, ਮਾਤਾ ਸੁਮਿਤ੍ਰਾ ਦੇ ਪੁਤ੍ਰ, ਲਛਮਨ ਨੂੰ ਬੁਲਾਇਆ, ਅਤੇ ਉਸ ਦੇ ਨਾਲ ਸੀਤਾ ਨੂੰ ਭੇਜ ਦਿਤਾ ਅਤੇ ਕਿਹਾ, "ਜਿਸ ਜਗ੍ਹਾ ਉਤੇ ਸਾਲ ਅਤੇ ਤਮਾਲ ਦੇ ਘਣੇ ਬ੍ਰਿਛ ਉਗ ਹੋਏ ਹਨ। ਉਸ ਜਗ੍ਹਾ ਸੀਤਾ ਨੂੰ ਛਡ ਆਉਣਾ।"

Rama, the incarnate, called his brother, Lakshmna, son of the royal queen Sumitra and sent his charming wife Sita with him and said, "Go and leave Sita, in some secluded place, in the thick dense forest of Sal and xamhocymus epictorivs trees."

723

ਬਨੰ ਨਿਰਜਨੰ ਦੇਖਿ ਕੈ ਕੈ ਅਪਾਰੰ ॥
ਬਨੰਬਾਸ ਜਾਨਯ ਦਯੋ ਰਾਵਣਾਰੰ ॥

Digitized by Panjab Digital Library | www.panjabdigilib.org

ਰੁਰੇਦੇ ਸੁ ਲੁੱਚੇ ਪਪਾਤੰ ਪਰਾਨੰ ॥
ਰਣੰ ਜੋਮ ਬੀਰੇ ਲਗੇ ਮਰਮ ਬਾਨੰ ॥

ਤਦ ਸੀਤਾ ਨੂੰ ਇਹ ਪਤਾ ਲਗਾ ਕਿ ਰਾਮ ਨੇ ਉਸ ਨੂੰ ਬਣਬਾਸ ਦੇ ਦਿਤਾ ਹੈ। ਅਤੇ ਨਿਰਜਨ, ਘੋਰ ਜੰਗਲ ਵਿਚੋਂ ਆਪਣੇ ਆਪ ਨੂੰ ਇਕੱਲਿਆਂ ਦੇਖ ਕੇ ਸੀਤਾ ਵਿਰਲਾਪ ਕਰਨ ਲਗੀ, ਅਕਹਿ ਰੁਦਨ ਕਰਨ ਲਗੀ ਅਤੇ ਰੋਂਦੀ ਰੋਂਦੀ ਇਉਂ ਧਰਤੀ ਉਤੇ ਡਿਗੀ, ਜਿਵੇਂ ਕੋਈ ਯੋਧਾ ਰਣ ਭੂੰਮੀ ਵਿਚੋਂ, ਤੀਰ ਲਗਨ ਨਾਲ ਡਿਗਦਾ ਹੈ।

When Sita came to know that, Rama, her beloved Lord has abandoned her and deserted her in the midst of lonely and dense wilderness, she bewailed and cried bitterly. She fell down on the ground like a mighty warrior pierced with an arrow, and swooned.

724

ਸੁਨੀ ਬਾਲਮੀਕੀ ਸੂਤੰ ਚੀਨ ਬਾਨੀ ।
ਚਲਿਯੋ ਚੋਕ ਚਿੱਤੰ ਤਜੀ ਮੋਨ ਧਾਨੀ ।
ਸੀਆ ਸੰਗ ਲੀਨ ਗਯੋ ਧਾਮ ਆਪੰ ॥
ਮਨੰ ਬੱਚ ਕਰਮੰ ਦੁਰਗਾ ਜਾਪ ਜਾਪੰ ॥

ਜਦੋਂ ਬਾਲਮੀਕ ਰਿਸ਼ੀ ਨੇ ਸੀਤਾ ਦੇ ਰੋਣ ਅਤੇ ਕੁਰਲਾਨ ਦੀ ਅਵਾਜ਼ ਸੁਣੀ ਤਾਂ ਉਹ ਚੋਕ ਪਏ ਅਤੇ ਮੁਨੀ-ਆਸ਼ਰਮ ਤੋਂ ਉਠ ਕੇ, ਉਥੇ ਗਏ ਜਿਥੇ ਸੀਤਾ ਵਿਰਲਾਪ ਕਰ ਰਹੀ ਸੀ। ਸੀਤਾ ਨੂੰ ਨਾਲ ਲੈ ਕੇ ਉਹ ਆਪਣੇ ਆਸ਼ਰਮ ਵਿਚੋਂ ਆ ਗਏ। ਅਤੇ ਮਨ, ਬੱਚ ਕਰਮ ਕਰਕੇ ਦੁਰਗਾ ਦਾ ਜਾਪ ਕਰਨ ਲੱਗੇ।

On hearing the bitter lamentations of Sita, the holy hermit, Valmiki, was moved and felt very much touched to the heart. Leaving

Digitized by Panjab Digital Library | www.panjabdigilib.org

the hermitage, he arrived at the place where Sita was bewailing, and brought her to the hermitage. With purity of mind, words and actions he chanted the sacred hymns of godess Dugra.

725

ਬਜੇ ਏਕ ਪੁੱਤ੍ਰ ਜਹਾਂ ਜਾਨਕੀ ਤੇ ॥
ਮਨੋ ਰਾਮ ਕੀਨੋ ਦੁਤੀ ਰਾਮ ਜੀਤੇ ॥
ਵਹੀ ਚਾਰ ਚਿਹਨੰ ਵਹੀ ਉਗ੍ਰ ਤੇਜੰ ॥
ਮਨੋ ਆਪ ਅੰਸੰ ਦੁਤੀ ਕਾਢ ਭੇਜੰ ॥

ਬਾਲਮੀਕ ਦੇ ਆਸ਼੍ਰਮ ਵਿੱਚ, ਜਾਨਕੀ ਦੇ ਗੁਹਿ ਵਿਖੇ ਇੱਕ ਪੁਤ੍ਰ ਨੇ ਜਨਮ ਲਿਆ । ਮਾਨੋਂ ਦੂਸਰੇ ਰਾਮ ਨੇ ਹੀ ਜਨਮ ਲਿਆ ਹੋਵੇ । ਉਹੀ ਚਹਿਨ, ਉਹੀ ਚਕਰ, ਉਹੀ ਤੇਜ ਪ੍ਰਤਾਪ, ਇਉਂ ਜਾਪਦਾ ਸੀ, ਮਾਨੋ ਈਸ਼ੂਰ ਨੇ ਰਾਮ ਦੀ ਅੰਸ ਵਿਚੋਂ ਦੂਸਰਾ ਰਾਮ ਹੀ ਬਣਾ ਕੇ ਭੇਜ ਦਿਤਾ ਹੈ ।

In the hermitage of holy Saint Valmiki, Sita, delivered a son, beautiful and charming like Rama, the incarnate. The similar features, the similar shape, exactly the similar distinctive marks, splendour and brilliance. It appeared as if God had created and sent exactly the similar second Rama into the world.

726

ਦੀਯੋ ਏਕ ਪਾਲੰ ਸਬਾਲੰ ਰਿਖੀਸੰ ॥
ਲਸੈ ਚੰਦ੍ ਰੂਪੰ ਕਿਧੋ ਦਿਯੋਸ ਦੀਸੰ ॥
ਗਯੋ ਏਕ ਦਿਵਸੰ ਰਿਖੀਸੰ ਧਯਾਨੰ ॥
ਲਯੋ ਬਾਲ ਸੰਗੰ ਗਈ ਸੀਯ ਨਾਨੰ ॥

Digitized by Panjab Digital Library | www.panjabdigilib.org

ਰਿਖੀ ਬਾਲਮੀਕ ਨੇ, ਬਾਲਕ ਦੇ ਪਾਲਨ ਲਈ ਇੱਕ ਪੰਘੂੜਾ ਬਨਵਾ ਦਿੱਤਾ । ਪੰਘੂੜੇ ਵਿੱਚ ਪਿਆ ਬਾਲਕ ਚੰਦ੍ਰਮਾ ਦੀ ਤਰ੍ਹਾਂ ਸੁੰਦਰ ਅਤੇ ਬਿਲਕਲ ਵਿਸ਼ਨੂੰ ਦਾ ਰੂਪ ਲਗਦਾ । ਇਕ ਦਿਨ ਰਿਖੀ ਨੇ ਧਿਆਨ ਲਗਾਇਆ ਅਤੇ ਸਮਾਧੀ ਵਿਸਥਿਤ ਹੋ ਗਿਆ । ਸੀਤਾ ਬਾਲਕ ਨੂੰ ਲੈ ਕੇ ਅਸ਼ਨਾਨ ਕਰਨ ਚਲੀ ਗਈ ।

For the bringing up and rearing up the child, the holy saint Valmiki got a beautiful cot-swing for him. The child looked fairer than the moon and exactly like Lord Vishnu, the effulgent, while lying in the swinging cot. One day, the holy saint was absorbed in deep meditation when Sita, took the child along with her, while going out, for taking bath.

727

ਰਹੀ ਜਾਤ ਸੀਤਾ ਮਹਾਂ ਮੌਨ ਜਾਗੇ ॥
ਬਿਨਾ ਬਾਲ ਪਾਲੇ ਲਗਯੇ ਸੋਕ ਪਾਗੇ ॥
ਕੁਸਾ ਹਾਥ ਲੈ ਕੈ ਰਚਯੋ ਏਕ ਬਾਲੇ ॥
ਤਿਸੀ ਰੂਪ ਰੰਗੰ ਅਨੂਪ ਉਤਾਲੰ ॥

ਸੀਤਾ ਦੇ ਜਾਨ ਮਗਰੋਂ ਜਦੋਂ ਮਹਾਂ ਰਿਸ਼ੀ ਸਮਾਧੀ ਤੋਂ ਉਠੇ, ਤਾਂ ਉਨਾਂ ਨੇ ਬਾਲਕ ਨੂੰ ਪੰਘੂੜੇ ਵਿਚ ਨਾ ਦੇਖਿਆ ਤਾਂ ਬੜੇ ਉਦਾਸ ਹੋ ਗਏ । ਉਨਾਂ ਨੇ ਕੁਸਾ ਲੈ ਕੇ ਇੱਕ ਹੋਰ ਬਾਲਕ ਦੀ ਰਚਨਾ ਕਰ ਦਿਤੀ । ਉਹ ਬਾਲਕ ਵੀ ਬਿਲਕੁਲ ਉਸੇ ਸੁੰਦਰ ਸਰੂਪ ਅਤੇ ਨੁਹਾਰ ਦਾ ਸੀ ।

After the departure of Sita, when the holy saint got up from meditation, he did not find the child in the swinging-cot. He felt extremely distressed. Taking up

Digitized by Panjab Digital Library | www.panjabdigilib.org

Kusha grass in hand, he formed another child, similar in features and shape. The child resembled the previous one in beauty, charm and radiance.

728

ਫਿਰੀ ਨ੍ਰਹਿ ਸੀਯਾ ਕਹਾ ਆਨ ਦੇਖਯੋ ॥
ਵਹੀ ਰੂਪ ਬਾਲੰ ਸੁਪਾਲੰ ਬਸੇਖਯੋ ॥
ਕ੍ਰਿਪਾ ਮੱਨਿ ਰਾਜੇ ਘਨੀ ਜਾਨ ਕੀਨੋ ॥
ਦੁਤੀ ਪੁਤ੍ਰ ਤਾਤੇ ਕ੍ਰਿਪਾ ਜਾਨ ਦੀਨੋ ॥

ਜਦੋਂ ਸੀਤਾ ਅਸ਼ਨਾਨ ਕਰ ਕੇ ਵਾਪਸ ਆਈ ਤਾਂ ਕੀ ਦੇਖਦੀ ਹੈ ਕਿ ਉਸ ਦੇ ਬਾਲਕ ਦੇ ਰੂਪ ਰਗ, ਚਿਹਨ ਚਕ੍ਰ ਦਾ ਇਕ ਬਾਲਕ ਪੰਘੂੜੇ ਵਿਚ ਪਿਆ ਹੈ। ਉਸ ਨੇ ਸੋਚਿਆ ਕਿ ਮੁਨੀ ਰਾਜ ਨੇ ਬੜੀ ਅਪਾਰ ਕ੍ਰਿਪਾ ਕੀਤੀ ਹੈ ਕਿ ਇੱਕ ਹੋਰ ਪੁਤ੍ਰ ਦੀ ਬਖਸ਼ਿਸ ਕੀਤੀ ਹੈ।

On her return after bath, Sita saw another child of similar features and shape in the swinging-cot.She thought the holy hermit had been very kind, gracious and benevolent on her that he had bestowed her with the gift of another son.

ਇਤੀ ਸ੍ਰੀ ਬਚਿਤ੍ਰ ਨਾਟਕੇ ਰਾਮਾਵਤਾਰ ਦੁਇ ਪੁਤ੍ਰ ਉਤਪਨੰ ਧਯਾਇ ਸਮਾਪਤੰ ।

629

ਭੁਜੰਗ ਪ੍ਰਯਾਤ ਛੰਦ ॥

ਉਤੇ ਬਾਲ ਪਾਲੰ ਇਤੈ ਅਵਧ ਰਾਜੰ ॥
ਬੁਲੇ ਬਿਪ ਜਗਿਯੰ ਤਜੱਯੋ ਏਕ ਬਾਜੰ ॥
ਤਿਯੰ ਨਾਸ ਚੰਤ੍ਰਾ ਦਯੋ ਸਗ ਤਾਕੇ ॥
ਬੜੀ ਛੇਜ ਲੀਨੇ ਚਲਯੋ ਸੰਗ ਵਾਕੇ ॥

Digitized by Panjab Digital Library | www.panjabdigilib.org

ਇਧਰ ਬਾਲ ਪਲ ਰਹੇ ਸਨ । ਉਧਰ ਅਵਧ-ਰਾਜ, ਰਾਮ ਨੇ ਬ੍ਰਾਹਮਣਾਂ ਨੂੰ ਅਸ੍ਵਮੇਧ ਜੱਗ ਕਰਨ ਲਈ ਬੁਲਾਇਆ । ਇੱਕ ਸੁੰਦਰ ਘੋੜਾ, ਸ਼ਤਰੂਘਨ ਦੀ ਰਖਿਆ ਹੇਠਾਂ, ਬਹੁਤ ਸਾਰੀ ਸੈਨਾ ਦੇ ਨਾਲ ਭੇਜਿਆ ।

Hither, both the children were being brought up. But in Avadh, Lord Rama, summoned Brahmanas for the performance of Ashvamedha sacrifice. A beautiful steed was let loose, under the protection of Shatrughana, along with vast army.

730

ਫਿਰਜੋ ਦੇਸ ਦੇਸੰ ਨਰੇਸਾਨ ਬਾਜੰ ॥
ਕਿਨੀ ਨਾਹਿ ਬਾਂਧਜੋ ਮਿਲੇ ਆਨ ਰਾਜੰ ॥
ਮਹਾਂ ਉਗ ਧਨਯਾ ਵਡੀ ਫੌਜ ਲੈ ਕੈ ॥
ਧਰੈ ਆਨੈ ਧਾਯੰ ਵਡੀ ਭੇਟ ਦੈ ਕੈ ॥

ਅਸ੍ਵਮੇਦ ਜੱਗ ਦਾ ਘੋੜਾ ਬੜੇ ਦੇਸ਼ ਦਿਸ਼ਾਂਤ੍ਰਾਂ ਵਿਚ ਫਿਰਿਆ । ਕਿਸੇ ਨੇ ਉਸ ਘੋੜੇ ਨੂੰ ਨ ਬੰਨਿਆ । ਸਾਰੇ ਰਾਜਿਆ ਨੇ ਰਾਮ ਦੀ ਸ਼ਰਨ ਪ੍ਰਵਾਨ ਕੀਤੀ । ਮਹਾਂ ਬਲੀ, ਜੋਧੇ ਅਤੇ ਧਨੁਸ਼ ਧਾਰੀ ਰਾਜੇ, ਬੜੀ ਫੌਜ ਅਤੇ ਭੇਟਾ ਲੈ ਕੈ, ਰਾਮ ਦੇ ਪੈਰੀ ਆਨ ਪਏ ।

The sacrificial horse, passed through many regions and kingdoms. None of the kings, restraint him, nor created any type of obstruction, on the way of its advancement. Many terribly strong kings of high ranks, men at arms, highly skilled in archery, sought protection of Rama, the incarnate and offered gifts.

Digitized by Panjab Digital Library | www.panjabdigilib.org

731

ਦਿਸਾ ਚਾਰ ਜੀਤੀ ਫਿਰਯੋ ਫੇਰਬਾਜੀ ॥
ਗਯੋ ਬਾਲਮੀਕੰ ਰਿਖਿ ਸਥਾਨ ਤਾਜੀ ॥
ਜਥੈ ਭਾਲ ਪਤ੍ਰੰ ਲਵੰ ਛੈਰ ਬਾਚਯੋ ॥
ਵਡੋ ਉਗ੍ਰ ਧੰਨਿਯਾ ਰਸੰ ਰੁਦ੍ਰ ਰਾਚਯੋ ॥

ਚਾਰੋਂ ਦਿਸ਼ਾਵਾਂ ਜਿੱਤ ਕੇ ਅਸ੍ਵਮੇਧ ਜੱਗ ਦਾ ਘੋੜਾ, ਰਿਖੀ ਬਾਲਮੀਕ ਦੇ ਆਸ਼੍ਰਮ ਵਿਚ ਗਿਆ । ਜਦੋਂ ਲਵ ਨੇ ਦੇਖਿਆ ਕਿ ਇਹ ਤਾ ਅਸ੍ਵਮੇਧ ਜੱਗ ਦਾ ਘੱਤਾ ਹੈ ਅਤੇ ਜੱਗ ਕਰਨ ਵਾਲੇ ਰਾਜੇ ਦਾ ਨਾਮ ਪੜਿਆ ਤਾ ਉਹ, ਭਾਰੀ ਧਨੁਸ ਧਾਰੀ, ਲੜਾਈ ਕਰਨ ਲਈ ਤਿਆਰ ਹੋ ਗਿਆ ।

Having conquered all the four regions, the sacrificial horse entered the hermitage of holy sage Valmiki. There the mighty Lava happened to see the horse. He read, watched and considered the name of the Emperor who had let loose the horse for the holy sacrifice, and prepared himself for a formidable fight.

732

ਖ੍ਰਿਛੇ ਬਾਜ ਬਾਧਯੋ ਲਖਯੋ ਸਸਤ੍ਰਧਾਰੀ ॥
ਵਡੋ ਨਾਚ ਕੋ ਸਰਬ ਸੈਨਾ ਪੁਕਾਰੀ ॥
ਕਹਾਂ ਜਾਤ ਹੋ ਬਾਲ ਲੀਨੇ ਤੁਰੰਗੰ ॥
ਤਜੋ ਯਾਹਿ ਨਾਕੇ ਸਜੋ ਆਨ ਜੰਗੰ ॥

ਜਦੋਂ ਸ਼ਸਤ੍ਰ ਧਾਰੀ ਸ਼ਤਰੁਘਨ ਨੇ ਦੇਖਿਆ, ਕਿ ਇਕ ਬਾਲਕ ਨੇ ਜਗ ਦੇ ਘੋੜੇ ਨੂੰ ਰੁਖ ਨਾਲ ਬੰਨ੍ਹ ਲਿਆ ਹੈ, ਤਾਂ ਉਸ ਨੇ ਬੜਾ ਨਾਦ ਕੀਤਾ ਅਤੇ ਸਾਰੀ ਸੈਨਾਂ ਨੂੰ ਇੱਕਠਾ ਕਰ ਲਿਆ । ਅਤੇ ਕਹਿਣ ਲਗਾ, "ਐ ਬਾਲਕ ! ਘੋੜੇ ਨੂੰ ਲੈ ਕੇ ਕਿਥੇ ਜਾ ਰਿਹਾ ਹੈ ? ਯਾਂ ਇਸ ਨੂੰ ਛੱਡ ਦੇਹ, ਯਾਂ ਜੰਗ ਕਰਨ ਨੂੰ ਤਿਆਰ ਹੋ ਜਾ !"

Digitized by Panjab Digital Library | www.panjabdigilib.org

When Shatrughana, who was fnily equipped
with arms. saw a child, tying the horse to
a tree he collected the whole army at
the noise of the trumpet; and said, "Hearkeu,
O lad : where are you leading the horse to ?
cilther leave it, be prepared to take up
arms."

733

ਸੁਣਿਯੇ ਨਾਮ ਜੁਧੰ ਜਬੈ ਸੁਣ ਸੂਰੰ ॥
ਮਹਾਂ ਸ਼ਸਤ੍ਰ ਸੰਡੀ ਮਹਾ ਲੋਹ ਪੂਰੰ ॥
ਨਠੇ ਬੀਰ ਹਾਠੇ ਸੁਣ ਸਸਤ੍ਰ ਲੈ ਕੈ ॥
ਪਰਯੋ ਮੱਧੁ ਸੈਣੇ ਵਡੇ ਨਾਦ ਕੈ ਕੈ ॥

ਜਦੋਂ ਸੂਰਬੀਰ ਅਤੇ ਸ਼ਸਤ੍ਰ ਵਿਦਯਾ ਵਿਚ ਪ੍ਰਵੀਨ ਬਾਲਕ ਨੇ ਯੁਧ
ਦਾ ਨਾਮ ਸੁਣਿਆ ਤਾਂ ਸਾਰੇ ਸ਼ਸਤ੍ਰ ਲੈ ਕੇ ਨੱਸ ਆਇਆ ਅਤੇ
ਸਾਰੀ ਸੈਨਾ ਵਿਚ ਆ ਕੇ ਬੜਾ ਘੋਰ ਨਾਦ ਕਰਨਾ ਸ਼ੁਰੂ ਕਰ ਦਿਤਾ ।

On hearing about the battle, the mighty
child, strong, heroic and skilled in
archery, brought all his arms and weapons.
He collected all his hrms and rushed into
the army with terrible noise aud din

734

ਭਲੀ ਭਾਂਤ ਮਾਰੇ ਪਚਾਰੇ ਸੁ ਸੂਰੇ ॥
ਗਿਰੇ ਜੁਧ ਜੋਧਾ ਰਹੀ ਧੂਰ ਪੂਰੇ ॥
ਉਠੀ ਸਸਤ੍ਰ ਝਾਰੇ ਅਪਾਰੰਤ ਬੀਰੰ ॥
ਭ੍ਰਮੇ ਰੁੰਡ ਮੁੰਡੰ ਤਨੰ ਤੱਛ ਤੀਰੰ ॥

ਉਸ ਨੇ ਬੜੇ ਬੜੇ ਸੂਰਮੇ ਮਾਰ ਦਿਤੇ । ਬੜੇ ਬੜੇ ਯੋਧੇ ਡਿਗ
ਪਏ । ਸਭ ਪਾਸੇ ਧੂੜ ਹੀ ਧੂੜ ਉਡਦੀ ਦਿਖਾਈ ਦੇਣ ਲਗੀ ।
ਬੜੇ ਸਸਤ੍ਰ ਧਾਰੀ ਸਸਤ੍ਰ ਚਮਕਾਦੇ ਹੋਏ ਅਗੇ ਵਧੇ । ਪਰ ਤਿਖੇ
ਤੀਰਾਂ ਦੇ ਲਗਨ ਨਾਲ ਉਨਾਂ ਦੇ ਸਿਰ ਕਟੇ ਗਏ ਅਤੇ ਰੰਡ ਐਧਰ
ਉਧਰ ਫਿਰਨ ਲਗੇ ।

Digitized by Panjab Digital Library | www.panjabdigilib.org

He killed many brave warriors. Mingled in the dust, the mighty and strong war heroes. There was dusty mist all over the place. Many valient warriors, took up arms brandished their swords and sallied forth but pierced with the sharp arrows their heads were blown off, and the headless bodies rushed to and fro.

735

ਗਿਰੋ ਲੁਥੰ ਪੱਥੰ ਸੁ ਜੁੱਥੰ ਤ ਬਾਜੀ ॥
ਭੂਮੇ ਛੂਛ ਹਾਥੀ ਬਿਨਾ ਸੁਆਰ ਭਾਜੀ ॥
ਗਿਰੇ ਸਸਤ੍ਰ ਹੀਣੰ ਬਿਅਸਿਤ੍ਰੰਤ ਸੂਰੰ ॥
ਹਸੇ ਭੂਤ ਪੇਤੰ ਭੂਮੀ ਗੌਣ ਹੂਰੰ ॥

ਘੋੜੇ ਤੋਂ ਲੜ ਕੇ ਯੋਧੇ ਲੁਥ ਪੁਥ ਹੋ ਕੇ ਡਿਗੇ । ਹਾਥੀਆਂ ਦੀਆਂ ਸੁੰਡਾਂ ਕਟੀਆਂ ਗਈਆਂ । ਉਹ ਬਿਨਾ ਸੁੰਡਾਂ ਚੰਘਾੜਦੇ ਹੋਏ ਫਿਰਨ ਲਗੇ । ਕਈ ਘੋੜੇ ਮਾਰੇ ਗਏ । ਕਈ ਸੂਰਬੀਰਾਂ ਦੇ ਸਸਤ੍ਰ ਡੇਗ ਦਿਤੇ, ਉਨਾਂ ਨੂੰ ਦੂਸਰਾ ਸ਼ਸਤ੍ਰ ਚੁਕਨ ਜੋਗਾ ਨਾ ਛਡਿਆ । ਭੂਤ ਪੇਤ ਨੱਚਨ ਲਗੇ । ਅਕਾਸ਼ ਵਿਚ ਹੂਰਾਂ ਫਿਰਨ ਲਗੀਆਂ ।

They fought upon the sacrificial horse. Many brave and valient heroes were slain. The elephants, were rendered without trunks and tusks. They screamaed and roared in pain. The horses were killed. Many warriors were rendered armless, but were not allowed to pick up another arm. The hobgoblins and imps rambled and nymphs wandered in the sky.

Digitized by Panjab Digital Library | www.panjabdigilib.org

736

ਘਣੇ ਘੋਰ ਨੀਸਾਣ ਬੱਜੇ ਅਪਾਰੰ ॥
ਖਹੇ ਬੀਰ ਧੀਰੰ ਉਠੀ ਸਸਤ੍ਰ ਧਾਰੰ ॥
ਚਲ ਚਾਰ ਚਿਤ੍ਰੰ ਬਚਿਤ੍ਰੰ ਤਾਬਾਣੰ ॥
ਰਣੰ ਰੋਸ ਰੱਜੇ ਮਹਾਂ ਤੇਜ ਵਾਣੰ ॥

ਦੋਹਾ ਪਾਸਿਆਂ ਤੋਂ ਘੋਰ ਨਗਾਰੇ ਵੱਜੇ । ਬੜੇ ਧੀਰਜ ਧਾਰੀ ਬੀਰ ਉਠੇ, ਅਤੇ ਸ਼ਸਤ੍ਰ ਚਮਕਾਉਣ ਲਗੇ । ਬੜੀ ਸੋਹਣੀ ਤਰ੍ਹਾਂ ਬਚਿਤ੍ਰ ਬਾਣ ਛਡੇ ਗਏ । ਬੜ ਬੜੇ ਤੇਜਵੰਤ ਯੋਧੇ, ਜੋਸ਼ ਨਾਲ ਆ ਆ ਕੇ ਲੜਨ ਲਗੇ ।

From both the sides the trumpets sounded horrible tunes. Men of great patience and might, took up arms With great skill and dexterity Volleys of arrows were released Many powerful enegetic and pungent warriors entered the battle field.

737

ਚਾਚਰੀ ਛੰਦ ॥

ਉਠਾਈ ॥ ਦਿਖਾਈ ॥
ਨਚਾਈ ॥ ਚਲਾਈ ॥

ਯੋਧਿਆਂ ਨੇ ਤੇਗ ਚੁੱਕੀ, ਚੁੱਕ ਕੇ ਲਿਸਕਾਈ, ਐਧਰ ਉਧਰ ਘੁੰਮਾ ਕੇ ਦੁਸ਼ਮਨ ਉਤੇ ਚਲਾ ਦਿਤੀ ।

The warriors drew the sword, brandished it, swirled it and swept the enemies.

Digitized by Panjab Digital Library | www.panjabdigilib.org

738

ਭ੍ਰਮਾਈ ॥ ਦਿਖਾਈ ॥
ਕੰਪਾਈ ॥ ਚਖਾਈ ॥

ਬਾਲਕ ਨੇ, ਭਰਮਾ ਕੇ, ਤਲਵਾਰ ਦਿਖਾਈ ਕਿ ਸ਼ਤ੍ਰੂ ਕੰਬਣ ਲਗ ਪਏ, ਅਤੇ ਸ਼ਤ੍ਰੂਆਂ ਨੂੰ ਚੰਗਾ ਸੁਆਦ ਚਖਾਇਆ ।

The childern took up rapiers, deluded the enemy, and impelled sword in such a way, that the enemies trembled and shivered, and were bedly crushed.

739

ਕਟਾਰੀ ॥ ਅਪਾਰੀ ॥
ਪ੍ਰਹਾਰੀ ॥ ਸੁਨਾਰੀ ॥

ਕਟਾਰੀ ਚੁੱਕੀ, ਲਿਸ਼ਕਾਈ ਅਤੇ ਬੜੇ ਅਪਾਰ ਜੋਸ਼ ਵਿਚ, ਉਸ ਨਾਲ ਪ੍ਰਹਾਰ ਕੀਤਾ ।

Hatchet was held up, brandished and in infinite excitement struck against the enemy.

740

ਪਚਾਈ ॥ ਪ੍ਰਾਹੀ ॥
ਹਕਾਰੀ ॥ ਕਟਾਰੀ ॥

ਸ਼ਤ੍ਰੂ ਨੂੰ ਲਲਕਾਰਿਆ, ਵੰਗਾਰਿਆ ਅਤੇ ਕਟਾਰੀ ਨਾਲ ਮਾਰਿਆ ।

The enemy was challenged, called out, and attacked with a dagger.

Digitized by Panjab Digital Library | www.panjabdigilib.org

741

ਉਠਾਏ ॥ ਗਿਰਾਏ ॥
ਭਗਾਏ ॥ ਦਿਖਾਏ ॥

ਸ਼ਤਰੂ ਉਠੇ, ਫੇਰ ਡੇਗ ਦਿਤੇ ਗਏ । ਜਦੋਂ ਉਨਾਂ ਨੇ ਕਰਾਰੇ ਹੱਥ ਦੇਖੇ ਤਾਂ ਉਹ ਨੱਸ ਉਠੇ ।

The enemies advanced forward but were thrown down. When they were badly defeated, crushed and thwarted, they took to heels.

742

ਚਲਾਏ ॥ ਪਚਾਏ ॥
ਖੁਸਾਏ ॥ ਚੁਟਿਆਏ ॥

ਤੀਰ ਸਿਧੇ ਉਨਾਂ ਦੇ ਪੇਟ ਦੇ ਵਿਚ ਮਾਰੇ ਅਤੇ ਚੁਣ ਚੁਣ ਕੇ ਨਿਸ਼ਾਨੇ ਵਿੰਨੇ ।

The arrows, were pierced into their stomachs. Selected enemies were aimed at and fatally wounded.

743

ਅਲਕਾ ਛੰਦ ॥

ਜਬ ਸਰ ਲਾਗੇ ॥ ਤਬ ਸਬ ਭਾਗੇ ॥
ਦਲਿ ਪਤੀ ਮਾਰੇ ॥ ਭਟ ਭਟ ਕਾਰੇ ॥

ਜਦੋਂ ਲਵ ਦੇ ਤਿੱਖੇ ਤਿੱਖੇ ਤੀਰ ਲੱਗੇ ਤਾਂ ਸਾਰੀ ਸੈਨਾ ਭੱਜ ਗਈ । ਦਲ ਪਤੀ ਅਤੇ ਹੋਰ ਵਡੇ ਵਡੇ ਯੋਧੇ ਮਾਰੇ ਗਏ ।

Pierced with sharp arrows of Lava, the Commander of the army, along with other valient warriors, were killed, the rest of the army took to heals.

Digitized by Panjab Digital Library | www.panjabdigilib.org

744

ਰਨ ਤਜ ਭਾਗੇ ॥ ਰਘੁਵਰ ਆਗੇ
ਬਹੁ ਬਿਧਿ ਰੋਵੇ ॥ ਸਮੁਹਿ ਨ ਜੋਵੈ ॥

ਸਾਰੀ ਸੈਨਾ ਲੜਾਈ ਛੱਡ ਕੇ ਨੱਸ ਗਈ । ਰਘੁਬੀਰ ਦੇ ਅਗੇ ਜਾ ਕੇ, ਰੋ ਰੋ ਕੇ ਸਾਰਿਆਂ ਨੂੰ ਆਪਣਾ ਹਾਲ ਦਸਨ ਲਗੇ ।

The vast host of Shatrughana, fled away bewailing and weeping bitterly, they presented themselves before Raghubir and informed about everything.

745

ਲਵ ਅਰਿ ਮਾਰੇ ॥ ਤਵ ਦਲ ਹਾਰੇ ॥
ਦੋ ਸਿਸ ਜੀਤੇ ॥ ਨਹ ਭਯ ਭੀਤੇ ॥

ਲਵ ਨੇ ਸਾਰੇ ਦੁਸ਼ਮਨਾਂ ਨੂੰ ਮਾਰ ਦਿਤਾ । ਸ਼ਤਰੂਆਂ ਦਾ ਦਲ ਹਾਰ ਗਿਆ । ਦੋਵੇਂ ਸ਼ਿਸੱ-ਲਵ ਅਤੇ ਕੁਸ਼ ਜਿੱਤ ਗਏ । ਉਹਨਾਂ ਨੂੰ ਲੜਾਈ ਤੋਂ ਜ਼ਰਾ ਭੈ ਨਾ ਆਇਆ ।

Lava, destroyed all the enemies and gave them a crushing defeat and thus, won the glorious victory, dauntlessly and fearlessly.

746

ਲਛਮਨ ਭੇਜਾ ॥ ਬਹੁ ਦਲ ਲੇਜਾ ॥
ਜਿਨ ਸਿਸ ਮਾਰੇ ॥ ਮੋਹਿ ਦਿਖਾਰੋ ॥

ਰਾਮ ਨੇ ਜਦੋਂ, ਇਹ ਸਾਰਾ ਹਾਲ ਸੁਣਿਆ, ਤਾਂ ਲਛਮਨ ਨੂੰ ਬਹੁਤ ਸਾਰੀ ਸੈਨਾ ਦੇ ਕੇ ਭੇਜਿਆ, ਕਿ ਜਿਹੜੇ ਸਿਸ਼ਾਂ ਨੇ ਸਾਰੀ ਫੌਜ ਨੂੰ ਮਾਰ ਦਿਤਾ ਹੈ, ਉਨ੍ਹਾਂ ਨੂੰ ਮੇਰੇ ਕੋਲ ਲਿਆ ਕੇ ਦਿਖਾਓ ।

Digitized by Panjab Digital Library | www.panjabdigilib.org

Having heard averything in detail, Rama, the incarnate,commanded Lakshmna to proceed with army of powerful warriors, and, to bring to him, the two disciples who had dared to kill his army.

747

ਸੁਣ ਲਹੁ ਕੂਤੰ ॥ ਰਘੁਬਰ ਬਾਤੰ ॥
ਸਜ ਦਲ ਚਲਿਯ ॥ ਜਲ ਥਲ ਹਲਿਯੋ ॥

ਰਾਮ ਰਘੁਬੀਰ ਦਾ ਹੁਕਮ ਸੁਣ ਕੇ ਛੋਟੇ ਭਰਾ ਲਛਮਨ ਨੇ ਸੈਨਾ ਇੱਕਠੀ ਕਰਨੀ ਅਰੰਭ ਕੀਤੀ । ਐਨੀ ਸੈਨਾ ਲੈ ਕੇ ਚੜ੍ਹਾਈ ਕੀਤੀ, ਕਿ ਜਲ ਥਲ ਕੰਬਣ ਲਗੇ ।

In obedience to the behest of his master, Lord Rama, the incarnate, Lakshmna collected his troops and marched foreth with such a vast host that the sea and earth trembled and shook. All the quarters became resound with terrific noise.

748

ਉਠ ਧਰ ਧੂਰੰ ॥ ਨਭ ਝੜ ਪੂਰੰ ॥
ਚਹੂੰ ਦਿਸ ਢੁੱਕੇ ॥ ਹਰਿ ਹਰਿ ਕੂਕੇ ॥

ਸੈਨਾ ਦੇ ਚਲਨ ਨਾਲ ਧਰਤੀ ਤੋਂ ਐਨੀ ਧੂੜ ਉਡੀ ਕਿ ਸਾਰਾ ਅਕਾਸ਼ ਘਟੇ ਨਾਲ ਭਰ ਗਿਆ । ਚਾਰੋਂ ਦਿਸ਼ਾਵਾਂ ਤੋਂ ਸੈਨਾ ਆਨ ਇੱਕਠੀ ਹੋਈ । ਅਤੇ "ਮਾਰ ਦਿਓ, ਮਾਰ ਦਿਓ ਪੁਕਾਰਨ ਲਗੀ ।"

Digitized by Panjab Digital Library | www.panjabdigilib.org

Tremendous army arrived from all the four quarters. All sallied forth with such a great force, tearing the earth, that the sky became eneveloped in dense darkness, with the dust storm. In great excitement they shouted, "kill, and knock down the enemy."

749

ਬਰਖਤ ਬਾਣੰ ॥ ਬਰਕਤ ਜੁਆਣੰ ॥
ਲਹ ਲਹ ਪੁੰਜਣੰ ॥ ਖਹ ਖਹ ਭੁੰਜਣੰ ॥

ਜਿਸ ਵੇਲੇ ਤੀਰਾਂ ਦੀ ਬਰਖਾ ਹੋਈ ਤਾਂ ਜੁਆਨ ਬਰ ਬਰ ਕੰਬਨ ਲਗੇ, ਝੰਡੇ ਲੱਥ ਗਏ । ਲੜ ਲੜਕੇ ਮਰਨ ਲਗੇ ।

When the piercing arrows were discharged and showered like rain, the valient soldiers shuddered and shivered. The banners were thrown away. The heroic and strong warriors ensued a furious battle.

750

ਹਸ ਹਸ ਢੂਕੇ ॥ ਕਸ · ਕਸ ਕੂਕੇ ॥
ਸੁਣ ਸੁਣ ਬਾਲੰ ॥ ਹਠਿ ਤਜਿ ਤਾਲੰ ॥

ਲਵ ਅਤੇ ਕੁਸ ਹੱਸ ਹੱਸ ਕੇ ਲੜ ਰਹੇ ਸਨ । ਕੱਸ ਕੱਸ ਕੇ ਤੀਰ ਚਲਾ ਰਹੇ ਸਨ । ਇਹ ਦੇਖ ਕੇ ਲਛਮਨ ਨੇ ਉਨਾ ਨੂੰ ਕਿਹਾ, "ਐ ਬਾਲਕੋ ਸੁਣੋ, ਹੱਠ ਛੱਡ ਦਿਓ, ਲੜਾਈ ਨਾ ਕਰੋ ।"

Similingly and most swiftly, Lava and Kusha fought furiously. With full force and strength they showered volleys of arrows. There upon Lakshmna, said to them, "Harken, O lads : Be not obstinate, and tenacious. Do not persist to fight."

Digitized by Panjab Digital Library | www.panjabdigilib.org

751

ਦੋਹਰਾ ॥

ਹਮ ਨਹੀ ਤਯਾਗਤ ਬਾਜ ਬਰ ਸੁਣ ਲਛਮਨ ਕੁਮਾਰ ॥
ਆਪਣੇ ਭਰ ਬਲ ਜੁਧ ਕਰ ਅਬ ਹੀ ਸੰਕ ਬਿਸਾਰੁ ॥

ਬਾਲਕਾਂ ਨੇ ਕਿਹਾ, "ਐ ਲਛਮਨ ਕੁਮਾਰ ਅਸੀ ਅਸ੍ਵਮੇਧ ਜਗ ਦੇ ਘੋੜੇ ਨੂੰ ਨਹੀਂ ਛਡਨਾ, ਤੂੰ ਆਪਣਾ ਪੂਰਾ ਜ਼ੋਰ ਲਾ ਲੈ, ਸਾਡੇ ਨਾਲ ਯੁਧ ਕਰ ਲੈ । ਪਰ ਇਹ ਸੰਕਾ ਮਨ ਵਿਚੋਂ ਕਢ ਦੇਹ ਕਿ ਅਸੀ ਇਸ ਨੂੰ ਛਡ ਦਿਆਂਗੇ ।"

Most courageously and bravely the children replied, "Hearken, royal Prince Lakshmna : We are not going to release or relinquish the sacrificial horse, apply any amount of strength, vigour or influence. Remove all the doubts and ambiguities from your mind. Let it be clear to you. Come now, and take up arms.

752

ਅਣਕਾ ਛੰਦ ॥

ਲਛਮਨ ਗੱਜਯੋ ॥ ਵਡ ਦਲ ਸਜਿਯੋ ॥
ਬਹੁ ਸਰ ਛੱਰੇ ॥ ਜਣ ਘਣ ਓਰੇ ॥

ਲਛਮਨ ਬੜਾ ਗਰਜਿਆ, ਸੈਨਾ ਦੇ ਸਮੂਹ ਸਮੇਤ ਉਸ ਨੇ ਇਉਂ ਤੀਰ ਬਰਸਾਨੇ ਸ਼ੁਰੂ ਕੀਤੇ ਜਿਵੇਂ ਘਣੇ ਬਦਲਾ ਵਿਚੋਂ ਔਲ ਬਰਸਦੇ ਹਨ ।

Lakshmna, thundered and roared in anger and wroth. Along with his forces he showered volley of arrows like hail storm from thick dense clouds.

Digitized by Panjab Digital Library | www.panjabdigilib.org

753

ਉਤ ਦਿਵ ਦੇਖੈਂ ॥ ਧਨ ਧਨ ਲੇਖੈਂ ।'
ਇਤ ਸਹ ਛੁਟੈਂ ॥ ਮਸਕਣ ਤੁਟੈਂ ॥

ਅਕਾਸ਼ ਤੋਂ ਦੇਵਤੇ, ਯੁਧ ਹੁੰਦਾ ਦੇਖ ਕੇ ਧੰਨ ਧੰਨ ਕਰਨ ਲਗੇ । ਏਧਰੋਂ ਬਾਲਕਾਂ ਨੇ ਅਜਿਹੇ ਤੀਰ ਛਡੇ ਕਿ ਯੋਧਿਆਂ ਦੇ ਸਰੀਰਾਂ ਦੀਆਂ ਬੋਟੀਆਂ ਉਡਣ ਲਗੀਆਂ ।

The gods in heaven beheld the marvellous fighting. They cheered and applauded in admiration. Both the children released such sharp type of arrows, that the bodies were pierced, torn and rendered into pieces.

754

ਭਟ ਬਰ ਗਾਜੈਂ ॥ ਦੁੰਦਭਿ ਬਾਜੈਂ ॥
ਸਰ ਬਰ ਛੋਰੈਂ ॥ ਮੁਖ ਨਹਿ ਮੋਰੈਂ ॥

ਯੋਧੇ ਬੜ੍ਹਕਾਂ ਮਾਰਨ ਲਗੇ । ਰਣ ਭੇਰੀਆਂ ਵਜੀਆਂ । ਬੜ ਤੀਰ ਚਲਾਏ, ਪਰ ਤਾਂ ਵੀ ਬਾਲਕ, ਲੜਾਈ ਤੋਂ ਨਾ ਟਲੇ ।

The valient fighters, challenged and shouted vigorously. The trumpets played the martial tune, and tremendous arrows were showered by the enemy, still, the children, dauntlessly persisted to fight on.

755

ਲਛਮਨ ਵਾਚ ਸਿਸ ਸੋ ॥

ਸੁਣ ਸੁਣ ਲਰਕਾ ॥ ਜਿਨ ਕਰ ਕਰਖਾ ॥
ਦੇ ਮਿਲ ਘੋਰਾ ॥ ਤੁਮ ਬਲ ਥੋਰਾ ॥

Digitized by Panjab Digital Library | www.panjabdigilib.org

ਲਛਮਨ ਨੇ ਸ਼ਿਸ਼ਾ ਨੂੰ ਕਿਹਾ, "ਅੈ ਬਾਲਕੋ, ਸੁਣੋ : ਇਹ ਘੋੜਾ
ਇੱਕ ਬੜੇ ਵਡੇ ਰਾਜੇ ਦਾ ਹੈ, ਜਿਹੜਾ ਤੁਸੀਂ ਬੰਨ ਲਿਆ ਹੈ ।
ਇਹ ਵਾਪਸ ਕਰ ਦਿਓ । ਤੁਸੀਂ ਅਜੇ ਛੋਟੇ ਹੋ । ਲੜਨ ਜੋਗੇ ਨਹੀ ।"

Lakshmna, admonished the children and said
"Hearken, O children : The horse you
have detained and tied to the tree, belongs
to a mighty Emperor. Do release it, and
return it. Ye are lads of tender age,
not fit or mature enough to fight."

756

ਹਠ ਤੱਜ ਆਈਯੈ ॥ ਜਿਨ ਸਮੁ ਹੱਯੈ ॥
ਮਿਲ ਮਿਲ ਮੱਕੋ ॥ ਡਰ ਨਹੀਂ ਤੱਕੋ ॥

ਲਛਮਨ ਨੇ ਫੇਰ ਦੁਬਾਰਾ ਸਮਝਾਇਆ ਕਿ "ਅੈ ਬਾਲਕੋ, ਡਰੋ ਨਾ.
ਹੱਠ ਛੱਡ ਦਿਓ ਅਤੇ ਸਾਡੇ ਜਨ ਸਮੂਹ ਨਾਲ ਆ ਕੇ ਮਿਲੋ.
ਸੁਲਾਹ ਕਰ ਲਵੋ ।"

Lakshmna again exhorted, "Pray, fear
not, abandon persistency, and be
cordial. Let us make agreement, truce and
meet on friendly terms."

757

ਸ਼ਿਸ ਨਹੀਂ ਮਾਨੀ ॥ ਅਤਿ ਅਭਿਮਾਨੀ ॥
ਗਹਿ ਧਨ ਗੱਜਯੋ ॥ ਦੁਪਗਣ ਭੱਜਯੋ ॥

ਪਰ ਬਾਲਕ ਅਤਿ ਅਭਿਮਾਨੀ ਸਨ, ਉਨਾਂ ਨੇ ਇੱਕ ਗੱਲ ਨਾ ਮੰਨੀ ।
ਉਨਾ ਨੇ ਧਨੁਖ ਚੁਕਿਆ ਅਤੇ ਘਣਘੋਰ ਗਰਜਣਾ ਕਰ ਕੇ, ਤੀਰ ਚਲਾਨ
ਲਗੇ । ਦੁਸ਼ਮਨ ਦਾ ਦਲ ਜਾਨਾਂ ਬਚਾਣ ਲਈ ਨਸ ਉਠਿਆ ।

Digitized by Panjab Digital Library | www.panjabigirb.org

The most arrogant and presumptuous disciples, did not pay any heed to his words. They took up most formidable bows and furiously they produced, tremendous and terrible uproar. They discharged irresistable arrows, where upon the enemy host, fled awap to save their precious lives.

758

ਅਜਬਾ ਛੰਦ ॥

ਰੁੱਧੇ ਰਣ ਭਾਈ ॥ ਬਰ ਠਰ ਲਾਈ ॥
ਬਰਖੇ ਬਾਣੰ । ਪ੍ਰਖੇ ਜੁਆਣੰ ॥

ਦੋਵੇਂ ਭਰਾ ਰਣ ਵਿਚ ਲੜਨ ਲਗੇ । ਉਹਨਾਂ ਨੇ ਤੀਰਾਂ ਦੀ ਬਰਖਾ ਲਾ ਦਿਤੀ । ਤੀਰਾਂ ਦੀ ਬਰਖਾ ਕਰ ਕੇ ਚੰਗੇ ਚੰਗੇ ਜੁਆਨਾਂ ਨੂੰ ਬੇਨੇ ਲਾ ਦਿਤਾ ।

Both the brothers took up arms and rained arrows in perfusion, and took the lives of selected men of valour.

759

ਡਿਗੇ ਰਣ ਮਧੰ ॥ ਅੱਧੰ ਅੱਧੰ ॥
ਕੱਟੇ ਅੰਗ ॥ ਰੁੱਝੇ ਜੰਗ ॥

ਕਿੰਨੇ ਹੀ ਜੋਧਿਆਂ ਨੂੰ ਅਧੋ ਅੱਧ ਕੱਟ ਕੇ, ਰਣ ਭੂਮੀ ਵਿੱਚ ਸੁਟ ਦਿਤਾ । ਕਿੰਨਿਆਂ ਦੇ ਅੰਗ ਕੱਟੇ ਗਏ ।

Many a warriors were cut into two halves and mingled in dust in the battle field. And many a warriors lost their limbs and portions of their bodies.

Digitized by Panjab Digital Library | www.panjabdigilib.org

760

ਬਾਣਨ ਝੜ ਲਾਯੋ ॥ ਸਰ ਬਰਸਾਯੋ ॥
ਬਹੁ ਮਾਰਿ ਮਾਰੇ ॥ ਡੀਲ ਡਕਾਰੇ ॥

ਬਾਲਕਾ ਨੇ ਤੀਰਾਂ ਦੀ ਝੱੜੀ ਲਾ ਦਿਤੀ । ਅਤੇ ਬੜੇ ਦੁਸ਼ਮਨ ਮਾਰ ਦਿਤੇ । ਵਡੇ ਵਡੇ ਸ਼ਕਤੀ ਸ਼ਾਲੀ ਯੋਧੇ ਕੰਮ ਲਿਆਂਦੇ ।

The children fought furiously and showered arrows like rain storm. Many valient soldiers, powerful warriors and men of repute, were killed in the battle.

761

ਡਿਗੇ ਰਣ ਭੂਮ ॥ ਨਰ ਬਰ ਘੂਮੰ ॥
ਰੱਜੇ ਰਣ ਘਾਯੰ ॥ ਚੱਕੇ ਚਾਯੰ ॥

ਬੜੇ ਯੋਧੇ ਰਣ ਭੂੰਮੀ ਵਿਚ, ਬਾਣ ਲਗਦਿਆਂ ਹੀ ਝੂੰਮਦੇ ਹੋਏ ਧਰਤੀ ਉਤੇ ਡਿਗ ਪਏ । ਉਨਾਂ ਨੂੰ ਗਹਿਰੇ ਘਾਵ ਲਗੇ । ਉਹਨਾਂ ਦੇ ਲੜਨ ਦਾ ਚਾ ਸਮਾਪਤ ਹ ਗਿਆ ।

Many men of power, strength and valour were fatally wounded, they reeled and fell down dead, in the battlefield.

762

ਅਪੂਰਬ ਛੰਦ ॥

ਗਣੇ ਕੋਤੇ ॥ ਹਣੇ ਜੋਤੇ ॥
ਕਈ ਮਾਰੇ ॥ ਕਿਤੇ ਹਾਰੇ ॥

ਜਿੰਨੇ ਯੋਧੇ ਰਣ ਭੂੰਮੀ ਦੇ ਕੰਮ ਆਏ ਉਹ ਗਿਣੇ ਨਹੀਂ ਜਾ ਸਕਦੇ । ਕਿੰਨੇ ਹੀ ਮਾਰ ਦਿਤੇ । ਕਿੰਨੇ ਹੀ ਹਾਰ ਗਏ ।

Digitized by Panjab Digital Library / www.panjabdigilib.org

Innumerable valient warriors fought and died in the battlefield. Innumerable others were defeated.

763

ਸਬੈ ਭਾਜੈ ॥ ਚਿਤ ਲਾਜੈ ॥
ਭਜੈ ਭੈ ਕੈ ॥ ਜੀਅ ਲੈ ਕੈ ॥

ਡਰ ਦੇ ਮਾਰੇ, ਸਾਰੇ ਜਣੇ ਜਾਨਾਂ ਬਚਾ ਕੇ ਨਸ ਗਏ । ਦਿਲ ਵਿਚੋਂ ਬੜੇ ਸਰਮ-ਸਾਰ ਹੋਏ ।

The whole host fled away frightened and disheartened to save their lives. But felt greatly dishonoured, bashful and modest.

764

ਫਿਰੈ ਜੋਤੇ ॥ ਹਣੇ ਤੋਤੇ ॥
ਕਿੱਤੇ ਘਾਏ ॥ ਕਿਤੇ ਧਾਏ ॥

ਬਾਕੀ ਜਿੰਨੇ ਰਹੇ, ਉਹ ਵੀ ਮਾਰ ਦਿਤੇ । ਕਿੰਨਿਆਂ ਨੂੰ ਜ਼ਖਮੀ ਕਰ ਦਿਤਾ । ਕਿੰਨੇ ਹੀ ਹੋਰ ਨੱਸ ਗਏ ।

The remanent were put to sword. Innumourous enemies were wounded, and a great multitude of warriors ran away.

765

ਸਿਸੰ ਜੀਤੇ ॥ ਭਟੰ ਭੀਤੇ ॥
ਮਹਾਂ ਕ੍ਰੁਧੰ ॥ ਕੀਯੋ ਜੁਧੰ ॥

ਬੜਾ ਭਿਆਨਕ ਯੁਧ ਕੀਤਾ । ਸਾਰੇ ਯੋਧੇ ਭੈ ਭੀਤ ਹੋ ਗਏ। ਲਵ ਕੁਸ ਦੀ ਜਿਤ ਹੋਈ ।

Digitized by Panjab Digital Library | www.panjabdigilib.org

Infuriated in rage they fought a horrible
battle. All the men at arms were frightened.
Glorious Victory sided with Lava and Kusha.

760

ਦੋਊ ਭ੍ਰਾਤਾ ॥ ਖਗੰ ਖਿਯਾਤਾ ॥
ਮਹਾਂ ਜੋਧੰ ॥ ਮੰਡੇ ਕ੍ਰੋਧੰ ॥

ਦੋਵੇਂ ਭਰਾ, ਲਵ ਅਤੇ ਕੁਸ਼ ਤਲਵਾਰ ਦੇ ਧਨੀ ਅਤੇ ਮਹਾਨ
ਜੋਧੇ, ਕ੍ਰੋਧ ਮਈ ਹੋ ਗਏ ।

Both the brothers Lave and Kusha, skilled
in warfare and great warriors, were
infuriated in rage

767

ਤਜੇ ਬਾਣੰ ॥ ਧਨੰ ਤਾਣੰ ॥
ਮੱਚੇ ਬੀਰੰ ॥ ਭੱਜੇ ਭੀਣੰ ॥

ਧਨੁਸ਼ ਨੂੰ ਤਾਣ ਤਾਣ ਕੇ ਤੀਰ ਚਲਾਣ ਲੱਗੇ । ਜਦੋਂ ਬੜੇ
ਜੋਸ਼ ਵਿੱਚ ਆ ਕੇ ਲੜੇ ਤਾਂ ਕਾਇਰ ਅਤੇ ਬੁਜ਼ਦਿਲ ਆਦਮੀ
ਭੱਜ ਗਏ ।

Streching the bow to the maximum, they
released the arrows in great wroth and
vigour, where upon, the timid and the
cowards fled away.

768

ਕਟੇ ਅੰਗ ॥ ਭੱਜੇ ਜੋਗ ॥
ਰਣੰ ਰੁੱਝੇ । ਨਰੰ ਜੁੱਝੇ ॥

ਲੜਦਿਆਂ ਲੜਦਿਆਂ, ਅੰਗ ਕੱਟੇ ਗਏ । ਜੂਝ ਜੂਝ ਕੇ
ਰਣ ਭੂਮੀ ਵਿੱਚ ਮਾਰੇ ਗਏ ।

Digitized by Panjab Digital Library | www.panjabdigilib.org

While fighting in the battle, their limbs
were cut into pieces and torn. They laid
down their lives in the battle,
field, while fighting heroically.

769

ਭੱਜੀ ਸੈਨ ॥ ਬਿਨਾ ਚੈਨੰ ॥
ਲਛੱਨ ਬੀਨੰ ॥ ਫਿਰਯੋ ਧੀਰੰ ॥

ਮਹਾਂ ਬਲੀ ਲਛਮਨ ਦੀ ਧੀਰਜ ਵੀ ਜਾਂਦੀ ਰਹੀ ।
ਸੈਨਾ ਬੇਚੈਨ ਹੋ ਕੇ ਨੱਸ ਉਠੀ ।

The heroic, powerful and mighty Lakshmna,
also lost endurance, pluck and steadiness.
The great army, in confusion and restlessness
scattered and dispersed.

770

ਇਕੇ ਬਾਣੰ ॥ ਰਿਪੰ ਤਾਣੰ ॥
ਹਣਿਯੋ ਭਾਲੰ ॥ ਗਿਰਯੋ ਤਾਲੰ ॥

ਇੱਕੋ ਤੀਰ ਨਾਲ, ਲਵ, ਕੁਸ਼ ਨੇ ਲਛਮਨ ਦਾ ਬਾਣ ਤੋੜ
ਦਿਤਾ, ਢਾਲ ਛੇਦ ਦਿਤੀ ਅਤੇ ਉਸ ਨੂੰ ਮਾਰ ਕੇ ਧਰਤੀ ਉਤੇ ਸੁੱਟ
ਦਿਤਾ ।

With one single shaft, Lava and Kusha,
broke the formidable bow of the mighty
Lakshmna, pierced his shield and threw him
down on the ground dead.

771

ਅੜੁਹਾ ਛੰਦ ॥

ਭਾਜ ਗਯੋ ਦਲ ਤ੍ਰਾਸ ਕੈ ਕੈ ॥
ਲਛਮਨੰ ਰਣ ਭੂੰਮ ਦੈ ਕੈ ॥
ਖਲੇ ਰਾਮ ਚੰਦ ਹੁਤੇ ਜਹਾਂ ॥
ਭਟ ਭਾਜਿ ਭੱਗ ਲਗੇ ਤਹਾਂ ॥

Digitized by Panjab Digital Library | www.panjabdigilib.org

ਭੈ-ਭੀਤ ਅਤੇ ਵਿਆਕੁਲ ਹੋਈ ਹੋਈ ਸੈਨਾ, ਲਛਮਨ ਨੂੰ ਰਣ
ਭੂੰਮੀ ਵਿੱਚ ਛਡ ਕੇ, ਜਿਥੇ ਰਾਮ ਖਲੋਤੇ ਸਨ ਓਥੇ ਭੱਜ ਗਈ ।

Frightened, confused and constrained by
the battle, the army flew to the place
where Rama, the incarnate, was standing.

772

ਜਬ ਜਾਇ ਬਾਤ ਕਹੀ ਉਨੈ ॥
ਬਹੁ ਭਾਂਤਿ ਸੋਕ ਦਯੋ ਤਿਨੈ ॥
ਸੁਨ ਬੈਨ ਮੌਨ ਰਹੈ ਬਲੀ ॥
ਜਨ ਚਿਤ੍ਰੁ ਪਾਹਨ ਕੀ ਖਲੀ ॥

ਜਦੋਂ ਸੈਨਾਂ ਨੇ ਜਾ ਕੇ ਸਾਰਾ ਹਾਲ ਰਾਮ ਨੂੰ ਸੁਨਾਇਆ,
ਤਾਂ ਉਹ ਬਹੁਤ ਦੁਖੀ ਹੋਏ, ਅਤੇ ਚੁਪ ਚਾਪ ਇਉਂ ਖਲੋਤੇ
ਰਹਿ ਗਏ ਜਿਵੇਂ ਪਥਰ ਦੀ ਮੂਰਤੀ ਹੁੰਦੀ ਹੈ ।

Rama, the incarnate, was astounded,
and dumb-founded, in extreme
distress, to hear the full account.
He was petrified like a statue.

773

ਪੁਨ ਬੈਠ ਮੰਤ੍ਰ ਬਿਚਾਰਯੋ ॥
ਤੁਮ ਜਾਹ ਭਰਥ ਉਚਾਰਯੋ ॥
ਸੁਨਿ ਬਾਲ ਦੋ ਜਿਨ ਮਾਰੀਯੋ ॥
ਧਰ ਆਨ ਮੋਹਿ ਦਿਖਾਰੀਓ ॥

ਫੇਰ ਰਾਮ ਨੇ ਮੰਤ੍ਰੀਆ ਨਾਲ ਬੈਠ ਕੇ ਸਲਾਹ ਕੀਤੀ ਅਤੇ ਫੈਸਲਾ
ਕੀਤਾ ਕਿ ਲਵ ਅਤੇ ਕੁਸ਼ ਨਾਲ ਲੜਨ ਲਈ ਭਰਥ ਨੂੰ ਭੇਜਿਆ
ਜਾਵੇ। ਅਤੇ ਕਿਹਾ, "ਹੈ ਭਰਥ ਜਿਹੜੇ ਦੋ ਮੁਨੀ ਬਾਲਾਂ ਨੇ
ਸਾਰੀ ਸੈਨਾ ਨੂੰ ਮਾਰ ਦਿਤਾ ਹੈ, ਉਨਾਂ ਨੂੰ ਲਿਆ ਕੇ ਮੈਨੂੰ
ਦਿਖਾਓ ।"

Digitized by Panjab Digital Library | www.panjabdigilib.org

Rama, the incarnate, held council of war with his ministers and decided to send Bharta to fight against Lava and Kusha and ordered him to capture the two hermit-Lads, who had played havoc with his army and present them to him.

774

ਸਜ ਸੈਨਾ ਭਰਥ ਚਲੇ ਤਹਾਂ ॥
ਰਟ ਬਾਲ ਬੀਰ ਮੰਡੇ ਜਹਾਂ ॥
ਬਹੁ ਭਾਂਤ ਬੀਰ ਸੰਘਾਰਹੀ ॥
ਸਰ ਓਘ ਪ੍ਰਓਘ ਪ੍ਰਹਾਰਹੀ ॥

ਰਾਮ ਰਘੁਬੀਰ ਦਾ ਹੁਕਮ ਮਿਲਦਿਆਂ ਸਾਰ ਹੀ, ਭਰਥ ਬੜੀ ਵਡੀ ਸੈਨਾਂ ਤਿਆਰ ਕਰ ਕੇ ਤੁਰ ਪਏ, ਜਿਥੇ ਦੋਵੇਂ ਭਰਾ ਲੜਨ ਲਈ ਤਿਆਰ ਖੜੇ ਸਨ । ਉਹਨਾਂ ਨੇ ਬੜੇ ਸੂਰਬੀਰਾਂ ਨੂੰ ਮਾਰ ਦਿਤਾ ਅਤੇ ਸੈਨਾਂ ਦੇ ਸਮੂਹ ਦੇ ਪਰਖੱਚੇ ਲਾਹ ਸੁੱਟੇ ।

Receiving the royal mandate, Bharata, sallied forth, with vast army of strong and mighty warriors. Both the hermit-lads stood well prepared and met them in advance. They killed many heroic soldiers and distructed and destroyed the vast host.

775

ਸੁਗ੍ਰੀਵ ਔਰ ਬਭੀਛਨੰ ॥
ਹਨਵੰਤ ਅੰਗਦ ਰੀਛਨੰ ॥
ਬਹੁ ਭਾਂਤ ਸੈਨ ਬਨਾਇ ਕੈ ॥
ਤਿਨ ਪੈ ਚਲਯੋ ਸਮੂਹਾਇਕੈ ॥

Digitized by Panjab Digital Library | www.panjabdigilib.org

ਸੁਗ੍ਰੀਵ, ਵਭਿਖਣ, ਹਨੂੰਮਾਨ, ਅਤੇ ਅੰਗਦ ਆਦਿ
ਯੱਧੇ, ਸੈਨਾ ਦਾ ਵਡਾ ਸਮੂਹ ਇਕਠਾ ਕਰ ਕੇ ਤੁਰ ਪਏ ।

The mighty Sugriva, Vabhikhna, Hanumana
and Angadha like invincible warriors,
set forth with innumerable army and
vast host.

776

ਰਣ ਭੂੰਮ ਭਰਥ ਗਏ ਜਬੈ ॥
ਮੁਨਿ ਬਾਲ ਦੇਖਿ ਲਖੇ ਤਬੈ ॥
ਦੁਇ ਕਾਕ ਪੱਛਾ ਸੋਭ ਹੀ ॥
ਲਖ ਦੇਵ ਦਾਨੋ ਲੋਭ ਹੀ ॥

ਜਦੋਂ ਭਰਥ ਰਣ ਭੂੰਮੀ ਵਿੱਚ ਗਏ ਤਾ ਦੋਵੇਂ ਮੁਨੀ ਬਾਲਕਾਂ
ਨੂੰ ਦੇਖਿਆ । ਦੋਵੇਂ ਬਾਲਕ, ਕਾਲੇ ਕਾਲੇ ਵਾਲਾਂ ਦੀਆ ਜੁਲਫਾਂ
ਵਿੱਚ ਦੇਵਤਿਆਂ ਦੀ ਸੁੰਦ੍ਰਤਾ ਨੂੰ ਵੀ ਮਾਤ ਪਾ ਰਹੇ ਸਨ ।

Enteriog into the battlefield, Bharta was
allured to see the black locks of curls,
of the charming hermit boys. Their charming beauty
surpassed the enchanting beauty of the angels.

777

ਅਕੜਾ ਛੰਦ ॥ ਭਰਥ ਵਾਚ ਲਵ ਸੋਂ ॥

ਮੁਨਿ ਬਾਲ ਛਾਡਨ ਗਰਬ ॥
ਮਿਲ ਆਨ ਮੋਹੂ ਸਰਬ ॥
ਲੈ ਜਾਹਿ ਰਾਘਵ ਤੀਰ ॥
ਤੁਹਿ ਨੈਕ ਦੈ ਕੈ ਚੀਰ ॥

ਭਰਥ ਨੇ ਮੁਨੀ ਬਾਲਕਾਂ ਨੂੰ ਕਿਹਾ, "ਐ ਬਾਲਕੋ ਹਠ
ਛਡ ਦਿਓ, ਚਲੋ ਤੁਹਾਡੀ ਜਿੱਤ ਮੰਨ ਕੇ ਤੁਹਾਨੂੰ ਰਾਮ ਦੇ
ਕੋਲ ਲੈ ਚਲੀਏ ।"

Digitized by Panjab Digital Library | www.panjabdigilib.org

Bharta exhorted the hermit boys to give up obstinacy and arrogance and said, "Hearken, lads : let us be convinced about your mighty victory. Pray accompany us to Lord Rama, the incarnate."

778

ਸੁਨਤੇ ਭਰੇ ਸਿਸਮਾਨ ॥
ਕਰ ਕੋਪ ਤਾਨ ਕਮਾਨ ॥
ਬਹੁ ਭਾਂਤਿ ਸਾਇਕ ਛੋਰ ॥
ਜਨ ਅੰਬੁ ਸਾਵਨ ਓਰ ॥

ਸੁਣਦਿਆਂ ਸਾਰ ਮੁਨੀ ਬਾਲਕਾਂ ਨੂੰ ਬੜਾ ਗੁਸਾ ਚੜ੍ਹਿਆ ਅਤੇ ਉਨਾਂ ਨੇ ਭਿਆਨਕ ਚਿਟੇ ਤੀਰ ਦਿਉਂ ਬਰਸਾਨੇ ਆਰੰਭ ਕੀਤੇ ਜਿਵੇਂ ਸਾਵਣ ਵਿੱਚ ਗੜੇ ਬਰਸਦੇ ਹਨ।

On hearing these words of Bharta, the hermit boys, infuriated in wroth and showerd white sharp arrows wildly and profusely like hail-storm in the month of Sawana.

779

ਲੱਗੇ ਸੁ ਸਾਇਕ ਅੰਗ ॥
ਗਿਰਗੋਸ ਬਾਹ ਉਤੰਗ ॥
ਕਹੁੰ ਅੰਗ ਭੰਗ ਸੁਬਾਹ ॥
ਕਹੁੰ ਚਉਰ ਚੀਰ ਸਨਾਹ ॥

ਜਦੋਂ ਉਨਾਂ ਦੇ ਚਿਟੇ ਤੀਰ ਲੱਗੇ, ਤਾਂ ਕਿਸੇ ਦੀ ਬਾਹ ਲਥ ਗਈ, ਕਿਸੇ ਦੇ ਅੰਗ ਝੜ ਗਏ, ਕਿਸੇ ਦੇ ਚਉਰ ਭਿਗ ਪਏ ਅਤੇ ਕਿਸੇ ਦਾ ਕਵਚ ਲੱਥ ਗਿਆ।

Digitized by Panjab Digital Library | www.panjabdigilib.org

With the irresistable white arrows, the arms were blown off, the limbs were severed, the royal umbrallas were chopped and armours were broken and thrown down.

780

ਕਹੂੰ ਚਿੜ੍ਹੰ ਚਾਨੁ ਕਮਾਨ ॥
ਕਹੂੰ ਅੰਗ ਸੋਧਨ ਬਾਨ ॥
ਕਹੂੰ ਅਗ ਘਾਇ ਭਭੱਕ ॥
ਕਹੂੰ ਸੁੰਣ ਸਰਤ ਛਲੱਕ ॥

ਕਿਧਰੇ ਕਮਾਨ ਟੁਟੇ ਪਏ । ਕਿਧਰੇ ਅੰਗ ਕੱਟੇ ਗਏ ।
ਕਿਧਰੇ ਜ਼ਖਮਾਂ ਵਿਚੋਂ ਲਹੁ ਭੱਭਕਨ ਲਗਾ ਅਤੇ
ਕਿਧਰੇ ਖੂਨ ਦੀ ਨਦੀ ਵਹਿ ਤੁਰੀ ।

The whole battlefield was a scene of devastation and havoc. The broken bows spread every where, the arms and limbs were strewn, blood gushed and oozed out of wounds and bodies dipped in gore and stream of blood.

781

ਕਹੂੰ ਭੂਤਨ ਪ੍ਰੇਤ ਭਕੰਤ ॥
ਸਕਹੂੰ ਸੁੰਣ ਕਮਧ ਉਠੰਤ ॥
ਕਹੂੰ ਨਾਚ ਬੀਰ ਬੈਤਾਲ ॥
ਸੁਥਮੰਤ ਡਾਕਣ ਜੁਆਲ ॥

ਕਿਧਰੇ ਭੂਤ ਪ੍ਰੇਤ ਫਿਰਨ ਲੱਗੇ । ਕਿਧਰੇ ਸਿਰ ਤੋਂ ਬਿਨਾ
ਧੜ ਚੀਕਾਂ ਮਾਰਨ ਲੱਗੇ । ਕਿਧਰੇ ਜੋਧੇ ਬੇਤਾਲ ਲੜਨ ਲਗੇ ।
ਅਕਾਸ਼ ਵਿੱਚ ਮਾਸ ਖੋਰੇ ਜਾਨਵਰ ਫਿਰਨ ਲੱਗੇ । ਕਿਧਰੇ
ਚੁੜੇਲਾਂ ਅੱਗ ਦੀ ਤਰ੍ਹਾਂ ਭੌਣ ਲਗੀਆਂ ।

Digitized by Panjab Digital Library | www.panjabdigilib.org

The imps and hobgoblins rambled. The trunks screamed bitterly. The warriors fought unharmoniously. The vultures and Kites screached. The ghosts and fiends roamed about

782

ਰਣ ਘਾਇ ਘਾਇ ਬੀਰ ॥
ਸਬੁ ਸੁੰਣ ਭੀਗੇ ਚੀਰ ॥
ਇੱਕ ਬੀਰ ਬਾਜ ਚਲੰਤ ॥
ਇੱਕ ਆਨ ਜੁਧ ਜਟੰਤ ॥

ਘਾਇਲ ਹੋਏ ਹੋਏ ਜੋਧਿਆਂ ਦੇ ਸਰੀਰ ਲਹੂ ਲੁਹਾਨ ਹੋ ਗਏ। ਇੱਕ ਬਾਲਕ, ਬਾਜ ਦੀ ਤਰ੍ਹਾਂ ਉੱਡ ਉੱਡ ਕੇ ਸ਼ਤ੍ਰੂ ਉਤੇ ਜਾ ਪੈਂਦਾ, ਦੂਜਾ ਬਾਲਕ ਅੜ ਯੁਧ [illegible]

The wounded warriors were bathed in blood and streamed in gore. One child, pounced upon the enemies like a hawk and the other, stood fast and stuck to the ground, firmly and fought fiercely and heroically.

783

ਇੱਕ ਐਂਚ ਐਂਚ ਕਮਾਨ ॥
ਤਕਬੀਰ ਮਾਰਤ ਬਾਨ ॥
ਇੱਕ ਭਾਜ ਭਾਜ ਮਰੰਤ ॥
ਨਹੀਂ ਸੁਰਗ ਤਉਨ ਬਸੰਤ ॥

ਇੱਕ ਬਾਲਕ ਖਿੱਚ ਖਿੱਚ ਕੇ ਕਮਾਨ ਚਲਾਂਦਾ ਅਤੇ ਰਬ ਦਾ ਨਾਮ ਲੈ ਲੈ ਕੇ ਸ਼ਤਰੂ ਨੂੰ ਸਿਧਾ ਸਵਰਗਾਂ ਨੂੰ ਭੇਜੀ ਜਾਂਦਾ। ਦੂਸਰਾ ਬਾਲਕ ਨੱਸੇ ਜਾਂਦੇ ਵੈਰੀਆ ਨੂੰ ਉਨਾਂ ਦੇ ਮਗਰ ਭੱਜ ਭੱਜ ਕੇ ਮਾਰੀ ਜਾਂਦਾ।

Digitized by Panjab Digital Library | www.panjabdigilib.org

With bow pulled and drawn with full force, one child, released desperate, and irresistable arrows and rendered them inert and dead. Those who fled from the battlefield, the second child chased them to the finish.

784

ਗਜ ਰਾਜ ਬਾਜ ਅਨੇਕ ॥
ਜਾਏ ਨ ਬਾਚਾ ਏਕ ॥
ਤਬ ਆਨ ਲੰਕਾ ਨਾਥ ॥
ਜੂਝਿਓ ਸਿਸਨ ਕੇ ਸਾਥ ॥

ਬੜੇ ਹਾਥੀ ਘੋੜੇ ਲੜਾਈ ਵਿੱਚ ਮਾਰੇ ਗਏ । ਸਾਰੇ ਯੋਧੇ ਜੂਝ ਗਏ । ਕੋਈ ਵੀ ਨਾ ਬਚਿਆ ਤਦ ਲੰਕਾ ਦਾ ਸੁਆਮੀ ਵਭੀਖਨ ਲੜਨ ਲਈ ਆਇਆ ।

Innumerable elephants and steeds were killed, in the battlefield. All the warriors were dispatched to Heavens and none survived. There upon Vabhishna, the demon Lord of Lanka, entered the battlefield to continue the fight.

785

ਬੋਹੜਾ ਛੰਦ ॥

ਲੰਕਸ ਕੇ ਉਰ ਮੋਂ ਤਬ ਬਾਨ ॥
ਮਾਰਯੋ ਰਾਮ ਸਿਸੑ ਤਜ ਕਾਨ ॥
ਤਬ ਗਿਰਿਓ ਦਾਨਵ ਸ ਭੂਮਿ ਮੱਧ ॥
ਤਿਹ ਬਿਸੁਧ ਜਾਣ ਨਹੀਂ ਕੀਯੋ ਬਧ ॥

Digitized by Panjab Digital Library | www.panjabdigilib.org

ਲੰਕਾ ਦੇ ਸੁਆਮੀ ਵਭੀਸ਼ਨ ਦੇ ਸੀਨੇ ਵਿੱਚ ਬਾਲਕਾਂ ਨੇ ਕੱਸ ਕੇ ਤੀਰ ਮਾਰਿਆ । ਉਹ ਬੇਸੁਧ ਹੋ ਕੇ ਧਰਤੀ ਉਤੇ ਡਿੱਗ ਪਿਆ ਪਰ ਉਨਾਂ ਦੇ ਬੇਹੋਸ਼ ਜਾਣ ਕੇ ਨ ਮਾਰਿਆ ।

The children hurled, fatal and irresistable arrows, with full vigour and force, against the chest of demon Lord Vabhishna. Instantaneously, the demon fell down inert on the ground. Taking him to be in swoon, they did not kill him.

786

ਤਬ ਰੁਕਯੋ ਤਾਸ ਸੁਗ੍ਰੀਵ ਆਨ ॥
ਕਹਾਂ ਜਾਤ ਬਾਲ ਨਹੀਂ ਪੈਸ ਜਾਨ ॥
ਤਬ ਹਨਿਯੋ ਬਾਲ ਤਿਹ [illegible] ਡੱਕ ॥
ਤਿਹ ਲਗਯੋ ਭਾਲ ਮੋ ਰਹਯੋ ਚੱਕ ॥

ਤਦ ਸੁਗ੍ਰੀਵ ਰਣ ਭੂਮੀ ਵਿੱਚ ਆਣ ਡਟਿਆ । ਉਹ ਕਹਿਣ ਲਗਾ, "ਇਹ ਬਾਲਕ ਕਿਥੇ ਜਾ ਸਕਦੇ ਹਨ ਮੇਰੇ ਸਾਹਮਣੇ ।" ਇਹ ਸੋਚ ਕੇ ਉਸ ਨੇ ਇਕ ਵਿਸ਼ੇਸ਼ ਬਾਣ ਮਾਰਿਆ ਪਰ ਉਹ ਬਾਣ ਬਾਲਕਾਂ ਨੇ ਢਾਲ ਉਤੇ ਰੋਕ ਲਿਆ । ਇਹ ਦੇਖ ਕੇ ਸੁਗ੍ਰੀਵ ਚਕ੍ਰਿਤ ਹੋ ਗਿਆ ।

There upon, the mighty warrior Sugriva, entered the battlefield. In great arrogance, he humbled the hermit boys as ordinary lads as compared to his invincible power and strength. He released a deadly weapon against them, but was astounded to see the dexterity and skill with which the hermit chaps intercepted it on their shields.

Digitized by Panjab Digital Library | www.panjabdigilib.org

787

ਚਪ ਚਲੀ ਸੈਣ ਕਪਣੀ ਸੁਰੂਪ ॥
ਨਲ ਨੀਲ ਹਨ ਅੰਗਦ ਸੁਜਧ ॥
ਤਬ ਭੀਲ ਤੀਨ ਲੈ ਬਾਲ ਬਾਨ ॥
ਤਿਹ ਹਣੇ ਭਾਲ ਮੋਰੇ ਸਠਾਨ ॥

ਤਦ ਕਪਿ ਦਲ, ਬੜੇ ਕ੍ਰੋਧ ਨਾਲ, ਨਲ, ਨੀਲ ਹਨੂੰਮਾਨ ਅਤੇ ਅੰਗਦ ਦੀ ਕਮਾਂਨ ਹੇਠਾਂ ਯੁਧ ਕਰਨ ਆਇਆ । ਬਾਲਕਾਂ ਨੈ ਤਿੰਨ ਤਿੰਨ ਤੀਰ ਇਕਠੇ ਲੈ ਲੈ ਕੇ ਮਾਰੇ । ਸ਼ਤਰੂਆਂ ਦੀਆਂ ਢਾਲਾਂ ਤੋੜ ਦਿਤੀਆਂ, ਤੀਰਾਂ ਦੇ ਮੂੰਹ ਮੋੜ ਦਿਤੇ ।

Thereupn the vast host of Kapies, set forth
under rhe command of invincible heroes
like Nala, Neela Hanumana and Angadha. The hermit
boys, discharged three most formidable arrows
at a time. They pierced and smacked their
shields and cut their arrows in between.

788

ਜੋ ਗਏ ਸੂਰ ਸੋ ਰਹੇ ਖੇਤ ॥
ਜੋ ਬਚੇ ਭਾਜ ਤੇ ਹੁਇ ਅਚੇਤ ॥
ਤਬ ਤੱਕ ਤੱਕ ਸਿੱਸ ਕੱਸ ਬਾਣ ॥
ਦਲ ਹਤਯੋ ਰਾਘਵੀ ਤਜ ਬਾਣ ॥

ਜਿਹੜੇ ਸੂਰਮੇ ਰਣ ਭੂਮੀ ਵਿੱਚ ਲੜਨ ਆਏ, ਉਹ ਰਣ ਭੂੰਮੀ ਵਿੱਚ ਹੀ ਰਹਿ ਗਏ, ਆਰਬਕ ਮਾਰੇ ਗਏ । ਜਿਹੜੇ ਭੱਜ ਗਏ ਯਾਂ ਬੇਹੋਸ਼ ਹੋ ਗਏ ਉਹਨਾਂ ਨੂੰ ਬਾਲਕਾਂ ਨੇ ਕਸ ਕਸ ਕੇ ਤੀਰ ਮਾਰ ਮਾਰ ਕੇ ਮਾਰ ਦਿਤਾ । ਸਾਰਾ ਦਲ ਖਤਮ ਕਰ ਦਿਤਾ । ਕੋਈ ਕਸਰ ਨਾ ਛਡੀ ।

Digitized by Panjab Digital Library | www.panjabdigilib.org

The warriors, who entered the battlefield,
never returned, but killed
and crushed badly. Those who fled away
were chased to the finish. Those who
were lying unconscious were done away with,
and were pierced with venomous sharp arrows.
The vast Kapi host was totally destroyed
without hesitation and obstruction.

789

ਅਨੂਪ ਨਰਾਜ ਛੰਦ ॥

ਸੁ ਕੋਪ ਦੇਖ ਕੈ ਬਲੰ ਸੁ ਕ੍ਰੁਧ ਰਾਘਵੀ ਸਿਸੰ ॥
ਬਚਿਤ੍ਰ ਚਿਤ੍ਰਤੰ ਸਰੰ ਬਰਖ ਬਰਖਣੋ ਰਣੰ ॥
ਭਭਜ ਆਸੁਰੀ ਸੁਤੰ ਉਠੰਤ ਭੈ ਕਰੀ ਧੁਨੰ ॥
ਭ੍ਰਮੰਤ ਕੁੰਡਲੀ ਕ੍ਰਿਤੰ ਪਾਪੀਤ ਦਾਰਣੰ ਸਰੰ ॥

ਬਾਲਾਂ ਦੀ ਸਕਤੀ ਅਤੇ ਤੇਜ ਦੇਖ ਕੇ ਰਾਘੁਵੀ ਸੈਨਾਂ ਨੂੰ ਬੜਾ ਕ੍ਰੋਧ ਆਇਆ । ਪਰ ਬਾਲਕਾਂ ਨੇ ਅਜਿਹੇ ਵਚਿਤ੍ਰ ਬਾਣਾਂ ਦੀ ਬਰਖਾ ਕੀਤੀ ਕਿ ਆਸੁਰੀ ਸੈਨਾਂ ਭਿਆਨਕ ਨਾਦ ਕਰਦੀ ਹੋਈ ਅਤੇ ਚਿਲਲਾਂਦੀ ਹੋਈ ਭੱਜ ਉਠੀ । ਰਣ ਵਿੱਚ ਕੁੰਡਿਆਲੀਆਂ ਜੁਲਫਾਂ ਵਾਲੇ ਬਾਲਕ, ਸੁਤੰਤ੍ਰਤਾ ਸਹਿਤ, ਅਸਿਹ ਬਾਣਾਂ ਨਾਲ ਪ੍ਰਹਾਰ ਕਰਨ ਲਗੇ ।

The invincible warriors of the army of
Rama, the incarnate, were infuriated to see
the marvellous feats and surprizingly
glorious skill of the hermit-boys. But with
the volleys of inimitable peculiar and
unbearable arrows showered by the children;
the Raghav host fled in confusion, pain and
distress, screaming and shouting in

Digitized by Panjab Digital Library | www.panjabdigilib.org

unbearable pain and affliction. The hermit-lads with bewitching curly locks, attacked and assaulted the fleeing army with most destructive and irresistable arrows.

790

ਘੁਮੰਤ ਘਇਲੰ ਘਣੰ ਤਤਛ ਬਾਬਣੰ ਥਰੇ ॥
ਭਭਜੱ ਕਾਤਰੇ ਕਿਤੇ ਗਜੰਤ ਜੱਧਣੰ ਜੁਧੰ ॥
ਚਲੰਤ ਤੀਛਣੰ ਅਸੰ ਖਿਮੰਤ ਧਾਰ ਉਜੱਲੰ ॥
ਪਪਾਤ ਅੰਗਦਾਦਿ ਕੇਸਰੀ ਹਨਵੰਤ ਸੁਗ੍ਰੀਵ ਬਲੰ ॥

ਬੜੇ ਘਾਇਲ ਘੁੰਮਣ ਲੱਗੇ । ਬਾਲਕਾਂ ਨੇ ਤੱਤ ਛਿਨ, ਉਨਾਂ ਨੂੰ ਮਾਰ ਕੇ ਮੁਕਤ ਕਰ ਦਿਤਾ । ਕਿੰਨੇ ਹੀ ਕਾਇਰ, ਭੱਜ ਗਏ । ਕਿੰਨੇ ਹੀ ਯੋਧੇ ਰਣ ਵਿਚ ਜੁਧ ਕਰਨ ਲਈ ਲਲਕਾਰਨ ਲਗੇ । ਬੜੇ ਤੇਜ਼ੀ ਨਾਲ ਅਸਤ੍ਰ ਸ਼ਸਤ੍ਰ ਚਲੇ । ਤਲਵਾਰਾਂ ਬਿਜਲੀ ਦੀ ਤਰ੍ਹਾਂ ਲਿਸਕੀਆਂ । ਜਿਨਾਂ ਨਾਲ ਅੰਗਦ, ਕੇਸਰੀ, ਹਨੁਮਾਨ ਅਤੇ ਸੁਗ੍ਰੀਵ ਆਦਿ ਯੋਧੇ ਮਾਰੇ ਗਏ ।

Many of the wounded warriors rambled and reeled in the battefield. They were, instantaneously, emancipated, and delivered with sword. Innumerable, timid and cowards, fled from the field, and the powerful and valient warriors challenged and shouted in excitement of the martial fury. Most wildly and rashly, the arms were actuated, moved, and swept. The sabres were drawn and brandished like the flash of lightning, and in an instant, chopped off the heads of the invincible mighty Angadha, Keseri, Hanumana and Sugriva.

Digitized by Panjab Digital Library | www.panjabdigilib.org

791

ਗਿਰੰਤ ਆਸੁਰੰ ਰਣੰ ਭਰਮ ਆਸੁਰੀਸਿਸੰ ॥
ਤਜੰਤ ਸੁਆਮਣੋ ਧਰੰ ਭਜੰਤ ਪ੍ਰਾਣ ਲੈ ਭਟੰ ॥
ਉਠੰਤ ਅੰਧ ਧੰਧਣੇ ਕਬੰਧ ਬੈਧਤੇ ਕਟੰ ॥
ਲਗੰਤ ਬਾਣਣੋ ਬਰੰ ਗਿਰੰਤ ਭੂਮ ਆਹਵਯੰ ॥

ਬੇਅੰਤ ਅਸੁਰੀ ਸੈਨਾ ਰਣ ਭੂਮੀ ਵਿੱਚ ਮਾਰੀ ਗਈ । ਕੁਝ ਸੈਨਾ, ਪ੍ਰਾਣ ਬਚਾ ਕੇ, ਨੱਸ ਗਈ । ਅੰਧਾ ਧੰਧ ਮੱਚ ਗਈ । ਸਿਰ ਕੱਟੇ, ਰੁੰਡ, ਫਿਰਨ ਲੱਗੇ । ਪੁੱਤ੍ਰ ਬਾਲਕਾਂ ਦੇ ਤੀਰ ਲਗਦਿਆਂ ਹੀ ਜੋਧੇ ਰਣ ਭੂੰਮੀ ਵਿੱਚ ਡਿਗਦੇ ਗਏ ।"

Innumerable demon host was killed and crushed in the battlefield. The remanent, took to heel, to save their lives. There was confusion, tumult, devastation and uproar. The trunks rambled and reeled. With a single shaft of the hermit lads, the mighty and powerful warriors fell inert on the ground.

792

ਪਪਾਤ ਬ੍ਰਿਛਣੰ ਧਰੰ ਬਬੇਗ ਮਾਰ ਤੁਜਣੰ ॥
ਭਰੰਤ ਧੂਰ ਭੂਰਣੰ ਦਸੰਤ ਸ੍ਰੋਣਤੰ ਮੁਖੰ ॥
ਚਿਕਾਰ ਚਾਂਵਡੀ ਨਭੰ ਫਿਰੰਤ ਫਿਕੱਰੀ ਫਿਰੰ ॥
ਭਕਾਰ ਭੂਤ ਪ੍ਰੇਤਣੰ ਡਕਾਰ ਡਾਕਣੀ ਡੁਲੰ ॥

ਅਸੁਰੀ ਸੈਨਾ ਇਉਂ ਕੱਟ ਕੱਟ ਕੇ ਡਿਗੀ ਜਿਵੇਂ ਹਨੇਰੀ ਨਾਲ ਵਡੇ ਵਡੇ ਰੁੱਖ ਡਿੱਗਦੇ ਹਨ । ਸਾਰੀ ਧਰਤੀ ਘਟੇ ਮਿਟੀ ਨਾਲ ਭਰ ਗਈ । ਸਭ ਜੋਧੇ ਲਹੂ ਨਾਲ ਲੱਥ ਪੱਥ ਹੋ ਗਏ ! ਦਿਲਾਂ ਚੀਕਨ ਲਗੀਆਂ, ਗਿਦੜੀਆਂ ਘੂੰਮਨ ਲਗੀਆ । ਭੂਤ ਪ੍ਰੇਤ ਅਤੇ ਚੁੜੇਲਾ ਚਿੰਘਾੜਨ ਲਗੀਆਂ ।

Digitized by Panjab Digital Library | www.panjabdigilib.org

The demon host was swept most impetuously. Chopped with the arrows the enemy host fell down, as gale storm up-roots the trees. The earth and sky was enveloped with dust storm. Tho bodies streamed with gore The falcons screamed. The jacals rambled. The imps, fiends, ghosts and hobgoblins raved.

793

ਗਿਰੈ ਧਰੈ ਧੁੰਰ ਧਰਾ ਧਰੈ ਨਰੰ ਜਿਵੇ ॥
ਤਰਜ ਸ੍ਰੋਣ ਤੋਤਣੰ ਉਠੰਤ ਕੈ ਕਰੀ ਧਨੰ ॥
ਉਠੰਤ ਗੱਦ ਸਦਣੰ ਨਨਦ ਫਾਫਰੰ ਰਣੰ ॥
ਬਬਰਖ ਸਾਯੰਕ ਸਿਤੰ ਘੁੰਤ ਜੋਧਣੰ ਬੂਣੰ ॥

ਰਣ ਭੂੰਮੀ ਵਿਚ, ਸ਼ਤਰੂ, ਇਉਂ ਪ੍ਰਾਣ ਰਹਿਤ ਹੋ ਕੇ ਡਿਗਦੇ ਗਏ ਜਿਵੇਂ ਰੁਖ, ਬ੍ਰਿਖ ਡਿਗਦੇ ਹਨ । ਲਹੂ ਲੁਹਾਨ ਹੋਏ ਹੋਏ, ਸਿਰਾਂ ਤੋਂ ਰਹਿਤ ਰੁੰਡ, ਭਿਆਨਕ, ਚੀਕਾਂ ਮਾਰਨ ਤੇ ਭਜੱਣ ਫਿਰਨ ਲਗੇ । ਭੈ ਦਾਇਕ, ਕੁਰਲਾਹਟ ਮੱਚ ਗਈ । ਉਧਰ ਰਣ ਭੇਰੀਆਂ ਰਣ-ਨਾਦ ਕਰਨ ਲਗੀਆਂ । ਚਿਟੇ ਤੀਰਾਂ ਦੀ ਬੁਛਾੜ ਹੋਣ ਲੱਗੀ । ਯੋਧੇ ਘਾਇਲ ਹੁੰਦੇ ਗਏ ।

Sorely smitten, the enemy collasped like high trees. Streaming with blood, the trunks raved frightfully. The enemy was ravaged and devastated with continuous showers of white arrows. The drums played horrible martial tunes. The whole scene was frightfully up-rorious.

Digitized by Panjab Digital Library | www.panjabdigilib.org

794

ਭਜੰਤ ਭੈ ਧਰੰ ਭਟੰ ਬਿਲੋਕ ਭੂਥਣੇ ਰਣੇ ॥
ਚਲਯੋ ਚਿਰਾਯਕੈ ਚਪੀ ਬਬਰਧ ਸਾਇਕੈ ਸਿਤੰ ॥
ਸੁਰੂਧ ਸਾਇਕੰ ਸਿਸੰ ਬਬਧ ਭਾਲਣੇ ਭਟੰ ॥
ਪਪਾਤ ਪ੍ਰਿਥਵਿਯੰ ਹਠੀ ਮਮੋਹ ਆਸ੍ਰਮੰ ਗਤੰ ॥

ਜਿਸ ਵੇਲੇ, ਲਵ ਕੁਸ਼ ਨੇ, ਤਿਖੇ ਤਿਖੇ ਚਿਟੇ ਤੀਰਾਂ ਦੀ ਬਰਖਾ ਕੀਤੀ ਤਾਂ ਸਾਰੇ ਯੋਧੇ ਭਜ ਗਏ। ਸਿਰਫ ਭਰਥ ਹੀ ਰਣ ਭੂਮੀ ਵਿਚ ਮੁਕਾਬਲਾ ਕਰਦੇ ਦਿਖਾਈ ਦਿਤੇ। ਮੁਨੀ ਬਾਲਕਾਂ ਨੇ, ਭਾਲ ਭਾਲ ਕੇ ਯੋਧਿਆਂ ਨੂੰ ਤੀਰਾਂ ਨਾਲ ਵਿੰਨ ਦਿਤਾ। ਹਠੀਲੇ ਯੋਧਿਆਂ ਨੂੰ ਧਰਤੀ ਉਤੇ ਡੇਗ ਕੇ ਆਸ਼੍ਰਮ ਦੀ ਮਾਰਗ ਨੂੰ ਤੁਰ ਪਏ।

When Lava and Kusha showered continuous volleys of arrows of white missiles, the enemy host fled away frightened and vexed. Only, the mighty Bharta stuck to the ground, in hostillity. The hermit boys, hunted up the enemies and pierced them to the finish. Having knocked down the mighty and vigorous enemy, they proceeded towards the hermitage.

795

ਭਭਜੱ ਭੀਤਣੇ ਭਟੰ ਤਤੱਜ ਭੂਥਣੇ ਭੂਅੰ ॥
ਫਿਰੰਤ ਲੁਥਤੰ ਉਠੇ ਪੁਰੰਦ ਰਾਘਵੰ ਤਟੇ ॥
ਜੁਝੇਸ ਭੂਤ ਭੂਥਣੇ ਸੁਣੰਤ ਜਾਨਕੀ ਧੰਤੰ ॥
ਪਪਾਤ ਭੂਮਣੇ ਤਲੰ ਅਪੀੜ ਪੀੜਤੰ ਦੁਖੰ ॥

ਸਾਰੀ ਸੈਨਾਂ, ਭੈ ਭੀਤ ਹੋ ਕੇ, ਭਰਥ ਨੂੰ ਰਣ ਭੂਮੀ ਵਿਚ ਹੀ ਛੱਡ ਕੇ ਭੱਜ ਗਈ। ਡਿਗਦੇ ਢਹਿੰਦੇ ਉਹ ਰਾਘਵ ਕੋਲ ਗਏ।

Digitized by Panjab Digital Library | www.panjabdigilib.org

ਉਥੇ ਜਾ ਕੇ ਜਾਨਕੀ ਦੇ ਪਤੀ, ਰਾਮ ਨੂੰ ਦਸਿਆ, ਕਿ ਭਰਥ ਰਣ ਵਿਚ ਜੂਝ ਗਿਆ ਹੈ । ਸੁਣਦਿਆਂ ਹੀ ਰਾਮ ਭੁੰਮੀ ਉਤੇ ਡਿਗ ਪਏ ਅਤੇ ਪੀੜ ਵਿਚ ਕੁਰਲਾ ਉਠੇ ।

Terrified and horror-stricken, the army fled a way, leaving behind the dead body of the mighty Bharta, in the field. Tumblingly and stumblingly, they proceeded towards Ayodhya and narrated the details to Rama the incarnate, regarding the heroic death of the mighty Bharta. Instantaneously Rama, the incarnate, fell on the ground and swooned in great distress and extreme pain.

796

ਸਸੱਜ ਜੋਧਣੇ ਜੁੱਧੀ ਸਕ੍ਰੋਧ ਬੱਧਣੇ ਬਰੰ ॥
ਤਤਜੱ ਜੱਗ ਮੰਡਲੇ ਅਦੰਡ ਦੰਡਣੇ ਨਰੰ ॥
ਸੁਗੱਜ ਬੱਜ ਬਾਜਣੇ ਉਠੰਤ ਭੈ ਧਰੀ ਧੁਰੰ ॥
ਸਨਧੱ ਬੱਧ ਕੈ ਦਲੰ ਸਬੱਧ ਜਧਣੰ ਵਰੇ ॥

ਵਡੇ ਵਡੇ ਜੋਧਿਆਂ ਨੂੰ ਯੁਧ ਕਰਨ ਲਈ ਤਿਆਰ ਕੀਤਾ । ਉਹ ਕ੍ਰੋਧ ਵਿਚ ਇਉਂ ਉਬਲਨ ਲਗੇ ਜਿਵੇਂ ਭਾਂਡੇ ਵਿਚ ਪਾਣੀ ਉਬਲਦਾ ਹੈ । ਜੰਗ-ਮੰਡਲ ਛਡ ਕੇ, ਉਹ ਬਾਲਕਾਂ ਨਾਲ ਲੜਨ ਲਈ ਤੁਰ ਪਏ । ਹਾਥੀ ਗਜਨ ਲਗੇ । ਰਣ-ਨਗਾਰੇ ਵਜਨ ਲਗੇ । ਭਿਆਨਕ ਨਾਦ ਹੋਣ ਲਗਾ । ਸਨੱਧ ਬੱਧ ਯੋਧਿਆਂ ਨੂੰ ਨਾਲ ਲੈ ਕੇ ਉਹ ਤੁਰ ਪਏ ।

Innumeral chieftains and dauntless warriors, were prepared to fight against the valourous hermit-chaps. They were infuriated in rage and boiled up like boiling

Digitized by Panjab Digital Library | www.panjabdigilib.org

water. The huge elephants roared. The trumpets played. Horrible and dreadful din was produced. Alongwith the armoured warriors they sallied forth.

797

ਚਚੱਕ ਚਾਵਡੀ ਨਭੰ ਫਿਕੰਤ ਫਿਕੱਰੀ ਧਰੰ ॥
ਭਖੰਤ ਮਾਸ ਹਾਰਣ ਬਮੰਤ ਜ੍ਵਾਲ ਦਗ੍ਗੰਯੰ ॥
ਪੁਅੰਤ ਪਾਰਬਤੀ ਸਿਰੰ ਨਚੰਤ ਈਸਣੇ ਰਨੰ ॥
ਭਕੰਤ ਭੂਤ ਪ੍ਰੇਤਣੇ ਬਕੰਤ ਬੀਰ ਬੈਤਲੰ ॥

ਅਕਾਸ ਵਿਚ ਇਲਾ ਫਿਰਨ ਲਗੀਆਂ । ਧਰਤੀ ਉਤੇ ਗਿਦੜੀਆਂ ਘੁੰਮਣ ਲਗੀਆ । ਮਾਸ ਖੱਰੇ ਜਾਨਵਰ ਮਾਸ ਖਾਨ ਲਗੇ । ਜਖਮੀਆਂ ਦੇ ਫਟੱੜ ਹੋਏ ਹੋਏ ਮੂੰਹਾਂ ਵਿਚੋਂ ਖੂਨ ਇਉਂ ਵਗਨ ਲਗਾ, ਜਿਵੇਂ ਦੇਵੀ ਦੇ ਮੂੰਹ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਹਨ । ਪਾਰਬਤੀ ਰੁੰਡਾਂ ਦੀ ਮਾਲਾ ਪੋਣ ਲਗੀ । ਯੋਧੇ, ਸ਼ਿਵਜੀ ਵਾਂਗੂੰ ਨਾਚ ਨਚਨ ਲਗੇ । ਭੂਤ ਅਤੇ ਪ੍ਰੇਤ, ਭੰਣ ਲਗੇ ਅੰਤ ਵਿਚ ਯੋਧੇ ਬੇਤਾਲ ਹੋ ਗਏ ।

The falcons flew in the sky. The jackals rambled in the battlefield. The hounds fell incited by taste of blood. The blood gushed out of the mouths of the fatally wounded warriors, like blaze or flames of fire emitted out of the mouth of goddess Kali. The heads were scattered on the ground as if Goddess Durga or wife of Lord Shiva was to prepare their garlands. The warriors fought furiously, and appeared as if they were performing the reputed martial dance of Lord Shiva. Imps, fiends and ghosts rambled and raved. In the end warriors became unharmonious.

Digitized by Panjab Digital Library | www.panjabdigilib.org

798

ਤਿਲਕਾ ਛੰਦ ॥

ਜੁੱਟੇ ਵੀਰੰ ॥ ਛੁਟੇ ਤੀਰੰ ॥
ਫੁਟੇ ਅੰਗੰ ॥ ਤੁੱਟੇ ਤੁੰਗੰ ॥

ਯੋਧੇ ਲੜਨ ਲਈ ਦਟ ਪਏ । ਤੀਰ ਬਰਸਨ ਲੱਗੇ ।
ਅੰਗ ਪਿੰਨ ਗਏ, ਘੋੜਿਆਂ ਦੀਆਂ ਜੀਨਾਂ ਟੁੱਟ ਗਈਆਂ ।

The warriors engaged in a close fight. Arrows were rained. The parts of the bodies were pierced and blown off. The saddles and drills of the horses were crushed.

799

ਭੱਜ ਬੀਰੰ ॥ ਲਗੇ ਤੀਰੰ ॥
ਪਿਖੇ ਰਾਮੰ ॥ ਧਰਮੰ ਧਾਮੰ ॥

ਮਹਾਰਾਜਾ ਪੁਸੋਤਮ ਰਾਮ ਨੇ ਦੇਖਿਆ ਕਿ ਤੀਰਾਂ ਦੀ ਬੁਛਾੜ ਨਾਲ ਉਨਾਂ ਦੇ ਯੋਧੇ ਰਣ ਛਡ ਕੇ ਭੱਜ ਉਠੇ ਹਨ ।

Rama, the incarnate, the excellent in the performance of duties, and the most righteous, found his army fleeing away at the desparate showers of deadly arrows, of the hermit lads.

800

ਜੂਝੇ ਜੋਧੰ ॥ ਮੱਚੇ ਕ੍ਰੋਧੰ ॥
ਬੱਧੇ ਬਾਲੰ ॥ ਬੀਰੰ ਭਾਲੰ ॥

ਕ੍ਰੋਧ ਵਿੱਚ ਜੂਝ ਰਹੇ ਯੋਧਿਆਂ ਨੂੰ ਦੇਹਾ ਬਾਲਾ ਨੇ ਤਲਵਾਰ ਨਾਲ ਪਾਰ ਬਲਾਇਆ ।

Digitized by Panjab Digital Library | www.panjabdigilib.org

The heroic fighters, who fought furiously, violently and frantically, aflamed in extreme wroth, were put to sword by the hermit-boys.

801

ਚੁਕੇ ਫੇਰੰ ॥ ਲਿੰਨੇ ਘੇਰੰ ॥
ਬੀਰੰ ਬਾਲੰ ॥ ਜਿਯੰ ਦ੍ਰੈ ਕਾਲੰ ॥

ਜਿਸ ਵੇਲੇ ਦੁਬਾਰਾ ਆਏ, ਤਾਂ ਦੱਹਾ ਬਾਲਾਂ ਨੇ ਸੂਰਬੀਰਾਂ ਨੂੰ ਇਉਂ ਘੇਰ ਲਿਆ ਜਿਵੇਂ ਕਾਲ ਘੇਰ ਲੈਂਦਾ ਹੈ ।

In the second round, the hermit boys blockaded the chieftains, like the wheel [illegible] or the wh[illegible] of Death.

802

ਤੱਜੀ ਕਾਨ [illegible] ਮਾਨੰ ਬਾਣੰ ॥
ਡਿੱਗੇ ਰਾਨੰ ॥ ਭੱਜੇ ਧੀਰ ॥

ਉਨ੍ਹਾਂ ਨੇ ਤਜ ਕੇ ਜ਼ੋਰ ਨਾਲ ਤੀਰ ਮਾਰੇ, ਅਤੇ ਜੋਧਿਆਂ ਨੂੰ [illegible] ਮਾਰ ਮੁਕਾਇਆ । ਬੇ-ਹੌਸਲੇ ਅਤੇ ਨਿਮਾਨੇ ਹੋ ਕੇ ਸੂਰਬੀਰ [illegible] ਗਏ ।

They rained volleys of arrows, with full force and vigour, and killed the powerful warriors. Helplessly and irresistably the fighters and the heroes, fell in the field.

803

ਕੱਟੇ ਅੰਗੰ ॥ ਡਿਗੇ ਜੰਗੰ ॥
ਸੁੱਧੰ ਸੂਰੰ ॥ ਭਿਣੇ ਨੂਰੰ ॥

Digitized by Panjab Digital Library | www.panjabdigilib.org

ਸੂਰਮਿਆਂ ਦੇ ਅੰਗ ਕਟੇ ਗਏ, ਉਹ ਲਹੂ ਲੁਹਾਨ ਹੋਏ ਹਏ
ਰਣ ਭੂੰਮੀ ਵਿੱਚ ਬੇਸੁਧ ਹੋ ਕੇ ਡਿੱਗ ਪਏ ।

With their limbs blown, off streaming
with gore, the valient warriors dropped
in the warfield unconscious.

804

ਲਖੇ ਨਾਹੰ ॥ ਭੱਜੇ ਜਾਹੰ ॥
ਤਜੇ ਰਾਮ ॥ ਧਰਮੰ ਧਾਮ ॥

ਰਾਮ ਦੇ ਦੇਖਦਿਆਂ ਦੇਖਦਿਆਂ, ਮੁਯਾਦਾ ਪੁਰੱਸ਼ੋਤਮ ਰਾਮ ਨੂੰ
ਛਡ ਕੇ ਸਾਰੇ ਭੱਜ ਗਏ ॥

Within the vision of Rama, the incarnate,
all the warriors took to heels, leaving
him, all by himself.

805

ਅਉਰੇ ਭੇਸੰ ॥ ਖੁਲੇ ਕੇਸ ॥
ਸਸਤ੍ਰ ਛੋਰੇ ॥ ਦੈ ਦੈ ਕੋਰੇ ॥

ਖੁਲੇ ਕੇਸੀ, ਚੋਰਾਂ ਵਾਙੂੰ, ਸ਼ਸ਼ਤਰ ਰਾਮ ਦੀ ਭੇਟਾ
ਕਰ ਕੇ, ਸਭ ਦੌੜ ਗਏ ।

With loosened hair, stealthily, they
fled away, leaving all the weapons in the battle
field like gifts bestowed upon Rama, the
incarnate.

806

ਦੋਹਰਾ

ਦੂਯੋ ਦਿਸਨ ਜੋਧਾ ਹਠੈ ਪਰਯੋ ਜੁੱਧ ਦੈ ਜਾਮ ॥
ਜੂਝ ਸਕਲ ਸੈਨਾ ਗਈ ਰਹਿਗੇ ਏਕਲ ਰਾਮ ॥

Digitized by Panjab Digital Library | www.panjabdigilib.org

ਦੋਹਾ ਪਾਸਿਆਂ ਦੇ ਯੋਧੇ, ਰਣ ਭੂੰਮੀ ਵਿੱਚ ਹਠ ਨਾਲ ਜੰਮ ਕੇ ਲੜੇ । ਅੰਤ ਸਾਰੀ ਸੈਨਾ ਜੂਝ ਗਈ । ਕੇਵਲ ਰਾਮ ਹੀ ਬਾਕੀ ਰਹਿ ਗਏ ।

Heroic warriors, of both the sides fought furiously and indomitably. The whole army was badly smothered. Only Rama, the incarnate, remained alive in the battlefield.

807

ਤਿਹੂੰ ਭ੍ਰਾਤ ਬਿਨ ਭੇ ਹਨਯੋ
ਅਰ ਸਬ ਦਲਹਿ ਸੰਘਾਰ ॥
ਲਵ ਅਰ ਕੁਸ਼ ਜੂਝਨ ਨਿਮਿਤ,
ਲੀਨੇ ਰਾਮ ਹਕਾਰ ॥

ਤਿੰਨਾਂ ਭਰਾਵਾਂ ਨੂੰ ਨਿਰਭੈ ਹੋ ਕੇ ਮਾਰ ਕੇ, ਅਤੇ ਸਾਰੀ ਸੈਨਾ ਦੀ ਤਬਾਹੀ ਕਰ ਕੇ, ਲਵ ਅਤੇ ਕੁਸ਼ ਨੇ ਰਾਮ ਨੂੰ ਜੂਝਨ ਲਈ ਲਲਕਾਰਿਆ ।

After killing the three heroic brothers, undauntedly, and smothering the whole army, Lava and Kusha, challenged Rama, the incarnate.

808

ਸੈਨਾ ਸਕਲ ਜੂਝਾਇ ਕੈ ॥
ਕਤ ਲੈਠੇ ਛਪ ਜਾਇ ॥
ਅਬ ਹਮ ਸੋ ਜੁਮ ਹੂੰ ਲਰੋ ॥
ਸੁਨ ਸੁਨ ਕੌਸਲ ਰਾਇ ॥

ਅਤੇ ਕਹਿਣ ਲਗੇ, "ਐ ਕੌਸ਼ਲ ਦੇ ਰਾਜੇ । ਸਾਰੀ ਸੈਨਾ ਨੂੰ ਮਰਵਾ ਕੇ ਹੁਣ ਕਿਥੇ ਛਿਪ ਗਏ ਹੋ ? ਆਉ ਹੁਣ ਸਾਡੇ ਨਾਲ ਦੋ ਹੱਥ ਕਰ ਕੇ ਦੇਖੋ ।"

Digitized by Panjab Digital Library | www.panjabdigilib.org

The hermit boys said, "O king of Kaushala : where have you hidden and concealed yourself, after getting all the army destroyed. We challenge you for a battle, come and fight a duel with us."

809

ਨਿਰਖ ਬਾਲ ਨਿੱਜ ਰੂਪ ਪੂਭ,
ਰਹੇ ਬੈਠ ਮੁਸਕਾਇ ॥
ਕਵਨ ਤਾਤ ਬਾਲਕ ਤੁਮੈ ॥
ਕਵਨ ਤਿਹਾਰੀ ਮਾਇ ॥

ਰਾਮ ਨੈ, ਬਾਲਕਾਂ ਨੂੰ, ਨਿਰਾਪੁਰਾ ਆਪਣਾ ਹੀ ਰੂਪ ਦੇਖ ਕੇ ਪੁਛਿਆ, "ਐ ਬਾਲਕੋ : ਤੁਸੀ ਕਿਸ ਦੇ ਪੁਤ੍ਰ ਹੋ, ਤੁਹਾਡੇ ਮਾਤਾ ਪਿਤਾ ਦਾ ਕੀ ਨਾਮ ਹੈ ?"

Having seen the hermit boys, looking just like himself, Rama, the incarnate, asked them in curosity, "Hearken Children Who are your parents ? What is the name of your mother and worthy father ?"

810

ਅਕਰਾ ਛੰਦ ॥

ਮਿਥਲਾ ਪੁਰ ਰਾਜਾ ॥ ਜਨਕ ਸਭਾਜਾ ॥
ਤਿਹ ਸਿਸ ਸੀਤਾ ॥ ਅਤਿ ਸੁਭਗੀਤਾ ॥

"ਮਿਥਲਾ ਪੁਰ ਦੇ ਰਾਜੇ ਜਨਕ ਦੀ ਲੜਕੀ ਸੀਤਾ, ਜਿਹੜੀ ਗੀਤਾ ਦੀ ਤਰ੍ਹਾਂ ਪਵਿਤ੍ਰ ਹੈ, ਅਸੀ ਉਸ ਦੇ ਲੜਕੇ ਹਾਂ।"

"We are the sons of worthy mother Sita, who is pious like holy Geeta, daughter of Janaka, the king of Mithla Puri."

Digitized by Panjab Digital Library | www.panjabdigilib.org

811

ਸੋ ਬਨ ਆਏ ॥ ਤਿਹ ਹਮ ਜਾਏ ॥
ਹੈਂ ਦੁਇ ਭਾਇ ॥ ਸੁਨ ਰਘੁਰਾਈ ॥

"ਐ ਰਘੂਰਾਜ ਸੁਣ : ਅਸੀ ਦੋਵੇਂ ਭਰਾ ਹਾਂ । ਜਦੋਂ ਸੀਤਾ ਬਣ ਵਿੱਚ ਆਈ ਸੀ ਤਾਂ ਅਸੀਂ ਪੈਦਾ ਹੋਏ ਸਾਂ ।"

"Listen, O King of Raghu race, we both are brothers, born of Sita, when she was banished in the woods."

812

ਸੁਨ ਸੀਅ ਰਾਨੀ ॥ ਰਘੁਬਰ ਜਾਨੀ ॥
ਚਿਤ ਪਹਿਚਾਨੀ ॥ ਮੁਖ ਨਾ ਬਖਾਨੀ ॥

ਸੀਤਾ ਦਾ ਨਾਮ ਸੁਣਦਿਆਂ ਹੀ ਰਾਮ ਸਭ ਕੁਝ ਸਮਝ ਗਏ । ਪਰ ਮੂੰਹੋਂ ਕੁਝ ਨਾ ਬੋਲੇ ।

Hearing the name of chaste and pure Sita, Rama, the incarnate understood everything but did not give out anything.

813

ਤਿਹ ਸਿਸ ਮਾਨਯੋ ॥ ਅਤਿ ਬਲ ਜਾਨਯੋ ॥
ਹਠਿ ਰਣ ਕੀਨੋ ॥ ਕਹ ਨਹੀ ਦੀਨੋ ॥

ਉਹਨਾਂ ਨੂੰ ਬਾਲਕ ਸਮਝ ਕੇ, ਅਤੇ ਬਲਵਾਨ ਸਮਝ ਕੇ, ਰਾਮ ਨੇ, ਰਣ ਤੋਂ ਵਰਜਿਆ । ਪਰ ਉਹਨਾਂ ਨੇ ਰਣ ਕਰਨ ਲਈ ਹੱਠ ਕੀਤਾ ।

Taking them to be mighty but youg chilldren, Rama, the incarnate, dissuaded them from

Digitized by Panjab Digital Library | www.panjabdigilib.org

fighting. But the children persisted for the duel.

814

ਕਸ ਸਰ ਮਾਰੇ ॥ ਸਿਸ ਨਹੀਂ ਹਾਰੇ ।
ਬਹੁ ਬਿਧ ਬਾਣੰ ॥ ਅਤਿ ਧਨ ਤਾਣੰ ॥

ਬਾਲਕਾਂ ਨੇ ਧਨੁਖ ਨੂੰ ਤਾਣ ਤਾਣ ਕੇ, ਕੱਸ ਕੱਸ ਕੇ ਤੀਰ ਮਾਰੇ । ਜ਼ਰਾ ਪ੍ਰਵਾਹ ਨਾ ਕੀਤੀ ।

Listlessly and unmindfully the children rained volleys of arrows with full vigour and force.

815

ਅੰਗ ਅੰਗ ਬੇਧੇ ॥ ਸਭ ਤਨ ਛੇਦੇ ॥
ਸਭ ਦਲ ਸੂਝੇ ॥ ਰਘੁਬਰ ਜੂਝੇ ॥

ਰਾਮ ਦਾ ਅੰਗ ਅੰਗ ਵਿੰਨ੍ਹ ਦਿਤਾ । ਸਾਰਾ ਤਨ ਛਾਨਣੀ ਛਾਨਣੀ ਕਰ ਦਿੱਤਾ । ਸਾਰੇ ਦਲ ਦੇ ਸਾਹਮਣੇ ਰਘੁਬਰ ਜੂਝ ਗਏ ।

All the limbs of the body of Rama, the incarnate were pierced. The whole body was, badly battered. And within the vision of the whole army, Rama fell down dead, in the battlefield.

816

ਜਬ ਪ੍ਰਭ ਮਾਰੇ ॥ ਸਭ ਦਲ ਹਾਰੇ ॥
ਬਹੁ ਬਿਧਿ ਭਾਗੇ ॥ ਦੁਐ ਸਿਸ ਆਗੇ ॥

ਜਦੋਂ ਪ੍ਰਭੂ ਨੂੰ ਮਾਰ ਦਿਤਾ, ਅਤੇ ਸਾਰੇ ਦਲ ਨੂੰ ਹਰਾ ਦਿਤਾ, ਤਾਂ ਲਵ ਅਤੇ ਕੁਸ਼ ਹੱਸ ਕੇ, [illegible] ਕੋਲ ਗਏ ।

Digitized by Panjab Digital Library | www.panjabdigilib.org

After killing, Lord Rama, the incarnate,
and defeating the army, Lava and Kusha,
ran to join their other play mates.

817

ਫਿਰਨ ਨਿਹਾਰੇ ॥ ਪ੍ਰਭੁ ਨ ਚਿਤਾਰੇ ॥
ਗ੍ਰਿਹ ਦਿਸ ਲੀਨਾ ॥ ਅਸ ਰਣ ਕੀਨਾ ॥

ਫਿਰਦੇ ਫੁਰਦੇ, ਗ੍ਰਿਹ-ਦਿਸ਼ਾ ਨੂੰ ਚਲ ਪਏ, ਅਤੇ ਦਸਨ ਲੱਗੇ ਕਿ ਅਸੀਂ ਰਣ ਜਿੱਤ ਕੇ ਆਏ ਹਾਂ ।

Moving here and there, they proceeded towards
their home and in great delight, they
told about their great victory.

818

ਚੌਪਈ ॥

ਤਬਹੁ ਬਾਲ ਅਜੋਧਨ ਦੇਖਾ ॥
ਮਾਨੋ ਰੁੰਦ੍ ਕ੍ਰੀੜ ਬਨ ਪੇਖਾ ॥
ਕਾਟ ਧੁਜਨ ਕੇ ਬ੍ਰਿਛ ਸਵਾਰੇ ॥
ਭੂਖਨ ਅੰਗ ਅਨੂਪ ਉਤਾਰੇ ॥

ਤਦ ਸਾਰੇ ਬਾਲਕ ਇੱਕਠੇ ਹੋ ਕੇ, ਅਜੋਧਿਆ ਦੇ ਰਾਜੇ ਨੂੰ ਦੇਖਣ ਲਈ ਗਏ । ਉਹਨਾਂ ਨੇ ਕੀ ਦੇਖਿਆ, ਮਾਨੋ ਰਾਮ ਖ਼ੂਨ ਦੀ ਨਦੀ ਵਿਚ ਕ੍ਰੀੜਾ ਕਰ ਰਹੇ ਹਨ । ਝੰਡਿਆਂ ਦਾ ਕਪੜਾ ਲਾਹ ਲਾਹ ਕੇ ਰੁਖਾਂ ਉਤੇ ਟੰਗਣ ਲਗੇ । ਸੋਹਣੇ ਸੋਹਣੇ ਗਹਿਣੇ, ਸਾਰੇ ਸੂਰਬੀਰਾਂ ਦੇ ਉਤਾਰ ਲੀਤੇ ।

All the children congregated themselves
and set forth to see the king of Ayodhya.
It appeared as if he was enjoying his bath
in the stream of blood. The children tore

Digitized by Panjab Digital Library | www.panjabdigilib.org

off banners and decorated the trees with them. They also took off precious jewellery of the heroic warriors, lying dead in the battlefield.

819

ਮੂਰਛ ਭਏ ਸਭ ਲਏ ਉਠਾਈ ।
ਬਾਗ ਸਹਤ ਤਹਗੇ ਜਹ ਮਾਈ ॥
ਦੇਖ ਸੀਅ ਪਤਿ ਮੁਖ ਰੋਇ ਦੀਨਾ ॥
ਕਹਜੇ ਪੁਤ ਬਿਧਵਾ ਮੁਹਿ ਕੀਨਾ ॥

ਜਿੰਨੇ ਯੋਧੇ ਬੇ-ਸੁਰਤ ਹੋਏ ਪਏ ਸਨ, ਉਨਾਂ ਨੂੰ ਚੁਕ ਕੇ, ਕਪੜਿਆਂ ਸਮੇਤ ਉਥੇ ਲੈ ਗਏ, ਜਿਥੇ ਮਾਤਾ ਸੀਤਾ ਬੈਠੀ ਸੀ । ਸੀਤਾ ਨੇ ਜਿਸ ਵੇਲੇ ਪਤੀ ਦਾ ਮੁਖ ਦੇਖਿਆ ਤਾਂ ਰੋਣ ਲਗ ਗਈ ਅਤੇ ਕਹਿਣ ਲਗੀ, "ਹਾਇ : ਹਾਇ : ਪੁਤ੍ਰ ਤੂੰ ਤੇ ਮੈਨੂੰ ਵਿਧਵਾ ਕਰ ਦਿਤਾ ਹੈ ।"

They carried the heroes, who were lying unconscious, alongwith the clothes, to the place where holy mother Sita was seated. When Sita, the pious, saw her Lord amongst them, she bewailed and cried, and said, "O my child : thou hast rendered me a widow."

ਇਤੀ ਸ੍ਰੀ ਬਚਿਤ੍ਰ ਨਾਟਕੇ ਰਾਮਵਤਾਰ
ਲਵ ਬਾਜ ਬਧਵੇ ਰਾਮ ਬਧਹ ॥
ਅਧਯਾਇ ਸਮਾਪਤੰ ॥

820

ਅਥ ਸੀਤਾ ਠੋ ਸਭ ਜੀਵਾਏ ਕਥਨੰ
ਚੌਪਈ ॥

ਅਬ ਮੌਰਚੂ ਕਾਸਟ ਦੇ ਆਨਾ ॥
ਜਰੋਂ ਲਾਗ ਪਤਿ ਜੁਵੇ ਮਸਾਨਾ ॥

Digitized by Panjab Digital Library | www.panjabdigilib.org

ਸੁਨਿ ਮੁਨਿ ਰਾਜ ਬਹੁਤ ਬਿਧਿ ਰੋਏ ॥
ਇਨ ਬਾਲਕ ਹਮਰੇ ਸੁਖ ਖੋਏ ॥

ਤਦ ਸੀਤਾ ਨੈ ਕਿਹਾ ਕਿ, "ਮੈਨੂੰ ਅਗਨੀ ਲਿਆ ਦਿਓ । ਮੈਂ ਪਤੀ ਦੇ ਨਾਲ ਹੀ ਸਤੀ ਹੋਵਾਂਗੀ ।" ਇਹ ਸੁਨ ਕੇ ਮੁਨੀ ਰਾਜ ਬਹੁਤ ਰੋਣ ਲਗੇ, ਕਿ ਇੰਨਾ ਬੱਚਿਆਂ ਨੈ ਸਾਡਾ ਸੁਖ ਨਾਸ ਕਰ ਦਿਤਾ ਹੈ ।

Sita, the chaste and pious, asked
for fire to be brought immediately and
announced that she would immolate herself, on the
funeral pyre of her Lord. There upon the holy hermits
felt distressed and afflicted. They accusd t he children for
destroying and disturbing their peaceful
lives

821

ਜਬ ਸੀਤਾ ਤਨ ਚਾਹਾ ਕਿ ਕਾਢੂੰ ।
ਜੋਗ ਅਗਨਿ ਉਪਰਾਜ ਸੁ ਛਾਡੂੰ ॥
ਤਬ ਇਮ ਭਈ ਗਗਨ ਤੇ ਬਾਣੀ ॥
ਕਹਾ ਭਈ ਸੀਤਾ ਤੈ ਇਆਨੀ ॥

ਤਦ ਸੀਤਾ ਨੈ ਚਾਹਿਆ ਕਿ ਉਹ ਯੋਗ-ਅਗਨ ਦੁਆਰਾ ਆਪਣੇ ਤਨ ਨੂੰ ਭਸਮ ਕਰ ਲਵੇ । ਉਸ ਵੇਲੇ ਆਕਾਸ਼ ਵਾਨੀ ਹੋਈ ਕਿ, "ਹੇ ਸੀਤਾ ਕਿਉਂ ਇਞਾਨਿਆ ਵਾਲੀਆਂ ਗਲਾਂ ਕਰਦੀ ਹੈ ?"

Then the holy Sita desired to burn herself
through the Yogic powers. Instantly
voice from heaven was heard which said,
"Hearken O, holy Sita : Why behave like an
ignorant ?"

Digitized by Panjab Digital Library | www.panjabdigilib.org

822

ਅਰੂਪਾ ਛੰਦ ॥

ਸੁਨੀ ਬਾਨੀ ॥ ਸੀਆ ਰਾਨੀ ॥
ਲਯੋ ਆਨੀ ॥ ਕਰੋ ਪਾਨੀ ॥

ਜਦੋਂ ਸੀਤਾ ਨੇ ਅਕਾਸ਼ ਵਾਨੀ ਸੁਨੀ । ਤਾਂ ਗੜਵੇ ਵਿਚ ਪਾਣੀ ਲਿਆਈ ।

Hearing the voice from the unseen, Sita the holy mother, brought water in a pot.

823

ਸੀਅ ਵਾਚ ਮਨ ਮੋ ॥ ਦੋਹਰਾ ॥

ਜਉ ਮਨ ਬਚ ਕਰਮਨ ਸਹਿਤ
ਰਾਮ ਬਿਨਾ ਨਹੀਂ ਔਰ ॥
ਤਉ ਏ ਰਾਮ ਸਹਿਤ ਜੀਐ
ਕਹਿਯੋ ਸੀਅ ਤਹ ਠੌਰ ॥

ਸੀਤਾ ਨੇ ਮਨ ਹੀ ਮਨ ਵਿਚ ਕਿਹਾ, "ਹੇ ਬਿਧਾਤਾ : ਜੇ ਮੈਂ ਮਨ, ਬਚਨ ਅਤੇ ਕਰਮ ਕਰ ਕੇ, ਰਾਮ ਤੋਂ ਬਿਨਾਂ ਕਿਸੇ ਹੋਰ ਪੁਰਸ਼ ਨੂੰ ਪਤੀ ਨਹੀਂ ਮੰਨਿਆ ਤਾਂ ਰਾਮ ਸੈਨਾ ਦੇ ਸਹਿਤ ਜੀ ਪਵੇ ।"

Sita, the pious, prayed to God the Creater, "If in word, thought and deeds, I have never thought of any other man, as my Lord than Rama, the incarnate, then Rama may get up, and regain life, along with his army."

Digitized by Panjab Digital Library | www.panjabdigilib.org

824

ਅਰੂਪਾ ਛੰਦ ॥

ਸਬੈ ਜਾਗੇ ॥ ਭਰਮੰ ਭਾਗੇ ॥
ਹਠੰ ਤਿਆਗੇ ॥ ਪਗੰ ਲਾਗੇ ॥

ਤਦ ਸਾਰੀ ਸੈਨਾ ਰਾਮ ਸਹਿਤ ਜੀਵਤ ਹੋ ਗਈ । ਸਾਰੇ ਭਰਮ ਦੂਰ ਹੋ ਗਏ । ਹਠ ਤਿਆਗ ਕੇ ਪੈਰੀ ਪੈ ਗਏ ।

The whole army, along with Rama, the incarnat regained spirit and came back to life.
All the doubts, illusions, and misapprehensions vanished. Abandoning arrogance and persistency they clasped her feet.

825

ਸੀਆ ਆਨੀ ॥ ਜਗੰ ਰਾਨੀ ॥
ਧਰਮ ਧਾਨੀ ॥ ਸਤੀ ਮਾਨੀ ॥

ਸੀਤਾ ਨੂੰ ਸਤੀ ਮੰਨ ਕੇ, ਰਾਮ ਵਾਪਸ ਅਜੋਧਿਆ ਲੈ ਗਏ ਅਤੇ ਉਸ ਨੂੰ ਜਗਤ ਦੀ ਰਾਣੀ ਅਤੇ ਧਰਮ ਦੀ ਸੇਂਭਾ ਬਨਾਇਆ ।

Believing Sita to be chaste, pious and
[illegible] Rama, the incarnate, brought her
back to Ayodhya, and reputed her to be the
queen of the world and highly glorified
being righteous.

826

ਮਨੰ ਭਾਈ ॥ ਉਰੰ ਲਾਈ ॥
ਸਤੀ ਜਾਨੀ ॥ ਮਨੰ ਮਾਨੀ ॥

Digitized by Panjab Digital Library | www.panjabdigilib.org

ਸੀਤਾ, ਰਾਮ ਦੇ ਮਨ ਨੂੰ ਫੇਰ ਚੰਗੀ ਲਗਨ ਲਗੀ। ਰਾਮ ਨੇ ਸੀਤਾ ਨੂੰ ਪ੍ਰਵਾਣ ਕਰ ਕੇ ਹਿਰਦੇ ਨਾਲ ਲਗਾਇਆ। ਸਾਰਿਆਂ ਨੇ ਸੀਤਾ ਨੂੰ ਸਤੀ ਮੰਨਿਆ।

Sita, was again accepted as the beloved of Rama, the incarnate. She was re-recognised and acknowledged as his spouse, and appreciated, being devouted, perfectly sacred, high in moral and spiritual excellence and was exalted in society for being devoted to only one man, as her Lord.

827

ਦੋਹਰਾ ॥

ਬਹੁ ਬਿਧਿ ਸੀਅਹਿ ਸਮੋਧ ਕਰ
ਚਲੇ ਅਜੁਧਿਆ ਦੇਸ ॥
ਲਵ ਕੁਸ਼ ਦੋ ਪੁਤੁੱਨ ਸਹਿਤ
ਸ੍ਰੀ ਰਘੁਬੀਰ ਨਰੇਸ ॥

ਬੜੇ ਪਿਆਰ ਭਰੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ, ਰਾਮ, ਸੀਤਾ ਨੂੰ ਅਜੋਧਿਆ ਦੇਸ਼, ਲਵ ਅਤੇ ਕੁਸ਼ ਸਮੇਤ ਲੈ ਗਏ।

Addressing her and blandishing her with polite, gentle, tender affectionate and loving words, Rama the incarnate, the supreme monarch of Ayodhya took her, to his kingdom, along with his worthy sons, Lava and Kusha.

Digitized by Panjab Digital Library | www.panjabdigilib.org

828

ਬਹੁ ਭਾਂਤਿ ਕਰ ਸਿਸਨ ਸਮੋਧਾ ॥
ਸ੍ਰੀ ਰਘੁਬੀਰ ਚਲੇ ਪੁਰ ਅਉਧਾ ॥
ਅਨਿਕ ਬੇਖ ਕੇ ਸਸਤ੍ਰ ਸੁਹਾਏ ॥
ਜਾਨੁਕ ਤੀਨ ਰਾਮ ਬਨ ਆਏ ॥

ਆਪਣੇ ਪੁਤ੍ਰਾਂ ਨਾਲ, ਬੜੀ ਪ੍ਰਕਾਰ ਦੁਆਰਾ, ਸਨੇਹ ਪ੍ਰਗਟ ਕਰਦੇ ਹੋਏ, ਰਾਮ ਬੜੇ ਸੁੰਦ੍ ਬਸਤ੍ਰਾਂ ਨਾਲ ਸੁਸ਼ੋਭਿਤ ਹੋ ਅਵਧ ਨੂੰ ਤੁਰ ਪਏ । ਇਉਂ ਜਾਪਦਾ ਸੀ ਮਾਨੋ ਤਿੰਨ ਰਾਮ ਬਨਾਂ ਤੋਂ ਆ ਰਹੇ ਹੋਣ ।

Expressing his love, affection, joy and delight in various manners, Rama the incarnate foundled and caressed his sons benevolently. Resplendently attired they proceeded towards Avedh. It appeared as if three glorious manifestations of Rama, the incarnate, were arriving from the forest.

829

ਦੋਹਰਾ ॥

ਸੀਤਾ ਦੁਰੂ ਪੁਤ੍ਰਨ ਸਹਿਤ ਪੁਰੀ ਅਵਧ ਪ੍ਰਵੇਸ ॥

ਤਿਹੂੰ ਮਾਤ ਕੰਠਨ ਸੋ ਲਾਇ ॥
ਦੋਊ ਪੁੱਤ੍ ਪਾਇਨ ਲਪਟਾਇ ॥
ਬਹੁਰ ਆਨ ਸੀਤਾ ਪੱਗ ਪਰੀ ॥
ਮਿਟ ਗਈ ਤਹੀ ਦਖਨ ਕੀ ਘਰੀ ॥

ਤਿਨਾਂ ਮਾਤਵਾ ਨੇ ਰਾਮ ਨੂੰ ਹਿਰਦੇ ਨਾਲ ਲਗਾਇਆ । ਫੇਰ ਲਫ ਅਤੇ ਕੁਸ਼ ਮਾਤਾਵਾਂ ਦੇ ਪੈਰੀ ਪਏ । ਉਨਾਂ ਮਗਰੋਂ ਸੀਤਾ ਨੇ ਸਭਨਾਂ ਨੂੰ ਚਰਨ-ਬੰਦਨਾ ਕੀਤੀ। ਇਉਂ ਉਨਾਂ ਦੇ ਦੁਖਾਂ ਦੀ ਘੜੀ ਸਮਾਪਤ ਹੋਈ ।

Digitized by Panjab Digital Library | www.panjabdigilib.org

The three royal mothers, embraced Rama, the incarnate, and pressed him to their throbbing hearts. There upon Lava and Kusha claped the revered feet of the royal mothers. Sita followed immediately afterwards, and offered salutation at the feet of the queen mothers.

830

ਬਾਜ ਮੇਧ ਪੂਰਨ ਕੀਆ ਜੱਗਾ ।
ਕੌਸਲੇਸ ਰਘੁਬੀਰ ਅਭੱਗਾ ॥
ਗ੍ਰਿਹ ਸਪੂਤ ਦੋਊ ਪੂਤ ਸੁਹਾਏ ॥
ਦਸ ਬਦੈਸ ਜੀਤ ਗ੍ਰਿਹ ਆਏ ॥

ਘੋੜੇ ਦੀ ਬਲੀ ਦੇ ਕੇ, ਰਾਮ ਨੇ ਯੱਗ ਨੂੰ ਸੰਪੂਰਨ ਕੀਤਾ । ਦੋਵੇਂ [illegible] ਉਸ ਦੇ ਗ੍ਰਹਿ ਦੀ ਅਤੇ ਰਾਜ ਦੀ ਸੋਭਾ ਵਧਾਨ ਲਗੇ । ਉਨਾਂ ਨੇ ਕਈ ਦੇਸਾਂ ਪ੍ਰਦੇਸਾਂ ਨੂੰ ਜਿਤਿਆ ।

Sacrifice of the horse was made to the deity and performance of the holy Yagya was concluded. Both the worthy sons, glorified his name, exaulted his pride, magnified his kingdom, and brought buss and prosperity for him

831

ਜੋਤਕ ਕਹੇ ਸੁ ਜੱਗ ਬਿਧਾਨਾ ॥
ਬਿਧਿ ਪੂਰਬ ਕੀਠੇ ਤੇ ਨਾਨਾ ॥
ਏਕ ਘਾਟ ਸੱਤ ਕੀਨੇ ਜੱਗਾ ॥
ਚਟ ਪਟ ਚਕ੍ਰ ਇ੦ਦ੍ ਉਠ ਭੱਗਾ ॥

Digitized by Panjab Digital Library | www.panjabdigilib.org

ਇਉਂ ਵਿਧੀ ਪੂਰਬਕ, ਉਨਾ ਨੇ ਛੇ ਯੱਗ ਸੰਪੂਰਨ ਕੀਤੇ । ਇਹ ਦੇਖ ਕੇ ਚਕ੍ਰ ਧਾਰੀ ਇੰਦ੍ ਆਪਣਾ ਸਿੰਘਾਸਨ ਛਡ ਕੇ ਉਠ ਨਸਿਆ ।

In this manner, Rama, the supreme Emperor, performed six sacrifices, according to prescribed orders of cermonial rites. There upon the mighty Lord Indra got agitated and vexed about his royal throne.

832

ਰਾਜ ਸੂਇ ਕੀਨੇ ਦਸ ਬਾਰਾਂ ॥
ਬਾਜ ਮੇਧ ਇੱਕੀਸ ਪ੍ਰਕਾਰਾ ॥
ਗਵਾ ਲੰਭ ਅਜਮੇਧ ਅਨੇਕਾ ॥
ਭੂਪ ਮੇਧ ਕਰ ਸਕੈ ਅਨੇਕਾ ॥

ਰਾਮ ਨੇ, ਇਸ ਪ੍ਰਕਾਰ, ਦਸ ਬਾਰਾ ਰਾਜ ਸੂਇ ਯੱਗ ਕੀਤੇ । ਇੱਕੀ ਅਸ਼ਵਮੇਧ ਯੱਗ ਕੀਤੇ । ਅਨੇਕਾਂ ਹੀ ਗਊ ਮੇਧ ਅਤੇ ਭੂਮ ਮੇਧ ਯੱਗ ਕੀਤੇ ।

Lord Rama, the Supreme Emperor, thus performed ten to twelve Rajsui sacrifices, twenty one Ashwmedha sacrifices, innumerable Gomedha or cow sacrifices, and many [1]Bhup-Sacrifices of kings and men.

833

ਨਾਗ ਮੇਦ ਖੱਟ ਜੱਗ ਕਰਾਏ ॥
ਜੌਨ ਕਰੇ ਜਨਮੇਜਯ ਪਾਏ ॥
ਅੰਤਰ ਗਨਤ ਕਹਾਂ ਲਗ ਜਾਉਂ ॥
ਗ੍ਰੰਥ ਬਢਨ ਤੇ ਹੀਐ ਡਰਾਉਂ ॥

1 Bhup Sacrifice is also called naripmedha or narimedha. In which the sacrifice of the king or human beings is made.

Digitized by Panjab Digital Library | www.panjabdigilib.org

ਇਸੇ ਤਰ੍ਹਾਂ ਰਾਮ ਨੇ ਅੱਠ ਨਾਗ ਮੇਧ ਯੱਗ ਕਰਵਾਏ ।
ਅਤੇ ਕਈ ਸਰਪ ਮੇਧ ਯੱਗ, ਜਿਹੜੇ ਰਾਜਾ ਜਨਮੇਜੇ ਨੇ ਕਰਵਾਏ ਸਨ,
ਉਹ ਕੀਤੇ । ਹੋਰ ਮੈਂ ਕਿਨੇ ਕੁ ਯਗ ਗਿਨਾਂ, ਇਉਂ ਤਾ
ਪੁਸਤਕ ਬਹੁਤ ਵਡੀ ਹੋ ਜਾਵੇਗੀ ।

Rama, the incarnate, performed eight Nagmedhas, in which the sacrifice of the elephant is made, and many sarap medha, sacrifices of the snakes or Nagas, which were ceremoniously performed by Lord Janmeja in his times. Innumerable other sacrifices were held which are not accounted here, to avoid expansion of the volume.

834

ਦਸ ਸਹਸ੍ ਦਸ ਬਰਖ ਪ੍ਰਮਾਨਾ ॥
ਰਾਜ ਕਰਾ ਪੁਰ ਅਉਧ ਨਿਧਾਨਾ ॥
ਤਬ ਲਉ ਕਾਲ ਦਸਾਨੀਯ ਆਈ ॥
ਰਘੁਬਰ ਸਿਰ ਮ੍ਰਿਤ ਡੰਕ ਬਜਾਈ ॥

ਰਾਮ ਨੇ ਦਸ ਹਜ਼ਾਰ ਦਸ ਸਾਲ ਅਯੋਧਿਆ ਵਿੱਚ
ਰਾਜ ਕੀਤਾ । ਤਦ ਕਾਲ ਨੇ ਮੌਤ ਦਾ ਡੰਕਾ ਆਨ
ਵਜਾਇਆ ।

For ten thousand and ten years, Rama, the incarnate, reigned in Avedh. There upon God of death challenged him for mortality.

835

ਨਮਸਕਾਰ ਤਿਹ ਬਿਬਿਧ ਪ੍ਰਕਾਰਾ ॥
ਜਿਨ ਜੱਗ ਜੀਤ ਕਰਯੋ ਬਸ ਸਾਰਾ ॥
ਸਬਹਨ ਸੀਸ ਡੰਕ ਤਿਹ ਬਾਜਾ ॥
ਜੀਤ ਨ ਸਕਾ ਰੰਕ ਅਰ ਰਾਜਾ ॥

Digitized by Panjab Digital Library | www.panjabdigilib.org

ਮੇਰੀ ਉਸ ਕਾਲ ਨੂੰ, ਬਾਰ ਬਾਰ, ਬਹੁ ਪ੍ਰਕਾਰ, ਨਮਸਕਾਰ ਹੈ, ਜਿਸ ਨੇ ਸਾਰਾ ਸੰਸਾਰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ । ਜਿਹੜਾ ਸਭਨਾ ਦੇ ਸਿਰ ਉੱਤੇ ਆਪਣਾ ਡੰਕਾ ਆਨ ਵਜਾਂਦਾ ਹੈ । ਰਾਜੇ ਯਾਂ ਅਰਾਜੇ ਦੀ ਕੋਈ ਭਿੰਨਤਾ ਨਹੀ ਕਰਦਾ ।

Time and again I pay homage and salutation to the supreme wheeler, The Time, who has subjugated the entire universe, and who procrusteans all alike in a uniform manner, differentiating not between a king and a begger.

836

ਦੋਹਰਾ ॥

ਜੇ ਤਿਨ ਕੀ ਸਰਨੀ ਪਰੇ,
ਕਰ ਦੈ ਲਏ ਬਚਾਇ ॥
ਯੋ ਨਾਹੀ ਕੋਈ ਬਾਚਿਯੋ ॥
ਕਿਸਨ ਬਿਸਨ ਰਘੁਰਾਇ ॥

ਜਿਹੜਾ ਇਸ ਦੀ ਸ਼ਰਨੀ ਪੈ ਗਿਆ ਹੈ, ਉਸ ਨੂੰ, ਉਹ ਹੱਥ ਦੇ ਕੇ ਰੱਖ ਲੈਂਦਾ ਹੈ । ਨਹੀਂ ਤੈ, ਕਾਲ ਤੋਂ ਕੋਈ ਨਹੀਂ ਬਚ ਸਕਿਆ । ਨ ਕ੍ਰਿਸ਼ਨ, ਨ ਵਿਸਨੂੰ, ਅਤੇ ਨ ਹੀ ਰਘੁਕੁਲ ਦੇ ਰਾਮ ।

Whosoever saught its protection, was ever saved and protected. Else none could escape or survive from its clutches. Neither, Lord Krishna, nor Lord Vishnu the effulgent, or Rama, the incarnate of the Raghu race.

Digitized by Panjab Digital Library | www.panjabdigilib.org

837

ਚੌਪਈ ਛੰਦ ॥

ਬਹ ਬਿਧ ਕਰਯੋ ਰਾਜ ਕੋ ਸਾਜਾ ॥
ਦੇਸ ਦੇਸ ਕੋ ਜੀਤੇ ਰਾਜਾ ॥
ਸਾਮ ਦਾਮ ਅਰ ਦੰਡ ਸਭੇਦਾ ॥
ਜਿਹਾ ਬਿਧ ਹੁਤੀ ਸਾਸਨਾ ਬੇਦਾ ॥

ਰਾਮ ਨੇ ਬੜਾ ਮੁਦਤ ਰਾਜ ਕੀਤਾ । ਬੜੇ ਦੇਸ਼ਾਂ ਦੇ ਰਾਜਿਆਂ ਨੂੰ ਜਿਤਿਆ ਅਤੇ ਵੇਦਾਂ ਵਿੱਚ ਲਿਖੀ ਵਿਧੀ ਅਨੁਸਾਰ, ਸਾਮ, ਦਾਮ ਦੰਡ, ਭੇਦ-ਚਾਹੀ ਸ਼ਾਸ਼ਨ ਕੀਤਾ ।

Rama, the incarnate, reigned for a long duration. He conquered many kings and ruled in accordance with the [1]four authentic and famous laws of administration recorded in sacred scripture, the holy Vedas.

838

ਬਰਨ ਬਰਨ ਆਪਣੀ ਕ੍ਰਿਤ ਲਾਏ ॥
ਚਾਰ ਚਾਰ ਹੀ ਬਰਨ ਚਲਾਏ ॥
ਛਤ੍ਰੀ ਕਰੇ ਬਿਪਨ ਕੀ ਸੇਵਾ ॥
ਬੈਸ ਲਖੇ ਛੱਤ੍ਰੀ ਕਰ ਦੇਵਾ ॥

ਰਾਮ ਨੇ ਚਾਰ ਵਰਨ ਚਲਾਏ, ਹਰ ਇੱਕ ਵਰਨ ਨੂੰ ਉਸ ਦੇ ਵਿਸ਼ੇਸ ਕੰਮ ਉਤੇ ਨਿਯੁਕਤ ਕੀਤਾ । ਖੱਤ੍ਰੀ ਦਾ ਧਰਮ ਬ੍ਰਾਹਮਣਾ ਦੀ ਸੇਵਾ ਕਰਨਾ ਸੀ । ਅਤੇ ਵੈਸ਼ਾਂ ਦਾ ਧਰਮ ਖਤ੍ਰੀਆਂ ਦੀ ਇਜ਼ਤ ਕਰਨਾ ਅਤੇ ਸੇਵਾ ਕਰਨਾ ਸੀ ।

---

1 The four political stratagem innumerated in the Holy Vedas are (i) Diplomacy (ii) Winning the enemy by offering gifts (iii) Punishment (iv) Divide and rule.

Digitized by Panjab Digital Library | www.panjabdigilib.org

Rama, the incarnate,classified the society into four castes. He assigned one special and foremost duty to each caste. The Kashatria's, specific duty was to serve the Brahmanas. The Vaishas were to be respectful to their superior Kashtrias and serve them.

839

ਸ਼ੂਦ੍ਰ ਸਭਨ ਕੀ ਸੇਵ ਕਮਾਵੈ ॥
ਜਹ ਕੋਈ ਕਹੈ ਤਹੀ ਵਹ ਧਾਵੈ ॥
ਜੈਸਕ ਹੁਤੀ ਬੇਦ ਸਾਸਨਾ ॥
ਨਿਕਸਾ ਤੈਸ ਰਾਮ ਕੀ ਰਸਨਾ ॥

ਸ਼ੂਦ੍ਰਾ ਦਾ ਕੰਮ ਸੀ ਕਿ ਸਭਨਾਂ ਦੀ ਸੇਵਾ ਕਰੇ । ਜਿਥੇ ਕੋਈ ਬਲਾਵੇ, ਉਥੇ ਜਾਵੇ । ਭਾਵ ਕਿ ਜਿਵੇਂ ਵੇਦਾਂ ਵਿਚ ਹੁਕਮ ਲਿਖਿਆ ਸੀ । ਉਸ ਦੇ ਅਨੁਸਾਰ ਹੀ, ਰਾਮ, ਆਪਨੀ ਰਸਨਾ ਤੋਂ ਹੁਕਮ ਫ਼ਰਮਾਂਦੇ ਜਨ ।

The main duty of the Sudras was to serve all the three classes of society. To act in obedience to their orders. Verily Verily, Rama, the incarnate, followed the Sacred Scriptures to their completion and ordered the dictates of Holy Vedic principals.

840

ਰਾਵਣਾਦਿ ਰਣ ਹਾਂਕ ਸੰਘਾਰੇ ॥
ਭਾਂਤ ਭਾਂਤ ਸੇਵਕ ਗਣ ਤਾਰੇ ॥
ਲੰਕਾਂ ਦਈ ਟੰਕ ਜਨ ਦੀਨੋ ॥
ਇਹ ਬਿਧਿ ਰਾਜ ਜਗਤ ਮੈ ਕੀਨੋ ॥

Digitized by Panjab Digital Library | www.panjabdigilib.org

ਰਾਵਣ ਆਦਿ ਦੈਂਤਾਂ ਨੂੰ ਮਾਰ ਕੇ, ਲੰਕਾ ਨੂੰ ਤਲਵਾਰ ਦੇ ਜ਼ੋਰ ਨਾਲ ਜਿੱਤ ਕੇ, ਉਸ ਦਾ ਰਾਜ ਵਿਭਿਖਣ ਨੂੰ ਦੇ ਕੇ, ਉਸ ਨੂੰ ਆਪਣਾ ਦਾਸ ਬਨਾਇਆ । ਇਸੇ ਪ੍ਰਕਾਰ ਹੋਰ ਕਈ ਸੇਵਕਾਂ ਨੂੰ ਤਾਰਿਆ । ਇਸ ਪ੍ਰਕਾਰ ਰਾਮ ਨੇ ਜਗਤ ਵਿਚ ਰਾਜ ਕੀਤਾ ।

Rama, the incarnate, wielded his sceptre and held his sovereignity over the whole earth. He won victory over kings, like mighty Ravanas with the splendour of his sword. He conferred the kingdom of Lanka on Vabhishna and thus converted him as his devotee. In the same manner, innumerable devotees were saved and delivered.

841

ਦੋਹਰਾ ਛੰਦ ॥

ਬਹੁ ਬਰਖਨ ਲੌ ਰਾਮ ਜੀ
ਰਾਜ ਕਰਾ ਆਰਿ ਟਾਲ ॥
ਬ੍ਰਹਮ ਰੰਧ੍ਰ ਕਹ ਫੇਰ ਕੈ
ਭਯੋ ਕੌਸਲਿਆ ਕਾਲ ॥

ਇਉਂ ਰਾਮ ਨੇ ਬਹੁਤ ਸਾਲ ਦੁਸ਼ਮਨਾਂ ਤੋਂ ਬਚ ਕੇ ਰਾਜ ਕੀਤਾ । ਕੁਝ ਸਮੇਂ ਮਗਰੋਂ ਦਸਮ ਦੁਆਰ ਨੂੰ ਤੋੜ ਕੇ ਮਾਤਾ ਕੌਸ਼ਲਿਆ ਦੇ ਪ੍ਰਾਨ ਪੰਖੇਰੂ ਹੋ ਗਏ ਅਤੇ ਉਸ ਦਾ ਦਿਹਾਂਤ ਹੋ ਗਿਆ ।

In this manner, Rama the incarnate, swayed over his realm as the Sovereign monarch. There upon, breaking through the suture, the spirit of queen mother Kaushalya, soar towards Heaven.

Digitized by Panjab Digital Library | www.panjabdigilib.org

842

ਜੈਸ ਮਿਤਰਕ ਕੇ ਹੁਤੇ ਪੁਕਾਰ ॥
ਤੈਸੇ ਕਰੇ ਬੇਦ ਅਨੁਸਾਰ ॥
ਰਾਮ ਸਪੂਤ ਜਾਹਿ ਘਰ ਮਾਹੀ ॥
ਤਾਕਉ ਤੋਟ ਕੌਉ ਕਹ ਨਾਹੀ ॥

ਵੇਦਾਂ ਦੇ ਕਥਨ ਅਨੁਸਾਰ, ਮਾਤਾ ਕੌਸ਼ਲਿਆ ਦੀ ਕ੍ਰਿਆ ਕਰਮ, ਰਾਮ ਵਰਗੇ ਸਪੁਤ੍ਰ ਨੇ ਕੀਤੀ, ਜਿਸ ਦੇ ਘਰ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਸੀ ।

Rama, the incarnate, the Supreme monarch, owner of the entire wealth, property and fortune, without deficiency of any type, like a worthy, dutiful son, performed obsequious rites, in accordance with the Holy Vedic order.

843

ਬਹੁ ਬਿਧਿ ਗਤਿ ਕੀਨੀ ਪ੍ਰਭ ਮਾਤਾ ॥
ਤਬ ਲਉ ਭਈ ਕੈਕਈ ਸ਼ਾਤਾ ॥
ਤਾਕੇ ਮਿਤਰਕ ਸ਼ਮਿਤ੍ਰਾ ਮਰੀ ॥
ਦੇਖਹ ਕਾਲ ਕ੍ਰਿਆ ਕਸ ਕਰੀ ॥

ਆਪਣੀ ਮਾਤਾ ਦੀ ਬਹੁਤ ਪ੍ਰਕਾਰ ਗਤੀ ਕਰ ਕੇ ਹੱਟੇ ਹੀ ਸਠ ਕਿ ਮਾਤਾ ਕੈਕਈ ਦੀ ਮਿਤ੍ਰ ਹੋ ਗਈ । ਉਸ ਦੇ ਮਗਰੋਂ ਕਾਲ ਨੇ ਅਜਿਹਾ ਚਕਰ ਚਲਾਇਆ ਕਿ ਮਾਤਾ ਸੁਮਿਤ੍ਰਾ ਵੀ ਕਾਲ ਵਾਸ ਹੋ ਗਈ ।

Digitized by Panjab Digital Library | www.panjabdigilib.org

Rama, the incarnate, had just concluded the performance of last rites of her queen mother, that the royal mother Kaikey, died. Immediately after her, Time, the great wheeler, held conquest over mother Sumitra.

844

ਏਕ ਦਿਵਸ ਜਾਨਕੀ ਤ੍ਰਿਯਾ ਸਿਖਾ ॥
ਭੀਤ ਭਏ ਰਾਵਣ ਕਹ ਲਿਖਾ ॥
ਜਬ ਰਘੁਬਰ ਤਿਹ ਆਨ ਨਿਹਾਰਾ ॥
ਕਛੁੱਕ ਕੋਪ ਇਮ ਬਚਨ ਉਚਾਰਾ ॥

ਇਕ ਦਿਨ ਜਾਨਕੀ ਦੀਆਂ ਸਹੇਲੀਆਂ ਨੇ ਰਾਵਣ ਅਖਰ ਲਿਖਿਆ । ਜਿਸ ਨੂੰ ਦੇਖਦਿਆਂ ਸੀਤਾ ਭੈ-ਭੀਤ ਹੋ ਗਈ । ਉਪਰੋਂ ਰਾਮ ਰਘੁਬੀਰ ਆ ਗਏ । ਉਨਾਂ ਨੇ ਰਾਵਣ ਅਖਰ ਲਿਖਿਆ ਦੇਖ ਕੇ, ਕ੍ਰੋਧ ਵਿਚ ਇਉਂ ਕਿਹਾ ।

One day, the hand-maids and companion-friends of the royal queen, Janaki, inscribed the name of the demon king Ravana. Immediately after looking at it, Sita got frightened.
All of a sudden, and unexpectedly, Rama, the incarnate, happened to come there. He was infuriated to see the name of the demon king Ravana, and said.

845

ਰਾਮ ਵਾਚ ਮਨ ਸੋ ॥

ਯਾਕੋ ਕਿਛ ਰਾਵਣ ਸੋਂ ਹੋਤਾ ॥
ਤਾਤੇ ਚਿਤ੍ਰੁੱ ਚਿਤ੍ਰ ਕੈ ਦੇਖਾ ॥
ਬਚਨ ਮੁਨਤ ਸੀਤਾ ਭਈ ਰੋਖਾ ॥
ਪ੍ਰਭੂ ਮੋਹਿ ਅਜਹੁੰ ਲਗਾਵਤ ਦੋਖਾ ॥

Digitized by Panjab Digital Library | www.panjabdigilib.org

"ਜੇ ਸੀਤਾ ਨੂੰ ਥੋੜਾ ਜਿੰਨਾ ਵੀ ਰਾਵਣ ਨਾਲ ਪਿਆਰ ਹੈ, ਤਾਂ ਹੀ ਤਾਂ ਇਹ ਉਸ ਦੇ ਚਿਤ੍ਰ ਬਨਾ ਰਹੀ ਹੈ।" ਇਹ ਸੁਣਦਿਆਂ ਹੀ ਸੀਤਾ ਗੁਸੇ ਹੋ ਗਈ ਕਿ ਪ੍ਰਭੂ ਅਜੇ ਵੀ ਮੇਰੇ ਉਤੇ ਸ਼ੱਕ ਕਰਦੇ ਹਨ।

Rama, the incarnate, accused and blamed Sita, for having affection or consideration for the demon King Ravana, the reason for which she was drawing his name. There upon Sita burnt with grief and immensely agitated for still being suspected and doubted about her pure and holy character.

846

ਦੋਹਰਾ ॥

ਜੋ ਮੋਰੇ ਬਚ ਕਰਮ ਕਰ
ਹਿਰਦੇ ਬਸਤ ਰਘੁਰਾਇ ॥
ਪ੍ਰਿਥੀ ਪੋਡ ਮੁਹਿ ਦੀਜਿਐ
ਲੀਜੈ ਮੋਹਿ ਮਿਲਾਇ ॥

ਤਦ ਸੀਤਾ ਨੇ ਪ੍ਰਾਰਥਨਾ ਕੀਤੀ, "ਜੇ ਮੈਂ ਮਨ ਬਚਨ ਅਤੇ ਕਰਮ ਕਰ ਕੇ, ਰਾਮ ਤੋਂ ਬਿਨਾ ਕਿਸੇ ਪਰ ਪੁਰਖ ਨੂੰ ਹਿਰਦੇ ਵਿਚ ਨਹੀਂ ਵਸਾਇਆ ਤਾਂ ਧਰਤੀ ਫੱਟ ਜਾਵੇ ਅਤੇ ਮੈਨੂੰ ਸ਼ਰਨ ਦੇਵੇ।"

There upon, greatly agitated and moved, Sita, the royal queen, uttered the last famous prayer, "In my imagination, if I have ever thought of none, else but Lord Rama, even through words, if I have ever uttered the name of, none else but Lord Rama, through my deeds, if I have, ever acted as a wife, for none else but Lord Rama, then the mother earth may burst and give me protection."

Digitized by Panjab Digital Library | www.panjabdigilib.org

847

ਚੌਪਈ ॥

ਸੁਨਤ ਬਚਨ ਧਰਨੀ ਫਟ ਗਈ ॥
ਲੋਪ ਸੀਅ ਤਿਹ ਭੀਤਰ ਭਈ ॥
ਚਕ੍ਰਿਤ ਰਹੇ ਨਿਰਖ ਰਘੁਰਾਈ ॥
ਰਾਜ ਕਰਨ ਕੀ ਆਸ ਚਕਾਈ ॥

ਇਹ ਸਬਦ, ਸੁਣਦਿਆਂ ਸਾਰ ਧਰਤੀ ਫੱਟ ਗਈ । ਸੀਤਾ ਉਸ ਦੇ ਵਿਚ ਸਮਾ ਗਈ । ਰਾਮ ਹੈਰਾਨ ਹੋ ਕੇ ਦੇਖਦੇ ਹੀ ਰਹਿ ਗਏ । ਉਨਾਂ ਨੇ ਹੁਣ ਰਾਜ ਕਰਨ ਦੀ ਆਸ਼ਾ ਤਿਆਗ ਦਿਤੀ ।

Instantly, after hearing the solemn vow of Holy mother Sita, the Goddess Earth got divided and took Sita in her embrace and disappeared. Rama, the incarnate, was wonder-struck to see the remarkable miracle. Grief-stricken, and highly distressed, he desired to abandon King-ship and renounce his life.

848

ਦੋਹਰਾ ॥

ਇਹ ਜੱਗ ਧੂਅਰੋ ਧੋਲ ਹਰਿ ॥
ਕਿਹ ਕੇ ਆਯੋ ਕਾਮ ॥
ਰਘੁਬੀਰ ਬਿਨ ਸੀਅ ਜੀਐ ।
ਸੀਅ ਬਿਨ ਜੀਐ ਨ ਰਾਮ ॥

ਇਹ ਸੰਸਾਰ ਧੂਏਂ ਦੇ ਮਹੱਲ ਵਾਂਗੂ ਹੈ, ਕਦੀ ਕਿਸੇ ਦੇ ਕੰਮ ਨਹੀਂ ਆਇਆ । ਜਿਵੇਂ ਸੀਤਾ, ਰਾਮ ਬਿਨਾ ਨਹੀਂ ਜੀਉ ਸਕਦੀ ਸੀ, ਤਿਵੇਂ ਰਾਮ ਨੂੰ, ਸੀਤਾ ਬਿਨਾ ਜੀਉਣਾ ਅਸੰਭਵ ਹੋ ਗਿਆ ।

Digitized by Panjab Digital Library / www.panjabdigilib.org

This world is as transitory, false and unserviceable as the smoke of the smouldering fire. As it was difficult, painful and distressing for holy Sita to live without Rama, the incanate; so it became impossible for Rama, to sustain his blameless course of life, without holy Sita.

849

ਚੌਪਈ ॥

ਦੁਆਰੇ ਕਹਯੋ ਬੈਠ ਲਛਮਨਾ ॥
ਪੈਠਨ ਕੋਉ ਪਾਵੈ ਜਨਾ ॥
ਅੰਤਹ ਪੁਰਹਿ ਆਪ ਪੱਗ ਧਾਰਾ ॥
ਦੇਹਿ ਛੋਰ ਮ੍ਰਿਤ ਲੋਕ ਸਿਧਾਰਾ ॥

ਇਕ ਦਿਨ ਰਾਮ ਨੇ, ਦਰਵਾਜੇ ਉਤੇ, ਲਛਮਨ ਨੂੰ ਰਖਵਾਲੀ ਲਈ ਬਿਠਾ ਕੇ, ਹੁਕਮ ਦਿਤਾ ਕਿ ਕਿਸੇ ਨੂੰ ਅਦਰ ਨਾ ਆਉਣ ਦੇਣਾ ਅਤੇ ਆਪ ਰਾਜ ਭਵਨ ਦੇ ਅੰਦਰ ਸੀਤਾ ਦੇ ਮਹਿਲ ਵਿਚ ਚਲੇ ਗਏ ਅਤੇ ਦੇਹ ਤਿਆਗ ਕੇ ਸਵਰਗਾਂ ਨੂੰ ਤੁਰ ਗਏ ।

One day, Rama, the incarnate, entered the inner apartment, of the Royal palace of queen Sita, leaving Lakshmna to stand as sentry at the gate, and not to permit any one to enter. There, Lord Rama the effulgent, shuffled off his mortal coil, and his divine spirit entered heaven.

850

ਦੋਹਰਾ ॥

ਇੰਦ੍ਰ ਮਤੀ ਹਿਤ ਅਜ ਨ੍ਰਿਪੱਤ
ਗ੍ਰਿਹ ਤਜ ਲੀਓ ਜੋਗ ॥

Digitized by Panjab Digital Library | www.panjabdigilib.org

ਤਿਮ ਰਘੁਬਰ ਤਨ ਕੋ ਤਜਾ
ਸੀਆ ਜਾਨਕੀ ਬਿਯੋਗ ॥

ਜਿਵੇਂ ਅੱਜ ਰਾਜੇ ਨੇ ਮਹਾਰਾਣੀ ਇੰਦੁਮਤੀ ਦੀ ਖਾਤ੍ਰ, ਰਾਜ ਪਾਟ
ਤਿਆਗ ਕੇ ਯੋਗ ਧਾਰਨ ਕੀਤਾ ਸੀ, ਤਿਵੇਂ ਰਾਮ, ਰਘੁਬੀਰ ਨੇ
ਸੀਤਾ ਦੇ ਵਿਯੋਗ ਵਿਚ ਆਪਣੇ ਪ੍ਰਾਣ ਤਿਆਗ ਦਿਤੇ ।

Like the reputed king [1]Aj, who renourced
his kingdom, in bereavement of separation
from his loving queen Inder Mati, and
assumed the robes of an ascetic, so, Rama,
